


## ਹੁਣੇ ਮੂਵ ਹੋਣ ਲਈ ਘਰ ਉਪਲੱਬਦ ਹਨ

### ਸਿੰਗਲ ਫੈਮਿਲੀ ਲੇਨਡ ਹੋਮਜ਼


ਸਾਡੇ ਆਧੁਨਿਕ ਅਤੇ ਵਿਸ਼ਾਲ ਸਿੰਗਲ ਫੈਮਿਲੀ ਅਤੇ ਡੁਪਲੈਕਸ ਹੋਮਸ ਸਾਊਥ ਪੁਆਇੰਟ ਦੇ 70-ਏਕੜ ਮਾਸਟਰ ਪਲੈਨਡ ਕਮਿਊਨਿਟੀ 'ਤੇ ਏਅਰਡਰੀ ਦੇ ਦਿਲ ਵਿੱਚ ਉੱਚ ਪੱਧਰੀ, ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।

ਸਾਰੇ ਲੇਨ ਵਾਲੇ ਅਤੇ ਡੁਪਲੈਕਸ ਛੇਤੀ ਛੇਤੀ ਕਬਜ਼ੇ ਵਾਲੇ ਘਰਾਂ ਵਿੱਚ ਸ਼ਾਮਲ ਹਨ:

- 9 ਫੁੱਟ ਉੱਚੀ ਬੇਸਮੈਂਟ
- ਸਾਰੇ ਘਰ ਵਿੱਚ ਕੁਆਰਟਜ ਕਾਊਂਟਰ ਟੌਪ
- ਲਗਜਰੀ ਵਾਈਨਲ ਪਲੈਂਕ ਫਲੋਰਿੰਗ
- ਕਿਚਨ ਵਿੱਚ ਐਲ ਈ ਡੀ ਪੌਟ ਲਾਈਟ ਪੈਕਿਜ
- ਬੇਸਮੈਂਟ ਦਾ ਸਾਈਡ ਦਰਵਾਜਾ (ਸਿਰਫ ਲੇਨਡ ਹੋਮਜ਼ ਲਈ)






### ਫ੍ਰੀਹੋਲਡ ਰੋਅ ਹੋਮਜ਼

ਸਾਡੇ ਘਰਾਂ ਵਿੱਚੋਂ ਸਭ ਤੋਂ ਆਲੀਸ਼ਾਨ ਅਤੇ ਵਰਤੋਂ ਯੋਗ ਘਰ ਜੋ ਤੁਹਾਡੇ ਪਰਿਵਾਰ ਦੀ ਲੋੜ ਨੂੰ ਪੂਰਾ ਕਰਦੇ ਹਨ। ਵਿਸ਼ੇਸ਼ ਧਿਆਨ ਨਾਲ ਡਿਜ਼ਾਈਨ ਕੀਤੇ ਗਏ ਇਹ ਘਰ 1,599 ਸਕੇਅਰ ਫੁੱਟ ਤੋਂ ਲੈਕੇ 1,727 ਸਕੇਅਰ ਫੁੱਟ ਤੱਕ ਇਸ ਵਿੱਚ ਸ਼ਾਮਲ ਹਨ :-

- 3 ਬੈੱਡਰੂਮ + ਦਫਤਰ
- 2.5 ਬਾਥਰੂਮ
- ਡਬਲ ਡੀਟੈਚਡ ਗੈਰੇਜ + ਪੂਰਾ ਕੰਕਰੀਟ ਡਰਾਈਵਵੇਅ
- ਅੱਗੇ ਅਤੇ ਪਿੱਛੇ ਪੂਰੀ ਤਰ੍ਹਾਂ ਲੈਂਡਸਕੇਪਡ
- + ਵਿਹੜੇ ਵਿੱਚ ਫੈਂਸ
- ਘਰ ਦੇ ਸਾਹਮਣੇ ਪਾਰਕ ਵਿੱਚ ਵੀ



SHOWHOMES NOW OPEN 403.980.1979 | VESTASOUTHPOINT.COM
600 South Point Heath SW, Airdrie, AB

VESTA PROPERTIES

# ਹਾਰ ਜਾਣ ਉਪਰੰਤ ਵੀ ਐਨ ਡੀ ਪੀ ਲੀਡਰ ਰੈਚੇਲ ਨੌਟਲੀ ਨੇ ਬਿਹਤਰ ਭਵਿੱਖ ਲਈ ਕੰਮ ਕਰਨਾ ਜਾਰੀ ਰੱਖਣ ਦਾ ਵਾਅਦਾ ਕੀਤਾ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਐਨਡੀਪੀ ਲੀਡਰ ਰੈਚਲ ਨੌਟਲੀ ਨੇ ਯੂਸੀਪੀ ਸਰਕਾਰ ਨੂੰ ਜਵਾਬਦੇਹ ਬਣਾਉਣ ਅਤੇ ਅਲਬਰਟਾ ਐਨਡੀਪੀ ਨੂੰ ਅਧਿਕਾਰਤ ਵਿਰੋਧੀ ਧਿਰ ਘੋਸ਼ਿਤ ਕੀਤੇ ਜਾਣ ਕਾਰਨ ਸਾਰੇ ਅਲਬਰਟਾ ਵਾਸੀਆਂ ਲਈ ਇੱਕ ਬਿਹਤਰ ਭਵਿੱਖ ਲਈ ਲੜਨ ਦਾ ਵਾਅਦਾ ਕੀਤਾ ਹੈ। ਉਹਨਾਂ ਕਿਹਾ ਕਿ "ਮੈਂ ਅਲਬਰਟਾ ਦੇ ਲੋਕਾਂ ਦਾ ਬਹੁਤ ਧੰਨਵਾਦ ਅਤੇ ਮਾਣ ਮਹਿਸੂਸ ਕਰਦੀ ਹਾਂ - ਜਿਹੜੇ ਪਾਰਟੀ ਨਾਲ ਖੜੇ ਅਤੇ ਇੱਕ ਬਿਹਤਰ ਭਵਿੱਖ ਲਈ ਆਪਣਾ ਸਮਰਥਨ ਦਿੱਤਾ, ਕਿਉਂਕਿ ਪਾਰਟੀ ਨੇ ਇਹਨਾਂ ਚੋਣਾਂ ਵਿੱਚ 87 ਵਿੱਚੋਂ 38 ਸੀਟਾਂ ਜਿੱਤੀਆਂ ਸਨ। ਹਾਲਾਂਕਿ ਅਸੀਂ ਉਹ ਨਤੀਜਾ ਪ੍ਰਾਪਤ ਨਹੀਂ ਕਰ ਸਕੇ ਜੋ ਅਸੀਂ ਚਾਹੁੰਦੇ ਸੀ, ਅਸੀਂ ਇਸ ਵੱਲ ਇੱਕ ਵੱਡਾ ਕਦਮ ਚੁੱਕਿਆ। ਇਸ ਮੁਹਿੰਮ ਰਾਹੀਂ ਸਾਡੀ ਪਾਰਟੀ ਦਾ ਬੇਮਿਸਾਲ ਵਾਧਾ ਚੰਗੇ ਭਵਿੱਖ ਵੱਲ ਇਸ਼ਾਰਾ ਹੈ। ਅਲਬਰਟਾ ਵਾਸੀਆਂ ਨੇ ਨੇ ਵਿਆਪਕ ਤਜ਼ਰਬੇ ਅਤੇ ਪਿਛੋਕੜ ਵਾਲੇ ਪੂਰੇ ਸੂਬੇ ਤੋਂ ਐਨਡੀਪੀ ਦੇ ਵਿਧਾਇਕ ਚੁਣੇ ਹਨ।



ਉਹਨਾਂ ਪਾਰਟੀ ਵਲੰਟੀਅਰਾਂ ਅਤੇ ਸਮਰਥਕਾਂ ਦਾ ਧੰਨਵਾਦ ਕੀਤਾ, ਅਤੇ ਅਲਬਰਟਾ ਵਾਸੀਆਂ ਦੀਆਂ ਤਰਜੀਹਾਂ ਲਈ ਲੜਨਾ ਜਾਰੀ ਰੱਖਣ ਦਾ ਵਾਅਦਾ ਕੀਤਾ, ਜਿਸ ਵਿੱਚ ਜਨਤਕ ਸਿਹਤ ਦੇਖਭਾਲ ਨੂੰ ਠੀਕ ਕਰਨਾ, ਰਹਿਣ-ਸਹਿਣ ਦੀਆਂ ਲਾਗਤਾਂ ਨੂੰ ਘਟਾਉਣਾ ਅਤੇ ਆਰਥਿਕਤਾ ਨੂੰ ਵਧਾਉਣਾ ਸ਼ਾਮਲ ਹੈ।

ਹੁਣ ਹਾਰ ਮੰਨਣ ਦਾ ਸਮਾਂ ਨਹੀਂ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਅੱਗੇ ਵਧੀਏ ਅਤੇ ਉਹ ਕੰਮ ਕਰੀਏ ਜੋ ਸਾਨੂੰ ਅਲਬਰਟਾ ਵਾਸੀਆਂ ਨੇ ਕਰਨ ਲਈ ਚੁਣਿਆ ਹੈ। ਜਦੋਂ ਇਹ ਸਰਕਾਰ ਅਲਬਰਟਾ ਵਾਸੀਆਂ ਦੀ ਗੱਲ ਸੁਣਨ ਤੋਂ ਇਨਕਾਰ ਕਰੇਗੀ ਤਾਂ ਅਸੀਂ ਤੁਹਾਡੀ ਆਵਾਜ਼ ਬਣਾਂਗੇ।"

# ਇਮਰਾਨ ਖਾਨ ਦੇ ਪਿਸ਼ਾਬ ਦੇ ਨਮੂਨੇ ਵਿੱਚ ਅਲਕੋਹਲ ਅਤੇ ਕੋਕੀਨ ਪਾਇਆ ਗਿਆ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਸਰਕਾਰ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਮੈਡੀਕਲ ਰਿਪੋਰਟ ਜਾਰੀ ਕਰ ਦਿੱਤੀ ਹੈ। ਖਾਨ ਨੂੰ 9 ਮਈ ਨੂੰ ਰਾਸ਼ਟਰੀ ਜਵਾਬਦੇਹੀ ਬਿਊਰੋ ਭਾਵ ਐਨਬੀ ਨੇ 60 ਅਰਬ ਰੁਪਏ ਦੇ ਅਲ ਕਾਦਿਰ ਟਰੱਸਟ ਘੁਟਾਲੇ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਸੀ। ਹਿਰਾਸਤ 'ਚ ਲੈਣ ਤੋਂ ਬਾਅਦ ਖਾਨ ਦਾ ਮੈਡੀਕਲ ਟੈਸਟ ਕੀਤਾ ਗਿਆ। ਇਹ ਰਿਪੋਰਟ ਆਉਣ ਤੋਂ ਪਹਿਲਾਂ ਹੀ ਸੁਪਰੀਮ ਕੋਰਟ ਨੇ ਖਾਨ ਨੂੰ ਸਾਰੇ ਮਾਮਲਿਆਂ ਵਿੱਚ ਜ਼ਮਾਨਤ ਦੇ ਦਿੱਤੀ ਸੀ। ਹੁਣ ਇਸ ਰਿਪੋਰਟ ਦੇ ਕੁੱਝ ਹਿੱਸੇ ਸਿਹਤ ਮੰਤਰੀ ਅਬਦੁਲ ਕਾਦਿਰ ਪਟੇਲ ਨੇ ਪ੍ਰੈਸ ਕਾਨਫਰੰਸ ਵਿੱਚ ਪੜ੍ਹ ਕੇ ਸੁਣਾਏ। ਉਨਾ ਕਿਹਾ ਕਿ ਇਮਰਾਨ ਲਗਾਤਾਰ ਦਾਅਵਾ ਕਰਦਾ ਰਿਹਾ ਕਿ 7 ਮਹੀਨੇ ਪਹਿਲਾਂ ਵਜ਼ੀਰਾਬਾਦ 'ਚ ਉਸ 'ਤੇ ਜਾਨਲੇਵਾ ਹਮਲਾ ਹੋਇਆ ਸੀ, ਜਿਸ 'ਚ ਉਸ ਦੀ ਲੱਤ 'ਚ ਗੋਲੀ ਲੱਗੀ ਸੀ। ਉਹ 6 ਮਹੀਨੇ ਜਿੱਥੇ ਵੀ ਜਾਂਦਾ ਸੀ, ਲੱਤ 'ਤੇ ਪਲਾਸਟਰ ਲਗਾ ਕੇ ਜਾਂਦਾ ਸੀ। ਸੀਨੀਅਰ ਡਾਕਟਰਾਂ ਦੇ ਪੈਨਲ ਦੁਆਰਾ ਦਿੱਤੀ ਗਈ ਰਿਪੋਰਟ ਵਿੱਚ, ਫ੍ਰੈਕਚਰ ਤਾਂ ਕੀ ਇੱਕ ਝਰੀਟ ਵੀ ਨਹੀਂ ਮਿਲੀ



ਉਨਾ ਅੱਗੇ ਕਿਹਾ ਕਿ ਖਾਨ ਦੇ ਪਿਸ਼ਾਬ ਦੇ ਨਮੂਨੇ ਵਿੱਚ ਅਲਕੋਹਲ ਅਤੇ ਕੋਕੀਨ ਪਾਇਆ ਗਿਆ ਹੈ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਖਾਨ ਨੂੰ ਮਾਨਸਿਕ ਤੌਰ 'ਤੇ ਅਨਫਿਟ ਕਰਾਰ ਦਿੱਤਾ ਗਿਆ ਹੈ। ਉਨਾ ਆਖਿਆ ਸੋਚੋ, ਇਹ ਸ਼ਖ਼ਸ ਤਕਰੀਬਨ ਚਾਰ ਸਾਲ ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਰਿਹਾ ਹੈ। ਮੀਡੀਆ ਦੇ ਸਵਾਲਾਂ ਦੇ ਜਵਾਬ ਵਿੱਚ ਪਟੇਲ ਨੇ ਕਿਹਾ - ਖਾਨ ਦੀ ਮੈਡੀਕਲ ਰਿਪੋਰਟ ਇਸ ਲਈ ਜਾਰੀ ਕੀਤੀ ਜਾ ਰਹੀ ਹੈ ਕਿਉਂਕਿ ਇਹ ਇੱਕ ਜਨਤਕ ਦਸਤਾਵੇਜ਼ ਹੈ। ਇਸ ਨਸ਼ੇੜੀ ਨੇ ਪਾਕਿਸਤਾਨ ਦੇ ਨੌਜਵਾਨਾਂ ਨੂੰ ਵੀ ਗਲਤ ਰਸਤੇ 'ਤੇ ਪਾ ਦਿੱਤਾ ਹੈ ਅਤੇ ਡਾਕਟਰਾਂ ਨੇ ਸਾਫ਼ ਕਿਹਾ ਹੈ ਕਿ ਇਮਰਾਨ ਮਾਨਸਿਕ ਤੌਰ 'ਤੇ ਤੰਦਰੁਸਤ ਨਹੀਂ ਹੈ।

# ਸਿੱਖ ਮੋਟਰਸਾਈਕਲ ਕਲੱਬ ਦੇ ਮੈਂਬਰਾਂ ਦਾ ਕਾਫਿਲਾ ਹੁਣ ਅਲਾਸਕਾ ਵੱਲ ਚਾਲੇ ਪਾਵੇਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿੱਖ ਮੋਟਰਸਾਈਕਲ ਕਲੱਬ ਹੁਣ ਕਿਸੇ ਪਹਿਚਾਣ ਦਾ ਮੋਹਤਾਜ ਨਹੀਂ ਰਿਹਾ ਜਿਸ ਨੇ ਹਰ ਪੱਖੋਂ ਕੈਨੇਡੀਅਨਜ਼ ਦੀ ਮੱਦਦ ਕੀਤੀ ਹੈ। ਕਲੱਬ ਦੇ ਓਨਟਾਰੀਓ ਚੈਪਟਰ ਵੱਲੋਂ ਫਰੰਟਲਾਈਨ ਵਰਕਰਜ਼ ਦੀ ਮੱਦਦ, ਹੜ੍ਹਾਂ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਮੱਦਦ ਕਰਨ ਤੇ ਹੋਰ ਲੋੜਵੰਦਾ ਲਈ ਮੱਦਦ ਦਾ ਹੱਥ ਅੱਗੇ ਵਧਾਉਣ ਤੋਂ ਕਦੇ ਟਾਲਾ ਨਹੀਂ ਵੱਟਿਆ ਗਿਆ। ਹੁਣ ਤੱਕ ਸਿੱਖ ਮੋਟਰਸਾਈਕਲ ਕਲੱਬ 10 ਲੱਖ 47,000 ਡਾਲਰ ਦੀ ਮੱਦਦ ਮੁਹੱਈਆ ਕਰਵਾ ਚੁੱਕਿਆ ਹੈ। ਹੁਣ ਸਿੱਖ ਮੋਟਰਸਾਈਕਲ ਕਲੱਬ ਵੱਲੋਂ ਦੇਸ਼ ਦੀ ਰਾਖੀ ਲਈ ਸੇਵਾਵਾਂ ਨਿਭਾਉਣ ਸਮੇਂ ਅਪਾਹਜ ਹੋ ਚੁੱਕੇ ਸੈਨਿਕਾਂ ਦੀ ਮਦਦ ਲਈ "ਰਾਈਡ ਫੌਰ ਹੀਰੋਜ਼" ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਤਹਿਤ ਪਹਿਲੀ ਜੁਲਾਈ ਤੋਂ ਸਿੱਖ ਮੋਟਰਸਾਈਕਲ ਕਲੱਬ ਦੇ ਮੈਂਬਰਾਂ ਦਾ ਕਾਫਿਲਾ ਅਲਾਸਕਾ ਵੱਲ ਚਾਲੇ ਪਾਵੇਗਾ। ਇਸ ਦੌਰਾਨ ਇਨ੍ਹਾਂ ਸੈਨਿਕਾਂ ਦੀ ਮੱਦਦ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਤੇ ਇਨ੍ਹਾਂ ਦੀ ਮੱਦਦ ਲਈ ਫੰਡ ਇਕੱਤਰ ਕੀਤਾ ਜਾਵੇਗਾ।

# ਅਸਾਲਟ ਟਾਈਪ ਰਾਈਫ਼ਲਾਂ ਉੱਪਰ ਬੈਨ ਵਾਲਾ ਬਿੱਲ ਸੀ-21 ਦੇ ਹੱਕ ਵਿੱਚ 207 ਅਤੇ ਵਿਰੋਧ ਵਿੱਚ 113 ਵੋਟਾਂ ਪਈਆਂ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਦਾ ਗੰਨ ਕੰਟਰੋਲ ਬਿਲ ਸੀ -21 ਹਾਊਸ ਆਫ ਕਾਮਨਜ਼ ਵਿਚ ਪਾਸ ਹੋ ਗਿਆ ਹੈ ਇੱਕ ਪਾਸੇ ਜਿਥੇ ਇਸ ਬਿੱਲ ਦੇ ਹੱਕ ਵਿੱਚ ਵੋਟਾਂ ਪਾਉਣ ਵਾਲੇ ਜ਼ਿਆਦਾਤਰ ਪਾਰਲੀਮੈਂਟ ਮੈਂਬਰਾਂ ਨੂੰ ਇਸ ਬਿਲ ਦੇ ਸੈਨੇਟ ਵਿੱਚ ਪਾਸ ਹੋਣ ਦੀ ਉਮੀਦ ਹੈ ਤਾਂ ਦੂਜੇ ਪਾਸੇ ਲਿਬਰਲ ਪਾਰਟੀ ਦੇ ਦੋ ਐਮ ਪੀ ਜੋ ਨਾਰਦਨ ਰਾਈਡਿੰਗਜ਼ ਦੀ ਤਰਜਮਾਨੀ ਕਰਦੇ ਹਨ ਨੇ



ਕੰਜ਼ਰਵੇਟਿਵ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਵਾਂਗ ਹੀ ਇਸ ਬਿੱਲ ਦੇ ਵਿਰੋਧ ਵਿੱਚ ਵੋਟ ਪਾਈ। ਵਰਨਣਯੋਗ ਹੈ ਕਿ ਇਹ ਬਿੱਲ ਪਿਛਲੇ ਸਾਲ ਮਈ ਮਹੀਨੇ ਵਿਚ ਪੇਸ਼ ਕੀਤਾ ਗਿਆ ਸੀ। ਹੁਣ ਜੇਕਰ ਸੈਨੇਟ ਵਿੱਚ ਪਾਸ ਹੋਣ ਉਪਰੰਤ ਇਹ ਬਿਲ ਕਾਨੂੰਨ ਦਾ ਰੂਪ ਧਾਰਨ ਕਰ ਲੈਂਦਾ ਹੈ ਤਾਂ ਇਸ ਨਾਲ ਅਸਾਲਟ ਟਾਈਪ ਰਾਈਫਲਾਂ ਉਪਰ ਪੱਕੇ ਤੌਰ ਤੇ ਬੈਨ ਲੱਗ ਜਾਵੇਗਾ। ਇਸ ਕਾਨੂੰਨ ਨਾਲ ਗਹੋਸਟ ਗੁਨਸ ਬਨਾ?ਣ ਜਾਂ ਖਰੀਦਣ ਉਪਰ ਰੋਕ ਹੋਵੇਗੀ। ਇਸ ਬਿਲ ਦੇ ਕਾਨੂੰਨ ਬਣਨ ਉਪਰੰਤ ਇਸ ਦੀ ਤਕਨੀਕੀ ਪਰਿਭਾਸ਼ਾ ਦੇ ਪਾਰਲੀਮੈਂਟਰੀ ਰਵਿਊ ਲਈ ਪੰਜ ਸਾਲ ਦਾ ਸਮਾਂ ਲੱਗੇਗਾ। ਵਰਨਣਯੋਗ ਹੈ ਕਿ ਇਸ ਬਿਲ ਦੇ ਹੱਕ ਵਿੱਚ ਸੱਤਧਾਰੀ ਲਿਬਰਲ ਪਾਰਟੀ ਤੋਂ ਇਲਾਵਾ ਬਲਾਕ ਕਿਉਬਕਵਾ , ਐਨ ਡੀ ਪੀ ਅਤੇ ਗਰੀਨ ਪਾਰਟੀ ਦੇ ਪਾਰਲੀਮੈਂਟ ਮੈਂਬਰਾਂ ਵੱਲੋਂ ਵੋਟ ਪਾਈ ਗਈ ਜਦਕਿ ਕੰਜ਼ਰਵਟਿਵ ਪਾਰਟੀ ਅਤੇ ਦੋ ਲਿਬਰਲ ਮੈਂਬਰਾਂ ਨੇ ਇਸ ਦੇ ਵਿਰੋਧ ਵਿੱਚ ਵੋਟਾਂ ਪਾਈਆਂ। ਇਸ ਬਿਲ ਦੇ ਹੱਕ ਵਿੱਚ 207 ਜਦੋਂ ਕਿ ਵਿਰੋਧ ਵਿਚ 113 ਵੋਟਾਂ ਪਈਆਂ।

# ਮੁੰਬਈ ਅੱਤਵਾਦੀ ਹਮਲਿਆਂ ਦੇ ਮੁਲਜ਼ਮ ਪਾਕਿ ਮੂਲ ਦੇ ਰਾਣਾ ਤਹੱਵੁਰ ਨੂੰ ਭਾਰਤ ਭੇਜਿਆ ਜਾ ਸਕਦਾ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੀ ਇੱਕ ਅਦਾਲਤ ਨੇ 2008 ਦੇ ਮੁੰਬਈ ਅੱਤਵਾਦੀ ਹਮਲਿਆਂ ਦੇ ਮੁਲਜ਼ਮ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਕਾਰੋਬਾਰੀ ਤਹੱਵੁਰ ਰਾਣਾ ਦੀ ਭਾਰਤ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੈਲੀਫੋਰਨੀਆ ਦੀ ਅਦਾਲਤ ਨੇ ਕਿਹਾ ਕਿ ਅਮਰੀਕਾ ਦੀ ਜੇਲ੍ਹ ਵਿੱਚ ਬੰਦ 26/11 ਹਮਲੇ ਵਿੱਚ ਲੋੜੀਂਦੇ ਰਾਣਾ ਨੂੰ ਭਾਰਤ ਭੇਜਿਆ ਜਾ ਸਕਦਾ ਹੈ।

ਭਾਰਤ ਨੇ 10 ਜੂਨ, 2020 ਨੂੰ ਹਵਾਲਗੀ ਦੇ ਮੱਦੇਨਜ਼ਰ 62 ਸਾਲਾ ਰਾਣਾ ਦੀ ਆਰਜ਼ੀ ਗ੍ਰਿਫਤਾਰੀ ਦੀ ਮੰਗ ਕਰਦੇ ਹੋਏ ਸ਼ਿਕਾਇਤ ਦਰਜ ਕਰਵਾਈ ਸੀ। ਬਾਈਡਨ ਪ੍ਰਸ਼ਾਸਨ ਨੇ ਰਾਣਾ ਦੀ ਭਾਰਤ ਹਵਾਲਗੀ ਦਾ ਸਮਰਥਨ ਕੀਤਾ ਸੀ ਅਤੇ ਮਨਜ਼ੂਰੀ ਦਿੱਤੀ ਸੀ। ਆਪਣੇ ਦੇ 48 ਪੰਨਿਆਂ ਦੇ ਹੁਕਮ ਵਿੱਚ, ਯੂਐਸ ਡਿਸਟ੍ਰਿਕਟ ਕੋਰਟ ਸੈਂਟਰਲ ਡਿਸਟ੍ਰਿਕਟ ਆਫ ਕੈਲੀਫੋਰਨੀਆ ਦੇ ਮੈਜਿਸਟਰੇਟ ਜੱਜ ਜੈਕਲੀਨ ਨੇ ਕਿਹਾ ਕਿ ਅਦਾਲਤ ਨੇ ਬੇਨਤੀ ਦੇ ਸਮਰਥਨ ਅਤੇ ਵਿਰੋਧ ਵਿੱਚ ਪੇਸ਼ ਕੀਤੇ ਗਏ ਸਾਰੇ ਦਸਤਾਵੇਜ਼ਾਂ ਦੀ ਸਮੀਖਿਆ ਕੀਤੀ ਹੈ ਅਤੇ ਉਹਨਾਂ ਦੇ ਆਧਾਰ ਤੇ ਪੇਸ਼ ਕੀਤੀਆਂ ਗਈਆਂ ਦਲੀਲਾਂ ਸੁਣਵਾਈ 'ਤੇ ਅਦਾਲਤ ਨੇ ਸਿੱਟਾ ਕੱਢਿਆ ਹੈ ਕਿ ਰਾਣਾ ਉਨ੍ਹਾਂ ਅਪਰਾਧਾਂ ਲਈ ਹਵਾਲਗੀਯੋਗ ਹੈ ਜਿਨ੍ਹਾਂ ਲਈ ਉਸ ਦੀ ਹਵਾਲਗੀ ਦੀ ਬੇਨਤੀ ਕੀਤੀ ਗਈ ਸੀ।










# ਜਦੋਂ ਐਡਮਿੰਟਨ ਵਿੱਚ ਪੰਜਾਬੀ ਲੋਕ ਨਾਚਾਂ ਦਾ ਦਰਿਆ ਵਗਿਆ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਦੁਨੀਆ ਦੇ ਕਿਸੇ ਵੀ ਖਿੱਤੇ ਵਿੱਚ ਗਏ ਤਾਂ ਉਹ ਆਪਣਾ ਵਿਰਸਾ ਵੀ ਨਾਲ ਹੀ ਲੈਕੇ ਗਏ ਹਨ। ਜਿਹਦੇ ਵਿੱਚ ਨੱਚਣ ਟੱਪਣ ਦੀ ਪੰਜਾਬੀ ਵਿਰਾਸਤ ਵੀ ਉਹਨਾਂ ਦੇ ਨਾਲ ਹੀ ਆ ਗਈ । ਕਨੇਡਾ ਦੇ ਐਡਮੰਟਨ ਸਹਿਰ ਆਈ ਇਸ ਵਿਰਾਸਤ ਨੇ ਪੰਜਾਬੀ ਫੋਕ ਡਾਂਸ ਅਕੈਡਮੀ ਦੇ ਡਾਇਰੈਕਟਰ ਗੁਰਸੇਵਕ ਸਿੱਧੂ ਦੀ ਨਿਰਦੇਸ਼ਨਾ ਹੇਠ ਅਜਿਹਾ ਰੰਗ ਬੰਨਿਆ ਕਿ ਸਮੁੱਚੇ ਐਡਮੰਟਨ



ਵਾਸੀ ਅੱਸ਼ ਅੱਸ਼ ਕਰ ਉੱਠੇ । 270 ਤੋਂ ਵੱਧ ਬੱਚਿਆਂ ਨੇ ਆਪਣੀ ਅਦਾਕਾਰੀ ਦਾ ਲੋਹਾ ਮਨਵਾਇਆ। ਪੰਜਾਬੀ ਫੋਕ ਡਾਂਸ ਅਕੈਡਮੀ ਦੇ ਡਾਇਰੈਕਟਰ ਗੁਰਸੇਵਕ ਸਿੱਧੂ ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦੇ ਹੋਏ ਦੱਸਿਆ ਕਿ ਪਿਛਲੇ 13 ਸਾਲਾਂ ਤੋਂ ਕਰਵਾਏ ਜਾ ਰਹੇ ਇਸ ਪਰੋਗਰਾਮ ਦੀ ਤਿਆਰੀ ਤਕਰੀਬਨ ਛੇ ਮਹੀਨੇ ਪਹਿਲਾਂ ਸ਼ੁਰੂ ਹੋ ਜਾਂਦੀ ਹੈ। ਇੰਡੀਆ ਤੋਂ ਵਿਸ਼ੇਸ਼ ਤੌਰ ਤੇ ਪੁੱਜੇ ਢੋਲੀ ਗੋਰਾ ਲੌਂਗੋਵਾਲੀਆ ਅਤੇ ਅਕੈਡਮੀ ਦੇ ਢੋਲੀ ਗੁਰਮਨ ਸਿੱਧੂ ਨੇ ਉਨ੍ਹਾਂ ਦਾ ਸਾਥ ਨਿਭਾਇਆ। ਤੂਬੀ ਵਾਦਕ ਜੋਬਨ ਸੁਨਾਮੀ,ਅਤੇ ਕੈਲਗਰੀ ਤੋਂ ਅਲਗੋਜਾ ਵਾਦਕ ਸੁਖਮਨਦੀਪ ਸਿੰਘ ਨੇ ਸਾਜਾਂ ਦੀ ਕਲਾ ਨਾਲ ਦਰਸ਼ਕ ਕੀਲ ਸੁੱਟੇ। ਇਸ ਪਰੋਗਰਾਮ ਦੀ ਸਭ ਤੋਂ ਵੱਧ ਖਿੱਚ ਵਾਲੀ ਪੰਜਾਬੀ ਫੋਕ ਪ੍ਰਦਰਸ਼ਨੀ ਜਿਸ ਵਿੱਚ ਹਲ਼ ਪੰਜਾਲੀ ਆਦਿ ਸਾਮਿਲ ਸਨ,ਨੇ ਹਾਲ ਅੰਦਰ ਆਏ ਦਰਸਕਾਂ ਨੂੰ ਪੁਰਾਨ ਹੁੰਦੇ ਜਾ ਰਹੇ ਸੱਭਿਆਚਾਰ ਬਾਰੇ ਜਾਣਕਾਰੀ ਮੁਹਈਆ ਕਰਵਾਈ।

## ਅਮਰੀਕਾ ਦੇ ਸੂਬੇ ਫਲੋਰੀਡਾ ਦੇ ਗਵਰਨਰ ਡੋਨਲਡ ਟਰੰਪ ਨੂੰ ਟੱਕਰ ਦੇਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਰਾਸ਼ਟਰਪਤੀ ਦੀ ਅਗਲੇ ਸਾਲ ਹੋਣ ਵਾਲੀ ਚੋਣ ਲਈ ਹੁਣ ਫਲੋਰੀਡਾ ਦੇ ਗਵਰਨਰ ਵੀ ਚੋਣ ਮੈਦਾਨ ਵਿੱਚ ਕੁਦ ਗਏ ਹਨ। ਰਿਪਬਲਿਕਨ ਪਾਰਟੀ ਦੀ ਨੌਮੀਨੇਸ਼ਨ ਲਈ ਉਹ ਹੁਣ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮੁਕਾਬਲੇ ਵਿੱਚ ਚੋਣ ਮੈਦਾਨ ਵਿੱਚ ਉੱਤਰੇ ਹਨ । ਵਰਨਣਯੋਗ ਹੈ ਕਿ ਪਹਿਲਾਂ ਕਈ ਮਹੀਨਿਆਂ ਤੱਕ ਉਹ ਡੋਨਲਡ ਟਰੰਪ ਲਈ ਚੋਣ ਪ੍ਰਚਾਰ ਕਰਦੇ ਰਹੇ ਹਨ ਪਰ ਹੁਣ ਉਨ੍ਹਾਂ ਦਾ ਖੁਦ ਨੌਮੀਨੇਸ਼ਨ ਲਈ ਚੋਣ ਮੈਦਾਨ ਵਿੱਚ ਉੱਤਰਨਾ ਡੋਨਲਡ ਟਰੰਪ ਲਈ ਪਰੇਸ਼ਾਨੀਆ ਖੜੀਆਂ ਕਰ ਸਕਦਾ ਹੈ ।






























# 5ਵੀਂ ਬਰਸੀ ਤੇ ਵਿਸ਼ੇਸ਼

ਇੱਕ ਬਾਪ ਹੀ ਜਿੰਦਗੀ ਵਿੱਚ ਇੱਕ ਚੰਗਾ ਮਿੱਤਰ ਹੁੰਦਾਹੈ ਇਸ ਗੱਲ ਦਾ ਇਲਮ ਸ਼ਾਇਦ ਬਾਪ ਬਣ ਕੇ ਹੀ ਪਤਾ ਲਗਦਾ ਹੈ ਜੇਕਰ ਜਿੰਗਗੀ ਵਿੱਚ ਕੋਈ ਇਨਸਾਨ ਤੁਹਾਨੂੰ ਆਪਣੇ ਤੋਂ ਅੱਗੇ ਵਧਦੇ ਦੇਖ ਮਾਣ ਨਾਲ ਸੀਨਾ ਚੌੜਾ ਕਰ ਕੇ ਤੁਰਦਾ ਹੈ ਉਹ ਬਾਪ ਹੁੰਦਾ ਹੈ ,ਇਹ ਓਹ ਅਵਸਥਾ ਹੈ ਜੋ ਹਰ ਦਿਨ ਹਰ ਪਲ ਦਿਮਾਗ ਵਿੱਚ ਰਹਿੰਦੀ ਹੈ , ਕੰਧ ਤੇ ਲੱਗੀ ਬਾਪੂ ਦੀ ਤਸਵੀਰ ਤੇ ਹੱਸੂ ਹੱਸੂ ਕਰਦਾ ਚਿਹਰਾ, ਜਦ ਵੀ ਤਸਵੀਰ ਤੇ ਨਿਗ੍ਹਾ ਜਾਂਦੀ ਹੈ ਉਦੋ ਇਹੀ ਲਗਦਾ ਹੈ ਕਿ ਬਾਪੂ ਜੀ ਛੇਤੀ ਅਲਵਿਦਾ ਕਹਿ ਗਏ ,ਅਜੇ ਤਾਂ ਤੋ ਉੱਠ ਕਨੇਡਾ ਵਰਗੇ ਮੁਲਕ ਪ੍ਰਾਪਤ ਹੋਇਆ। ਜੋ ਕਿ ਸਿਰਫ ਹੀ ਸੀ। ਸੰਨ 2018 ਪਰਿਵਾਰ

ਬਹੁਤ ਕੁੱਝ ਕਰਨ ਵਾਲਾ ਸੀ ,ਸਾਰੀ ਉਮਰ ਹੱਡ ਭੰਨਵੀ ਮਿਹਨਤ ਕੀਤੀ। ਜਦੋਂ ਬੈਠ ਕੇ ਖਾਣ ਦਾ ਵੇਲਾ ਸੀ ਉਦੋਂ ਬੁਲਾਵਾ ਆ ਗਿਆ । ਸ਼ਾਇਦ ਹਰੇਕ ਇਨਸਾਨ ਹੀ ਇਸੇ ਤਰਾਂ ਦੀ ਦੌੜ ਵਿੱਚ ਲੱਗਿਆ ਹੋਇਆ ਹੈ। ਮੈਨੰ ਯਾਦ ਹੈ ਜਦੋਂ ਮੇਰੇ ਪਿਤਾ ਜੀ ਸਾਨੂੰ ਭਰਾਵਾਂ ਨੂੰ ਬਿਠਾ ਕੇ ਆਪਣੀ ਜਿੰਦਗੀ ਦੇ ਕੌੜੇ ਮਿੱਠੇ ਤਜ਼ਰਬੇ ਸਾਂਝੇ ਕਰਦੇ ਸਨ ਕਿ ਕਿਵੇਂ ਉਹਨਾਂ ਨੂੰ ਇੱਕ ਸਾਧਰਨ ਪਰਿਵਾਰ ਵਿੱਚੋਂ ਨਿੱਕੇ ਜਿਹੇ ਪਿੰਡਾਂ ਵਿੱਚ ਜਿੰਦਗੀ ਜਿਉਣ ਦਾ ਸੁਭਾਗ ਰਹਿਣਾ ਉਹਨਾਂ ਦਾ ਸੁਭਾਉ ਵਿੱਚ



(ਸਵਰਗੀ ਤਰਸੇਮ ਨਰੂਲਾ)

ਅਤੇ ਸਿਰਫ ਮਿਹਨਤ ਅਤੇ ਸਿਰੜ ਨਾਲ ਹੀ ਹੋ ਸਕਦਾ ਹੈ । ਮਿਹਨਤੀ ਹੋਣ ਕਰਕੇ ਉਹਨਾਂ ਨੂੰ ਪੰਜਾਬ ਸਰਕਾਰ ਦੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਸਟੇਟ ਅਵਾਰਡ ਨਾਲ ਨਿਵਜਿਆ ਗਿਆ ਸੀ। ਬਾਪੂ ਜੀ ਨੇ ਆਪਣੀ ਪੜ੍ਹਾਈ ਦੇ ਨਾਲ ਨਾਲ ਪਰਿਵਾਰਕ ਜਿੰਮੇਵਾਰੀਆਂ ਨਿਭਾਂਉਦੇ ਹੋਏ ਇੱਕ ਸਨਮਾਨਜਨਕ ਅਹੁਦੇ ਤੋਂ ਰਿਟਾਇਰ ਹੋ ਕੇ ਵੀ ਘਰ ਵਿਹਲੇ ਬੈਠਣਾ ਕਦੇ ਉਹਨਾ ਦੀ ਆਦਤ ਹੀ ਨਹੀਂ ਸੀ , ਹਰ ਵੇਲੇ ਕੁੱਝ ਨਾ ਕੁੱਝ ਕਰਦੇ ਹੀ

ਤੇ ਬਹੁਤ ਭਾਰੀ ਹੋ ਗੁਜਰਿਆ ਜਿਸ ਨੂੰ ਕਦੇ ਵੀ ਮਨ ਵਿੱਚੋ ਸ਼ਾਇਦ ਨਹੀ ਵਿਸਾਰਿਆ ਜਾ ਸਕਦਾ । ਘਰ ਦੇ ਵਿੱਚ ਦੁਖਦੇ ਸੁਖਦੇ ਤਾਂ ਹੋਰ ਵੀ ਤਕਲੀਫ ਹੁੰਦੀ ਹੈ ਜਦੋਂ ਸੋਚ ਆ ਜਾਂਦੀ ਹੈ ਕਿ ਅੱਜ ਜੇਕਰ ਬਾਪੂ ਜੀ ਸਾਡੇ ਵਿੱਚਕਾਰ ਹੁੰਦੇ ਤਾਂ ਕਿੰਨੇ ਖੁਸ਼ ਹੁੰਦੇ ਜਾਂ ਫਿਰ ਮਾਰਗ ਦਰਸ਼ਨ ਕਰਦੇ। ਬਾਪੂ ਜੀ ਨੂੰ ਗਿਆਂ, ਪੰਜ ਸਾਲ ਹੋ ਗਏ ਪਰ ਉਹਨਾਂ ਦੀ ਯਾਦ ਹਰ ਦਿਨ ਹਰ ਪਲ ਦਿਮਾਗ ਵਿਚ ਰਹਿੰਦੀ ਹੈ ਅਤੇ ਸ਼ਾਇਦ ਰਹਿੰਦੇ ਸਾਹਾਂ ਤੱਕ ਰਹੇਗੀ।


– ਅਸ਼ੀਸ਼ ਨਰੂਲਾ
1 204 890 5040




## ਕੈਨੇਡਾ ਦੀਆਂ ਚੋਣਾਂ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਮੁੱਦੇ ਉੱਤੇ ਜੌਹਨਸਟਨ ਨੂੰ ਸੰਸਦੀ ਕਮੇਟੀ ਸਾਹਮਣੇ ਪੇਸ਼ ਹੋਣ ਦਾ ਸੱਦਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਚੋਣਾਂ ਵਿਚ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਮਾਮਲੇ ਦੀ ਜਾਂਚ ਲਈ ਨਿਯੁਕਤ ਸਪੈਸ਼ਲ ਰੈਪੋਰਟਰ ਨੂੰ ਐਮਪੀਜ਼ ਵੱਲੋਂ 6 ਜੂਨ ਤੱਕ ਪਾਰਲੀਆਮੈਂਟਰੀ ਕਮੇਟੀ, ਜੋ ਕਿ ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੇ ਮਾਮਲੇ ਦਾ ਅਧਿਐਨ ਕਰ ਰਹੀ ਹੈ, ਸਾਹਮਣੇ ਪੇਸ਼ ਹੋਣ ਦਾ ਸੱਦਾ ਦਿੱਤਾ ਗਿਆ ਹੈ। ਵਿਰੋਧੀ ਧਿਰ ਦੇ ਐਮਪੀਜ਼ ਵੱਲੋਂ ਪ੍ਰੋਸੀਜ਼ਰ ਐਂਡ ਹਾਊਸ ਅਫੇਅਰਜ਼ ਕਮੇਟੀ (ਪੀਆਰ?ਸੀ)ਦੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਕੰਜ਼ਰਵੇਟਿਵਾਂ ਵੱਲੋਂ ਜੌਹਨਸਟਨ ਨੂੰ ਪੈਨਲ ਸਾਹਮਣੇ ਪੇਸ਼ ਹੋ ਕੇ ਐਮਪੀਜ਼ ਦੇ ਸਵਾਲਾਂ ਦੇ ਜਵਾਬ ਦੇਣ ਦੇ ਮੁੱਦੇ ਉੱਤੇ ਬਹਿਸ ਕਰਵਾਈ ਗਈ। ਜ਼ਿਕਰਯੋਗ ਹੈ ਕਿ ਚੋਣਾਂ ਵਿੱਚ ਵਿਦੇਸ਼ੀ ਦਖ਼ਲ ਦੀ ਜਨਤਕ ਜਾਂਚ ਕਰਵਾਉਣ ਖਿਲਾਫ ਕੀਤੀ ਸਿਫਾਰਸ਼ ਬਾਰੇ ਐਮਪੀਜ਼ ਜੌਹਨਸਟਨ ਤੋਂ ਸਿੱਧੇ ਸਵਾਲ ਜਵਾਬ ਕਰਨਾ ਚਾਹੁੰਦੇ ਹਨ। ਇਸ ਦੌਰਾਨ ਕੰਜ਼ਰਵੇਟਿਵ ਐਮਪੀ ਮਾਈਕਲ ਬੈਰੇਟ ਨੇ ਆਖਿਆ ਕਿ ਇਹ ਜ਼ਰੂਰੀ ਹੈ ਕਿ ਅਸੀਂ ਜੌਹਨਸਟਨ ਦੇ ਮੂੰਹ ਤੋਂ ਹੀ ਇਹ ਸੁਣੀਏ ਕਿ ਉਨ੍ਹਾਂ ਇਹ ਸਿਫਾਰਿਸ਼ ਕਿਉਂ ਕੀਤੀ। ਇਸ ਉੱਤੇ ਲਿਬਰਲ ਪਾਰਟੀ ਵੱਲੋਂ ਵਿਰੋਧੀ ਧਿਰ ਉੱਤੇ ਮਾਮਲੇ ਦਾ ਸਿਆਸੀਕਰਨ ਕਰਨ ਦਾ ਦੋਸ਼ ਲਾਇਆ ਜਾ ਰਿਹਾ ਹੈ। ਕਮੇਟੀ ਦੇ ਚੇਅਰ ਤੇ ਲਿਬਰਲ ਐਮਪੀ ਬਰਦੀਸ਼ ਚੱਗੜ ਅਨੁਸਾਰ ਐਮਪੀਜ਼ ਨਾਲ ਗੱਲ ਕਰਨ ਦੇ ਇਰਾਦੇ ਨਾਲ ਜੌਹਨਸਟਨ ਵੱਲੋਂ ਇਹ ਸੱਦਾ ਸਵੀਕਾਰ ਕਰ ਲਿਆ ਗਿਆ ਹੈ।












# ਪੰਜਾਂ ਵਿੱਚੋ ਦੋ ਕੈਨੇਡੀਅਨ ਹਾਲੇ ਵੀ ਟਰੂਡੋ ਨੂੰ ਹੀ ਪ੍ਰਧਾਨ ਮੰਤਰੀ ਵੱਜੋਂ ਪਸੰਦ ਕਰਦੇ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਹਰਮਨ ਪਿਆਰਾ ਆਗੂ ਹੋਣ ਦੇ ਅਕਸ ਨੂੰ ਕੁੱਝ ਢਾਹ ਲੱਗੀ। ਅਸਲ ਵਿਚ ਕੈਨੇਡਾ ਭਰ ਵਿੱਚ ਕਰਵਾਏ ਗਏ ਇੱਕ ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਇਸ ਮਾਮਲੇ ਵਿੱਚ ਕੈਨੇਡੀਅਨ ਦੋ ਹਿੱਸਿਆਂ ਵਿੱਚ ਵੰਡੇ ਹੋਏ ਹਨ। ਪੰਜਾਂ ਵਿੱਚੋਂ ਦੋ ਕੈਨੇਡੀਅਨ ਦਾ ਅਜੇ ਵੀ ਇਹੋ ਆਖਣਾ ਹੈ ਕਿ ਉਹ ਪ੍ਰਧਾਨ ਮੰਤਰੀ ਵਜੋਂ ਟਰੂਡੋ ਨੂੰ ਹੀ ਪਸੰਦ ਕਰਦੇ ਹਨ ਪਰ ਅੱਧੇ ਤੋਂ ਵੱਧ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਅਜਿਹੀ ਰਾਇ ਨਹੀਂ ਹੈ। ਐਂਗਸ ਰੀਡ ਵੱਲੋਂ ਕਰਵਾਏ ਗਏ ਇਸ ਸਰਵੇਖਣ ਵਿੱਚ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਅੱਠਵੇਂ ਸਾਲ ਵਿੱਚ ਪਹੁੰਚਣ ਉੱਤੇ ਆਪਣੇ ਤੋਂ ਪਹਿਲਾਂ ਵਾਲੇ ਪ੍ਰਧਾਨ ਮੰਤਰੀਆਂ ਦੇ ਮੁਕਾਬਲੇ ਟਰੂਡੋ ਕਿੱਥੇ ਖੜ੍ਹਦੇ ਹਨ। ਵੱਡੀ ਪੱਧਰ ਉੱਤੇ ਨਤੀਜੇ ਟਰੂਡੋ ਦੇ ਹੱਕ ਵਿੱਚ ਹੀ ਰਹੇ ਜਦਕਿ ਵੱਡੀ ਗਿਣਤੀ ਲੋਕਾਂ ਵੱਲੋਂ ਟਰੂਡੋ ਲਈ ਨਾਮੰਜ਼ੂਰੀ ਵੀ ਦਿੱਤੀ ਗਈ ਹੈ।ਆਪਣੇ ਕਰੀਅਰ ਦੇ ਇਸ ਮੁਕਾਮ ਉੱਤੇ ਪਿਛਲੇ ਤਿੰਨ ਪ੍ਰਧਾਨ ਮੰਤਰੀਆਂ ਦਾ ਜੋ ਅਪਰੂਵਲ ਰੇਟ ਸੀ, 40 ਫੀ ਸਦੀ ਹਾਸਲ ਕਰਕੇ ਟਰੂਡੋ ਦਾ ਉਨ੍ਹਾਂ ਨਾਲੋਂ ਵੱਧ ਅਪਰੂਵਲ ਰੇਟ ਪਾਇਆ ਗਿਆ ਹੈ।ਇਸ ਮਾਮਲੇ ਵਿੱਚ ਸਿਰਫ ਜੀਨ ਕ੍ਰੈਚੀਅਨ ਹੀ ਟਰੂਡੋ ਤੋਂ ਅੱਗੇ ਹਨ। ਮਈ ਦੇ ਸ਼ੁਰੂ ਵਿੱਚ 1600 ਕੈਨੇਡੀਅਨ ਉੱਤੇ ਕੀਤੇ ਗਏ ਸਰਵੇਖਣ ਤੋਂ ਇਹ ਤੱਥ ਨਿਕਲ ਕੇ ਸਾਹਮਣੇ ਆਏ ਹਨ। ਅੱਠਵੇਂ ਸਾਲ ਵਿੱਚ ਪ੍ਰਧਾਨ ਮੰਤਰੀ ਦੇ ਅਹੁਦੇ ਉੱਤੇ ਰਹਿਣ ਦੇ ਮਾਮਲੇ ਵਿੱਚ ਟਰੂਡੋ ਦਾ ਅਪਰੂਵਲ ਰੇਟ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨਾਲੋਂ ਚਾਰ ਅੰਕ ਜ਼ਿਆਦਾ ਹੈ ਤੇ ਆਪਣੇ ਹੀ ਪਿਤਾ ਪਿਏਰ ਐਲੀਅਟ ਟਰੂਡੋ ਨਾਲੋਂ ਇਹ ਅਪਰੂਵਲ ਰੇਟ ਅੱਠ ਅੰਕ ਜ਼ਿਆਦਾ ਹੈ। ਬ੍ਰਾਇਨ ਮਲਰੋਨੀ ਦਾ ਅਪਰੂਵਲ ਰੇਟ ਸਿਰਫ 12 ਫੀ ਸਦੀ ਹੀ ਪਾਇਆ ਗਿਆ।

## ਕਿਸੇ ਯਾਤਰੀ ਨੇ ਜਹਾਜ਼ ਉਤਰਨ ਤੋਂ ਪਹਿਲਾਂ ਹੀ ਦਰਵਾਜ਼ਾ ਖੋਲ ਦਿੱਤਾ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਦੱਖਣੀ ਕੋਰੀਆ 'ਚ ਇਕ ਯਾਤਰੀ ਨੇ ਲੈਂਡਿੰਗ ਤੋਂ ਕੁੱਝ ਮਿੰਟ ਪਹਿਲਾਂ ਹੀ ਜਹਾਜ਼ ਦਾ ਦਰਵਾਜ਼ਾ ਖੋਲ੍ਹ ਦਿੱਤਾ। ਇਸ ਨਾਲ ਜਹਾਜ਼ 'ਚ ਸਵਾਰ 194 ਯਾਤਰੀਆਂ 'ਚ ਦਹਿਸ਼ਤ ਮਚ ਗਈ ਤੇ ਕੁੱਝ ਦੇਰ ਲਈ ਉਹ ਬਹੁਤ ਜ਼ਿਆਦਾ ਡਰ ਗਏ। ਸੁਰੱਖਿਅਤ ਲੈਂਡਿੰਗ ਤੋਂ ਬਾਅਦ ਯਾਤਰੀਆਂ ਨੇ ਰਾਹਤ ਮਹਿਸੂਸ ਕੀਤੀ। ਕੁੱਝ ਲੋਕਾਂ ਨੂੰ ਮਾਮੂਲੀ ਸੱਟਾਂ ਤੋਂ ਇਲਾਵਾ ਸਾਰੇ ਲੋਕ ਸੁਰੱਖਿਅਤ ਦੱਸੇ ਜਾ ਰਹੇ ਹਨ। ਹਵਾ 'ਚ ਜਹਾਜ਼ ਦਾ ਦਰਵਾਜ਼ਾ ਖੋਲ੍ਹਣ ਵਾਲੇ ਯਾਤਰੀ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ। ਅਧਿਕਾਰੀਆਂ ਅਨੁਸਾਰ, ਏਸ਼ੀਆਨਾ ਏਅਰਲਾਈਨਜ਼ ਦੀ ਉਡਾਣ ਏ 321-200 ਦੀ ਸੁਰੱਖਿਅਤ ਲੈਂਡਿੰਗ ਕਰਾਈ ਗਈ। ਇਹ ਜਹਾਜ਼ ਦੱਖਣੀ ਪੂਰਬੀ ਸ਼ਹਿਰ ਦਾਏਗੂ ਤੋਂ ਜੇਜੂ ਜਾ ਰਿਹਾ ਸੀ। ਹਾਲੇ ਤੱਕ ਇਹ ਸਾਫ ਨਹੀਂ ਹੋਇਆ ਕਿ ਯਾਤਰੀ ਨੇ ਦਰਵਾਜ਼ਾ ਕਿਉਂ ਖੋਲ੍ਹਿਆ ਸੀ। ਏਅਰਲਾਈਨਜ਼ ਦੇ ਬੁਲਾਰੇ ਨੇ ਕਿਹਾ ਕਿ ਲੈਂਡਿੰਗ ਤੋਂ ਕੁੱਝ ਮਿੰਟ ਪਹਿਲਾਂ ਇਹ ਘਟਨਾ ਵਾਪਰੀ। ਐਮਰਜੈਂਸੀ ਦਰਵਾਜ਼ੇ ਦੇ ਕੋਲ ਬੈਠੇ ਇੱਕ ਮਰਦ ਯਾਤਰੀ ਨੇ ਲਿਵਰ ਖਿੱਚ ਦਿੱਤਾ , ਉਸ ਸਮੇਂ ਜਹਾਜ਼ ਜ਼ਮੀਨ ਤੋਂ ਲਗਪਗ 220 ਮੀਟਰ ਉੱਪਰ ਸੀ।

## ਵੈਸਟਜੈੱਟ ਤੇ ਪਾਇਲਟਾਂ ਦਰਮਿਆਨ ਹੋਏ ਸਮਝੌਤੇ ਨਾਲ ਬਜਟ ਏਅਰਲਾਈਨ ਸਵੂਪ ਦਾ ਖ਼ਾਤਮਾ ਹੋਵੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵੈਸਟਜੈੱਟ ਤੇ ਪਾਇਲਟਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਦਰਮਿਆਨ ਹੋਏ ਸਮਝੌਤੇ ਨਾਲ ਬਜਟ ਏਅਰਲਾਈਨ ਸਵੂਪ ਦਾ ਖ਼ਾਤਮਾ ਹੋ ਜਾਵੇਗਾ। ਕਈ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਏਅਰਲਾਈਨ ਤੇ ਏਅਰ ਲਾਈਨ ਪਾਇਲਟਸ ਐਸੋਸਿਏਸ਼ਨ (ਐਲਪਾ) ਦਰਮਿਆਨ ਹੋਏ ਸਮਝੌਤੇ ਦੀ ਇੱਕ ਸ਼ਰਤ ਇਹ ਵੀ ਸੀ ਕਿ ਅਕਤੂਬਰ 2024 ਤੱਕ ਸਵੂਪ ਨੂੰ ਪੂਰੀ ਤਰ੍ਹਾਂ ਵੈਸਟਜੈੱਟ ਵਿੱਚ ਰਲਾ ਦਿੱਤਾ ਜਾਵੇਗਾ।ਇੱਕ ਬਿਆਨ ਵਿੱਚ ਵੈਸਟਜੈੱਟ ਨੇ ਆਖਿਆ ਕਿ ਅਜੇ ਇਸ ਸਮਝੌਤੇ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ ਇਸ ਲਈ ਫਾਈਨਲ ਸ਼ਰਤਾਂ ਬਾਰੇ ਵਿਚਾਰ ਵਟਾਂਦਰਾ ਨਹੀਂ ਕੀਤਾ ਜਾ ਸਕਦਾ। ਜ਼ਿਕਰਯੋਗ ਹੈ ਕਿ ਵੀਕੈਂਡ ਉੱਤੇ ਪੂਰੀ ਤਰ੍ਹਾਂ ਕੰਮਕਾਜ ਠੱਪ ਹੋਣ ਤੋਂ ਬਚਣ ਲਈ ਵੈਸਟਜੈੱਟ ਨੇ ਇਸ ਡੀਲ ਦਾ ਐਲਾਨ ਕੀਤਾ। ਅੱਠ ਮਹੀਨੇ ਤੱਕ ਚੱਲੀ ਗੱਲਬਾਤ ਤੋਂ ਬਾਅਦ ਇਹ ਸਮਝੌਤਾ ਸਿਰੇ ਚੜ੍ਹਿਆ। ਕੈਲਗਰੀ ਸਥਿੱਤ ਏਅਰਲਾਈਨ ਵੈਸਟਜੈੱਟ ਦੀ ਸਬਸਿਡਰੀ ਸਵੂਪ 2018 ਤੋਂ ਕੰਮ ਕਰ ਰਹੀ ਹੈ ਤੇ ਇਹ 32 ਥਾਂਵਾਂ ਲਈ ਉਡਾਨ ਭਰਦੀ ਹੈ। ਇਸ ਸਮੇਂ ਸਵੂਪ ਦੇ ਬੈਨਰ ਹੇਠ ਕੰਮ ਕਰਨ ਵਾਲੇ ਪਾਇਲਟਸ ਨੂੰ ਘੱਟ ਤਨਖਾਹ ਮਿਲਦੀ ਹੈ।

STANCE PHYSIO
CHIRO & MASSAGE
Psychological/Mental Health Counselling Available
ਫਿਜੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB 1 PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
Ph: +1(825)513-0151
Address: 470, 10980 38St NE AB Calgary

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

ਦਾਖਲਾ ਸ਼ੁਰੂ ਹੈ New batch starat
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
GD COLLEGE CALGARY
INDIVIDUAL COURSES
• Eyelash Extensions
• Eye brow/Eyelash Tinting
• Eyelash Lift up
• Waxing • Facials
• Threading
International Students accepting
• Makeup
• Hair styling
• Manicure/Pedicure
• Microdermabrasion
• Artificial Nails
DIPLOMA PROGRAMS
• Esthetics Diploma • Makeup Artistry Diploma
• Nail Technician Diploma • Clinical Esthetics
We Provide Laser Hair Removal Treatments
ਸਟੂਡੈਂਟਸ ਲੋਨ ਵੀ ਮਿਲਦਾ ਹੈ
ਆਮ ਜ਼ਿੰਦਗੀ ਨੂੰ ਕਲਾ ਵਿੱਚ ਬਦਲੋ
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

Sidhu Accounting & Financial Services
Accounting Services
Personal Tax Returns
• Corporate Tax Returns
• Computerized Bookkeeping
• T4's
• Record of Employment
Financial Services
• RRSP
• Life Insurance
Term Life
Universal Life
• Critical Illness Insurance
• Segregated Funds
IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205

ਪੁਰਾਣੀ ਕਾਰ ਘਰੋਂ ਚੁੱਕਵਾਓ-ਵਧੀਆ ਡਾਲਰ ਜੇਬ ਵਿੱਚ ਪਾਓ
ਡਾਲੇ ਵਾਲੇ ਗਿੱਲ ਭਰਾਵਾਂ ਦੀਆਂ ਸੇਵਾਵਾਂ ਤੁਹਾਡੀ ਸੇਵਾ ਵਿੱਚ
BLACK DIAMOND
Auto Parts & Recycling
We sell quality used Auto Parts for Cars, Trucks and Vans
We Buy Scrap Cars
#2, 168 Street W
Black Diamond, AB
www.RetireMyCar.com
Ph: 403-561-0126
Ph: 403-999-0127
ਇੰਜਣ, ਟਰਾਂਸਮਿਸ਼ਨ, ਟਾਇਰ ਗੱਲ ਕੀ ਹਰ ਕਿਸਮ ਦੀਆਂ ਗੱਡੀਆ ਦੇ ਹਰ ਕਿਸਮ ਦੇ ਸਪੇਅਰ ਪਾਰਟਸ ਅਤੇ ਨਵੀਂ ਨਕੋਰ ਲੁੱਕ ਵਾਲੀਆ ਪੁਰਾਣੀਆਂ ਕਾਰਾਂ ਤੁਹਾਡੇ ਬੱਜਟ ਅਨੁਸਾਰ ਲਵੋ।
ਰਾਜ ਗਿੱਲ ਨੂੰ ਫੋਨ ਘੁੰਮਾਓ - ਝੱਟ ਕਾਰ ਦੇ ਮਾਲਕ ਬਣ ਜਾਓ

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



ਇਨਸਾਨ ਆਪਣੇ ਵਿਚਾਰਾਂ 'ਤੇ ਨਿਰਭਰ ਹੈ, ਜਿਸ ਤਰ੍ਹਾਂ ਦਾ ਸੋਚਦਾ ਹੈ ਉਸੇ ਤਰ੍ਹਾਂ ਦਾ ਬਣ ਜਾਂਦਾ ਹੈ।

# ਪਹਿਲਵਾਨ ਅਤੇ ਮੋਦੀ ਦੀ ਚੁੱਪ

ਜਿਹੜੇ ਪਹਿਲਵਾਨ ਭਾਰਤ ਦਾ ਕੌਮਾਂਤਰੀ ਪੱਧਰ ਉੱਤੇ ਨਾਂ ਚਮਕਾਉਂਦੇ ਰਹੇ ਹੋਣ, ਉਨ੍ਹਾਂ ਨਾਲ ਹੋ ਰਹੀ ਧੱਕੇਸ਼ਾਹੀ ਨੇ ਇੱਕ ਵਾਰ ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਉਸ ਸਿਆਸੀ ਸ਼ੈਲੀ ਨੂੰ ਦਰਸਾਇਆ ਹੈ ਕਿ ਉਹ ਅਤਿ ਗੰਭੀਰ ਮੁੱਦਿਆਂ ਉੱਤੇ ਚੁੱਪ ਰਹਿੰਦੇ ਹਨ, ਜਿਸ ਦਾ ਕੌਮੀ ਪੱਧਰ ਉੱਤੇ ਹੀ ਨਹੀਂ ਬਲਕਿ ਕੌਮਾਂਤਰੀ ਪੱਧਰ ਉੱਤੇ ਭਾਰਤ ਪ੍ਰਤੀ ਨਾਂਹਪੱਖੀ ਪ੍ਰਭਾਵ ਪੈਂਦਾ ਹੈ। ਇਸ ਚੁੱਪ ਨੇ ਭਾਰਤ ਨਿਵਾਸੀਆਂ ਨੂੰ ਇੱਕ ਤਰ੍ਹਾਂ ਨਾਲ ਹੈਰਾਨ ਹੀ ਕਰ ਦਿੱਤਾ ਹੈ। ਜਿਸ ਇਤਿਹਾਸਕ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਦੀ ਨਵੀਂ ਇਮਾਰਤ ਦਾ ਉਦਘਾਟਨ ਕੀਤਾ, ਉਸੇ ਦਿਨ ਕੁੱਝ ਕੋਝੇ ਦ੍ਰਿਸ਼ ਵੀ ਦੇਖਣ ਨੂੰ ਮਿਲੇ ਜਦੋਂ 'ਲੋਕਤੰਤਰ ਦੇ ਮੰਦਰ' ਭਾਵ ਨਵੇਂ ਸੰਸਦ ਭਵਨ ਵੱਲ ਪੈਦਲ ਵਧ ਰਹੀਆਂ ਪ੍ਰਦਰਸ਼ਨਕਾਰੀ ਪਹਿਲਵਾਨਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸੁਰੱਖਿਆ ਕਰਮਚਾਰੀਆਂ ਨੇ ਰੋਕਣ ਦਾ ਯਤਨ ਕੀਤਾ। ਪੁਲੀਸ ਨੇ ਕੌਮਾਂਤਰੀ ਪੱਧਰ ਦੀਆਂ ਮਹਿਲਾ ਪਹਿਲਵਾਨਾਂ ਸਾਕਸ਼ੀ ਮਲਿਕ ਅਤੇ ਵਿਨੇਸ਼ ਫੋਗਾਟ ਸਮੇਤ ਸੌ ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ 'ਚ ਲੈਣ ਦੇ ਨਾਲ ਨਾਲ ਜੰਤਰ-ਮੰਤਰ 'ਤੇ ਉਨ੍ਹਾਂ ਦੇ ਧਰਨੇ ਵਾਲੀ ਥਾਂ ਨੂੰ ਖਾਲੀ ਕਰਵਾਉਣ ਲਈ ਤਾਕਤ ਦੀ ਵਰਤੋਂ ਵੀ ਕੀਤੀ। ਇਸ ਮਾਮਲੇ ਵਿੱਚ ਦਰਜ ਕੇਸ (ਐਫ ਆਈ ਆਰ) ਮੁਤਾਬਿਕ ਪਹਿਲਵਾਨਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਪੁਲੀਸ ਦੀ ਇਸ ਚਿਤਾਵਨੀ ਨੂੰ ਨਜ਼ਰਅੰਦਾਜ਼ ਕਰ ਦਿੱਤਾ ਕਿ ਉਦਘਾਟਨੀ ਸਮਾਗਮ ਦੌਰਾਨ ਹੁੱਲੜਬਾਜ਼ੀ ਕਰਨ ਨਾਲ 'ਰਾਸ਼ਟਰ ਦੇ ਮਾਣ ਨੂੰ ਠੇਸ' ਪੁੱਜੇਗੀ। ਐਫ ਆਈ ਆਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪਹਿਲਵਾਨਾਂ ਨਾਲ ਹੱਥੋ-ਪਾਈ 'ਚ ਮਹਿਲਾ ਪੁਲੀਸ ਕਰਮੀਆਂ ਸਮੇਤ 15 ਸੁਰੱਖਿਆ ਕਰਮਚਾਰੀ ਜ਼ਖ਼ਮੀ ਹੋਏ। ਪੁਲੀਸ ਨੇ ਜੰਤਰ-ਮੰਤਰ ਵਿੱਚ ਧਰਨਾ ਦੇਣ ਵਾਲੇ ਪ੍ਰਦਰਸ਼ਨਕਾਰੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਸਣੇ ਪੂਰੀ ਦਿੱਲੀ ਵਿੱਚ 700 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲਿਆ। ਪ੍ਰਦਰਸ਼ਨਕਾਰੀਆਂ ਦੀ ਹਮਾਇਤ ਲਈ ਦਿੱਲੀ ਆ ਰਹੇ ਕਿਸਾਨਾਂ ਅਤੇ ਹੋਰ ਲੋਕਾਂ ਨੂੰ ਗਾਜ਼ੀਪੁਰ, ਸਿੰਘੂ ਅਤੇ ਟਿੱਕਰੀ ਬਾਰਡਰਾਂ 'ਤੇ ਰੋਕਿਆ ਗਿਆ। ਹਰਿਆਣੇ ਦੇ ਕਈ ਜ਼ਿਲ੍ਹਿਆਂ ਵਿੱਚ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਉਨ੍ਹਾਂ ਨੂੰ ਦਿੱਲੀ ਵੱਲ ਵਧਣ ਨਾ ਦਿੱਤਾ ਗਿਆ। ਇਸੇ ਦਿਨ ਪੰਜਾਬ ਦੀਆਂ ਕਈ ਕਿਸਾਨ ਜਥੇਬੰਦੀਆਂ ਨੇ ਭਰਵੇਂ ਇਕੱਠ ਕਰ ਕੇ ਮਹਿਲਾ ਪਹਿਲਵਾਨਾਂ ਦੇ ਹੱਕ ਵਿੱਚ ਆਵਾਜ਼ ਉਠਾਈ। ਕਾਂਗਰਸ, ਆਮ ਆਦਮੀ ਪਾਰਟੀ ਅਤੇ ਹੋਰ ਸਿਆਸੀ ਪਾਰਟੀਆਂ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈ। ਸ਼ਾਮ ਤੋਂ ਬਾਅਦ ਹਿਰਾਸਤ ਵਿਚ ਲਈਆਂ ਗਈਆਂ ਮਹਿਲਾ ਪਹਿਲਵਾਨਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਰਿਹਾਅ ਕਰ ਦਿੱਤਾ ਗਿਆ।

ਇੱਕ ਨਾਬਾਲਗ ਸਮੇਤ ਸੱਤ ਮਹਿਲਾ ਪਹਿਲਵਾਨਾਂ ਨੇ ਭਾਜਪਾ ਦੇ ਸੰਸਦ ਮੈਂਬਰ ਅਤੇ ਭਾਰਤੀ ਕੁਸ਼ਤੀ ਸੰਘ ਦੇ ਪ੍ਰਧਾਨ ਬ੍ਰਿਜ ਭੂਸ਼ਣ ਸਿੰਘ 'ਤੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕਰਨ ਅਤੇ ਧਮਕੀਆਂ ਦੇਣ ਦੇ ਦੋਸ਼ ਲਗਾਏ ਹਨ। ਉਨ੍ਹਾਂ ਦੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਦਿੱਲੀ ਪੁਲੀਸ ਨੇ ਉਸ ਖਿਲਾਫ਼ ਦੋ ਐਫ ਆਈ ਆਰ ਦਰਜ ਕੀਤੇ ਜਾਣ ਤੋਂ ਪੂਰਾ ਇੱਕ ਮਹੀਨਾ ਬਾਅਦ ਇਹ ਹਿੰਸਕ ਝੜਪ ਹੋਈ। ਪੁਲੀਸ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਬ੍ਰਿਜ ਭੂਸ਼ਣ ਤੋਂ ਪੁੱਛ ਪੜਤਾਲ ਕੀਤੀ ਸੀ ਪਰ ਜਾਂਚ ਦੀ ਢਿੱਲੀ ਰਫ਼ਤਾਰ ਕਾਰਨ ਪ੍ਰਦਰਸ਼ਨਕਾਰੀਆਂ ਦਾ ਰੋਹ ਵਧ ਗਿਆ ਜੋ ਇਸ ਐਮ ਪੀ ਦੀ ਗ੍ਰਿਫ਼ਤਾਰੀ ਦੀ ਮੰਗ ਕਰ ਰਹੇ ਹਨ। ਹੁਣ ਪ੍ਰਦਰਸ਼ਨਕਾਰੀ ਪਹਿਲਵਾਨਾਂ ਦੇ ਜੰਤਰ-ਮੰਤਰ 'ਤੇ ਜਾਣ ਉੱਤੇ ਪਾਬੰਦੀ ਲਾ ਦਿੱਤੀ ਗਈ ਹੈ। ਇੱਕ ਅਜਿਹੀ ਥਾਂ ਜਿਹੜੀ ਰੋਸ-ਮੁਜ਼ਾਹਰੇ ਕਰਨ ਲਈ ਜਾਣੀ ਜਾਂਦੀ ਹੈ, 'ਤੇ ਮਹਿਲਾ ਪਹਿਲਵਾਨਾਂ ਨੂੰ ਧਰਨਾ ਦੇਣ ਤੋਂ ਰੋਕਣਾ ਉਨ੍ਹਾਂ ਤੋਂ ਪ੍ਰਦਰਸ਼ਨ ਕਰਨ ਦਾ ਜਮਹੂਰੀ ਹੱਕ ਖੋਹਣਾ ਹੈ।

ਜੇਕਰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਮਹਿਲਾ ਪਹਿਲਵਾਨਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਤਤਪਰ ਹੁੰਦੀ ਤਾਂ ਇਹ ਮੰਦੀ ਘਟਨਾ ਨਾ ਵਾਪਰਦੀ। ਹੈਰਾਨੀ ਵਾਲੀ ਗੱਲ ਇਹ ਹੈ ਕਿ ਸੱਤਾਧਾਰੀ ਪਾਰਟੀ ਦਾ ਕੋਈ ਨੁਮਾਇੰਦਾ ਨਾ ਤਾਂ ਪ੍ਰਦਰਸ਼ਨਕਾਰੀਆਂ ਨੂੰ ਮਿਲਣ ਹੀ ਗਿਆ ਹੈ ਅਤੇ ਨਾ ਹੀ ਉਨ੍ਹਾਂ ਨੂੰ ਗੱਲਬਾਤ ਲਈ ਸੱਦਿਆ ਗਿਆ ਹੈ। ਹਾਲਾਤ ਇਸੇ ਲਈ ਵੱਸੋਂ ਬਾਹਰ ਹੋ ਗਏ ਕਿਉਂਕਿ ਪ੍ਰਦਰਸ਼ਨਕਾਰੀਆਂ ਨੂੰ ਜਾਪਿਆ ਕਿ ਸੱਤਾਧਾਰੀ ਉਨ੍ਹਾਂ ਦੀ ਗੱਲ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ। ਕੇਂਦਰ ਸਰਕਾਰ ਨੂੰ ਘੱਟੋ-ਘੱਟ ਇੰਨਾ ਤਾਂ ਕਰਨਾ ਹੀ ਚਾਹੀਦਾ ਹੈ ਕਿ ਇਨ੍ਹਾਂ ਗੰਭੀਰ ਇਲਜ਼ਾਮਾਂ ਦੀ ਆਜ਼ਾਦਾਨਾ, ਨਿਆਂਕਾਰੀ ਅਤੇ ਸਮਾਂਬੱਧ ਜਾਂਚ ਯਕੀਨੀ ਬਣਾਵੇ। ਉਨ੍ਹਾਂ ਨੂੰ ਗੱਲਬਾਤ ਕਰਨ ਲਈ ਨਾ ਸੱਦਣਾ ਸੱਤਾਮਈ ਹਉਮੈ ਦੀ ਸਿਖ਼ਰ ਹੈ। ਸਰਕਾਰਾਂ ਔਰਤਾਂ ਦੀਆਂ ਮੰਗਾਂ ਨੂੰ ਤਰਜੀਹ ਦੇਣ ਦੇ ਦਾਅਵੇ ਕਰਦੀਆਂ ਰਹੀਆਂ ਹਨ ਪਰ ਅਮਲੀ ਰੂਪ ਵਿੱਚ ਉਨ੍ਹਾਂ ਦੀਆਂ ਸ਼ਿਕਾਇਤਾਂ ਵੀ ਸੁਣੀਆਂ ਨਹੀਂ ਜਾ ਰਹੀਆਂ। ਦੇਸ਼ ਲਈ ਕੌਮਾਂਤਰੀ ਪੱਧਰ 'ਤੇ ਮੁਕਾਬਲੇ ਜਿੱਤਣ ਵਾਲੇ ਖਿਡਾਰੀਆਂ ਦੀ ਗੱਲ ਠਰੰਮੇ ਨਾਲ ਸੁਣਨੀ ਚਾਹੀਦੀ ਹੈ। ਉਨ੍ਹਾਂ ਨਾਲ ਸੰਕਟ ਖੜ੍ਹਾ ਕਰਨ ਵਾਲਿਆਂ ਵਾਂਗ ਵਿਹਾਰ ਕਰਨਾ ਭਾਰਤੀ ਜਮਹੂਰੀਅਤ ਲਈ ਸ਼ੁਭ ਸ਼ਗਨ ਨਹੀਂ ਹੈ। ਇਹ ਪ੍ਰਸ਼ਨ ਪੁੱਛਣਾ ਵੀ ਸੁਭਾਵਿਕ ਹੈ, ਜੇ ਜਾਣੀਆਂ ਪਛਾਣੀਆਂ ਖਿਡਾਰਨਾਂ ਦੀ ਗੱਲ ਨਹੀਂ ਸੁਣੀ ਜਾ ਰਹੀ ਤਾਂ ਆਮ ਔਰਤਾਂ ਲਈ ਆਪਣੀ ਗੱਲ ਸੁਣਾਉਣੀ ਕਿੰਨੀ ਮੁਸ਼ਕਿਲ ਹੋਵੇਗੀ? ਸੱਚਮੁੱਚ, ਦੇਸ਼ ਦੀ ਇੱਜ਼ਤ ਦਾਅ 'ਤੇ ਲੱਗੀ ਹੋਈ ਹੈ।

**ਸੁਖਜਿੰਦਰ ਸਮਰਾ**
**ਮੋ. 1 780 300 2000**

**403 640 2000**
**punjabiakhbaar@gmail.com**

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਨੌਂ ਵਰ੍ਹਿਆਂ ਦਾ ਲੇਖਾ: ਸਵਾਲ-ਦਰ-ਸਵਾਲ; ਜਵਾਬ ਚੁੱਪੀ



**ਗੁਰਮੀਤ ਸਿੰਘ ਪਲਾਹੀ**
-9815802070



ਭਾਰਤ ਉਤੇ ਰਾਜ ਕਰਦਿਆਂ ਮੋਦੀ ਸਰਕਾਰ ਨੇ ਨੌਂ ਵਰ੍ਹੇ ਪੂਰੇ ਕਰ ਲਏ ਹਨ। ਭਾਜਪਾ ਨੇ 2019 ਦੀਆਂ ਲੋਕ ਸਭਾ ਚੋਣਾਂ 'ਚ ਦੂਜੀ ਵੇਰ ਚੋਣ ਜਿੱਤਕੇ ਕੇਂਦਰ ਦੀ ਸੱਤਾ 'ਤੇ ਕਬਜ਼ਾ ਕੀਤਾ।

ਪਹਿਲੀ ਵੇਰ 2014 'ਚ ਭਾਜਪਾ, ਕਾਂਗਰਸ ਨੂੰ ਹਰਾ ਕੇ ਚੋਣ ਜਿੱਤੀ ਸੀ। ਭਾਜਪਾ ਅਤੇ ਉਸਦੇ ਗੱਠਜੋੜ ਨੇ 2014 'ਚ 38.5 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 336 ਲੋਕ ਸਭਾ ਸੀਟਾਂ ਜਿੱਤੀਆਂ, ਜਿਸ ਵਿਚੋਂ ਭਾਜਪਾ ਦੀ ਵੋਟ ਪ੍ਰਤੀਸ਼ਤ 31 ਫ਼ੀਸਦੀ ਅਤੇ ਸੀਟਾਂ 282 ਸਨ।

ਭਾਰਤੀ ਲੋਕ ਸਭਾ ਦੀਆਂ ਕੁਲ 542 ਸੀਟਾਂ ਹਨ। 1989 ਤੋਂ ਬਾਅਦ ਲੋਕ ਸਭਾ 'ਚ ਭਾਜਪਾ ਪਹਿਲੀ ਸਿਆਸੀ ਪਾਰਟੀ ਬਣੀ ਜਿਸਨੇ ਇਕੱਲੇ ਤੌਰ ਤੇ ਲੋਕ ਸਭਾ 'ਚ ਬਹੁਮਤ ਪ੍ਰਾਪਤ ਕੀਤਾ।

ਸਾਲ 2019 'ਚ ਭਾਜਪਾ ਅਤੇ ਗਠਜੋੜ ਨੇ 353 ਸੀਟਾਂ ਜਿੱਤੀਆਂ ਤੇ ਜਿਸ ਵਿਚੋਂ ਭਾਜਪਾ ਦੀਆਂ 37.36 ਫ਼ੀਸਦੀ ਵੋਟਾਂ ਅਤੇ 303 ਸੀਟਾਂ ਸਨ। ਭਾਵ ਭਾਜਪਾ ਵੱਡੀ ਬਹੁ ਗਿਣਤੀ ਨਾਲ 2019 'ਚ ਲੋਕ ਸਭਾ ਚੋਣ ਜਿੱਤੀ। ਭਾਜਪਾ ਅਨੁਸਾਰ ਉਸਦੀ ਜਿੱਤ ਵਿੱਚ ਸਰਕਾਰੀ ਸਕੀਮਾਂ ਅਤੇ ਵੱਡੇ ਫ਼ੈਸਲਿਆਂ ਨੇ ਅਹਿਮ ਭੂਮਿਕਾ ਨਿਭਾਈ ਹੈ।

ਦੇਸ਼ ਦੀ ਦੂਜੀ ਵੱਡੀ ਸਿਆਸੀ ਪਾਰਟੀ ਕਾਂਗਰਸ ਨੇ ਭਾਜਪਾ ਦੇ 9 ਸਾਲਾਂ ਦੇ ਸਾਸ਼ਨ ਕਾਲ ਸਬੰਧੀ 9 ਸਵਾਲ ਉਠਾਏ ਹਨ। ਕਾਂਗਰਸ ਨੇ ਪੁੱਛਿਆ ਹੈ ਕਿ ਦੇਸ਼ ਵਿੱਚ ਮਹਿੰਗਾਈ ਅਤੇ ਬੇਰੁਜ਼ਗਾਰੀ ਕਿਉਂ ਵਧ ਰਹੀ ਹੈ? ਆਰਥਿਕ ਨਾ-ਬਰਾਬਰੀ ਕਿਉਂ ਵਧ ਰਹੀ ਹੈ? ਕਿਸਾਨਾਂ ਦੀ ਆਮਦਨ ਦੁਗਣੀ ਕਿਉਂ ਨਹੀਂ ਹੋਈ? ਕਿਸਾਨਾਂ ਨਾਲ ਕੀਤੇ ਵਾਅਦੇ ਪੂਰੇ ਕਿਉਂ ਨਹੀਂ ਕੀਤੇ ਗਏ? ਐਮ.ਐਸ.ਪੀ. ਦੀ ਕਾਨੂੰਨੀ ਗਰੰਟੀ ਕਿਉਂ ਨਹੀਂ ਦਿੱਤੀ ਗਈ? ਅਡਾਨੀ ਨੂੰ ਫਾਇਦਾ ਪਹੁੰਚਾਉਣ ਲਈ ਐਸ.ਬੀ.ਆਈ. ਅਤੇ ਐਲ.ਆਈ.ਸੀ. 'ਚ ਲੋਕਾਂ ਦੀ ਮਿਹਨਤ ਦੀ ਕਮਾਈ ਇਸ ਸਮੂੰਹ 'ਚ ਕਿਉਂ ਦਿੱਤੀ ਗਈ? ਸਿਆਸੀ ਲਾਹੇ ਲਈ ਡਰ ਦਾ ਮਾਹੌਲ ਕਿਉਂ ਬਣਾਇਆ ਜਾ ਰਿਹਾ ਹੈ? ਔਰਤਾਂ, ਦਲਿਤਾਂ, ਆਦਿਵਾਸੀਆਂ ਅਤੇ ਘੱਟ ਗਿਣਤੀਆਂ ਤੇ ਹੋ ਰਹੇ ਅਤਿਆਚਾਰਾਂ 'ਤੇ ਸਰਕਾਰ ਚੁੱਪ ਕਿਉਂ ਹੈ? ਜਾਤੀ ਅਧਾਰਤ ਮਰਦਮਸ਼ੁਮਾਰੀ(ਜਨ ਗਣਨਾ) 'ਤੇ ਸਰਕਾਰ ਚੁੱਪੀ ਕਿਉਂ ਸਾਧੀ ਬੈਠੀ ਹੈ? ਵਿਰੋਧੀ ਧਿਰ ਦੇ ਨੇਤਾਵਾਂ ਵਿਰੁੱਧ ਬਦਲਖੋਰੀ ਦੀ ਕਾਰਵਾਈ ਕਿਉਂ ਹੋ ਰਹੀ ਹੈ? ਵਿਰੋਧੀ ਧਿਰ ਦੀਆਂ ਸਰਕਾਰਾਂ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕਿਉਂ ਹੋ ਰਹੀਆਂ ਹਨ?

ਸਵਾਲ ਬਹੁਤ ਵੱਡੇ ਹਨ।ਸਵਾਲਾਂ 'ਚ ਵਜ਼ਨ ਵੀ ਹੈ। ਇਹ ਸਵਾਲ ਵਿਰੋਧੀ ਧਿਰ ਵਲੋਂ ਕੀਤੇ ਜਾਣੇ ਵੀ ਬਣਦੇ ਹਨ, ਕਿਉਂਕਿ ਇਹ ਸਵਾਲ ਅਹਿਮ ਹਨ।

ਦੇਸ਼ ਦੀ ਆਰਥਿਕਤਾ ਤਬਾਹ ਹੋ ਰਹੀ ਹੈ। ਗਰੀਬੀ, ਅਸਮਾਨਤਾ ਗਲਤ ਫ਼ੈਸਲਿਆਂ ਦਾ ਸਿੱਟਾ ਹੈ। ਇਸ ਨਾਲ ਸਮਾਜ ਦੇ ਅਮੀਰ ਲੋਕ, ਗਰੀਬੀ ਦੇ ਹਾਸ਼ੀਏ ਤੇ ਰਹਿਣ ਵਾਲੇ ਲੋਕਾਂ ਨੂੰ ਹੋਰ ਜ਼ਿਆਦਾ ਕਮਜ਼ੋਰ ਕਰ ਰਹੇ ਹਨ, ਉਹਨਾ ਦੇ ਮੌਲਿਕਾਂ ਹੱਕਾਂ ਦੀ ਉਲੰਘਣਾ ਕਰ ਰਹੇ ਹਨ। ਸਮਾਜਿਕ ਬਾਈਕਾਟ ਭੇਦਭਾਵ, ਜਿਹੇ ਗਰੀਬੀ ਦੇ ਕਾਰਕ, ਗਰੀਬੀ 'ਚ ਫਸੇ ਲੋਕਾਂ ਦਾ ਜੀਵਨ ਹੋਰ ਵੀ ਔਖਾ ਬਣਾ ਦਿੰਦੇ ਹਨ। ਇਸ ਤੋਂ ਬਿਨ੍ਹਾਂ ਸੋਕਾ, ਹੜ੍ਹ, ਜਲਵਾਯੂ ਤਬਦੀਲੀ ਜਿਹੀਆਂ ਅਤੇ ਕਰੋਨਾ ਵਰਗੀਆਂ ਆਫ਼ਤਾਂ ਗਰੀਬ ਵਰਗ ਉਤੇ ਵੱਡਾ ਅਸਰ ਪਾਉਂਦੀਆਂ ਹਨ। ਦੇਸ਼ ਦੀ ਹਾਕਮ ਧਿਰ ਇਹਨਾ ਮਾਮਲਿਆਂ ਉਤੇ ਅਸਰਦਾਰ ਫ਼ੈਸਲੇ ਕਰਨ 'ਚ ਨਾਕਾਮਯਾਬ ਰਹੀ ਹੈ, ਇਹ ਅਸਲੀਅਤ ਹੈ।

ਮੌਜੂਦਾ ਸਰਕਾਰ ਜਦੋਂ ਆਪਣੇ ਦਸ ਪ੍ਰਭਾਵਸ਼ਾਲੀ ਫ਼ੈਸਲਿਆਂ, ਨੋਟਬੰਦੀ, ਜੀਐਸਟੀ, ਤਿੰਨ ਤਲਾਕ ਕਾਨੂੰਨ ਨੂੰ ਲਾਗੂ ਕਰਨਾ, ਸਰਜੀਕਲ ਸਟਰਾਈਕ, ਜੰਮੂ-ਕਸ਼ਮੀਰ ਤੋਂ ਧਾਰਾ 370 ਨੂੰ ਖ਼ਤਮ ਕਰਨ, ਨਾਗਰਿਕਤਾ ਸੋਧ ਕਾਨੂੰਨ, ਰੇਲਵੇ ਬਜ਼ਟ ਦਾ ਆਮ ਬਜ਼ਟ 'ਚ ਰਲੇਵਾਂ, ਉਜਵਲ ਸਕੀਮ ਯੋਜਨਾ, ਕਿਸਾਨ ਸਨਮਾਨ ਨਿਧੀ ਯੋਜਨਾ, ਆਯੁਸ਼ਮਾਨ ਭਾਰਤ ਯੋਜਨਾ ਨੂੰ ਵੱਡੀ ਪ੍ਰਾਪਤੀ ਦਸਦੀ ਹੈ ਤਾਂ ਭੁਲ ਜਾਂਦੀ ਹੈ ਕਿ ਵੱਡੀ ਆਫ਼ਤ ਕਰੋਨਾ ਕਾਲ 'ਚ 40 ਲੱਖ ਲੋਕਾਂ (ਅੰਕੜਿਆਂ ਬਾਰੇ ਮਤਭੇਦ ਹਨ) ਦੀ ਮੌਤ ਹੋਈ ਸੀ, ਇਸਦਾ ਜ਼ੁੰਮੇਵਾਰ ਕੌਣ ਹੈ?

ਇਲਾਜ, ਆਕਸੀਜਨ ਨਾ ਮਿਲਣ ਅਤੇ ਇਥੋਂ ਤੱਕ ਕਿ ਲਾਸ਼ਾਂ ਦਫਨਾਉਣ, ਜਾਲਣ ਦਾ ਪ੍ਰਬੰਧ ਨਾ ਹੋਣਾ, ਕਿਸ ਦੀ ਜ਼ੁੰਮੇਵਾਰੀ ਬਣਦੀ ਸੀ ਇਹ? ਆਫ਼ਤ ਕਾਰਨ ਲੋਕਾਂ ਦਾ ਗਰੀਬੀ ਦੇ ਹਾਸ਼ੀਏ ਵੱਲ ਧੱਕੇ ਜਾਣਾ ਅਤੇ ਅਮੀਰ ਲੋਕਾਂ ਦੀ ਕਰੋਨਾ ਕਾਲ 'ਚ ਆਮਦਨ 'ਚ ਬੇਇੰਤਹਾ ਵਾਧਾ ਤੇ ਲੁੱਟ ਲਈ ਜ਼ੁੰਮੇਵਾਰ ਆਖ਼ਿਰ ਸਰਕਾਰ ਹੀ ਤਾਂ ਹੈ।

"ਵਿਸ਼ਵ ਅਸਮਾਨਤਾ ਲੈਬ" ਵਲੋਂ ਵਿਸ਼ਵ ਅਸਮਾਨਤਾ ਰਿਪੋਰਟ 2022 ਛਾਪੀ ਗਈ ਹੈ। ਭਾਰਤ ਅਸਮਾਨਤਾ ਦੇ ਮਾਮਲੇ 'ਚ ਨੰਬਰ ਇੱਕ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਦੁਨੀਆ ਦੀ ਸਭ ਤੋਂ ਗਰੀਬ ਅੱਧੀ ਆਬਾਦੀ ਦੇ ਕੋਲ ਕੁਲ ਜਾਇਦਾਦ ਦਾ ਸਿਰਫ਼ ਦੋ ਫ਼ੀਸਦੀ ਹੈ। ਜਦਕਿ ਦੁਨੀਆਂ ਦੇ ਸਭ ਤੋਂ ਅਮੀਰ ਦਸ ਫ਼ੀਸਦੀ ਆਬਾਦੀ ਕੋਲ ਕੁਲ ਜ਼ਾਇਦਾਦ ਦਾ 76 ਫ਼ੀਸਦੀ ਹੈ।

ਦੇਸ਼ ਵਿੱਚ ਸਭ ਤੋਂ ਜ਼ਿਆਦਾ ਆਮਦਨ ਵਾਲੇ 10 ਫ਼ੀਸਦੀ ਅਤੇ ਸਭ ਤੋਂ ਘੱਟ ਆਮਦਨ ਵਾਲੇ 50 ਫ਼ੀਸਦੀ ਵਿਅਕਤੀਆਂ ਦੀ ਔਸਤ ਆਮਦਨ ਵਿੱਚ ਅੰਤਰ ਦੋ ਗੁਣਾ ਹੋ ਗਿਆ ਹੈ।

ਅਧਿਐਨ ਇਹ ਕਹਿੰਦਾ ਹੈ ਕਿ ਪਿਛਲੇ 40 ਸਾਲਾਂ ਵਿੱਚ ਦੇਸ਼ ਤਾਂ ਕਾਫੀ ਅਮੀਰ ਹੋ ਗਏ ਹਨ, ਪਰ ਉਹਨਾ ਦੀਆਂ ਸਰਕਾਰਾਂ ਕਾਫੀ ਗਰੀਬ ਹੋ ਗਈਆਂ ਹਨ। ਇਹੋ ਕਾਰਨ ਹੈ ਕਿ ਲੋਕ ਭਲਾਈ ਦੇ ਕਾਰਜਾਂ ਤੋਂ ਸਰਕਾਰਾਂ ਹੱਥ ਖਿੱਚਦੀਆਂ ਹਨ। ਨਾਗਰਿਕਾਂ ਨੂੰ ਸਿੱਖਿਆ, ਸਿਹਤ ਸਹੂਲਤਾਂ ਦੇਣ ਤੋਂ ਕਿਨਾਰਾ ਕਰੀ ਜਾ ਰਹੀਆਂ ਹਨ। ਭਾਰਤ ਦੀ ਹਾਕਮ ਧਿਰ ਦੇ ਕਾਰਜ ਵੀ ਇਸ ਤੋਂ ਵੱਖਰੇ ਨਹੀਂ ਹਨ। ਸਿਹਤ ਸਬੰਧੀ ਅਯੂਸ਼ਮਾਨ ਭਾਰਤ ਯੋਜਨਾ ਦਾ ਦੇਸ਼ ਭਰ 'ਚ ਬੁਰਾ ਹਾਲ ਹੋ ਰਿਹਾ ਹੈ। ਇਹ ਯੋਜਨਾ ਠੁੱਸ ਹੋ ਗਈ ਹੈ। ਦੇਸ਼ ਦੇ ਨਾਗਰਿਕਾਂ ਨੂੰ ਆਪਣੀ ਸਿਹਤ ਸੰਭਾਲ ਅਤੇ ਬੀਮਾਰੀ ਸਮੇਂ ਆਪਣੀ ਆਮਦਨ ਦਾ ਵੱਡਾ ਹਿੱਸਾ ਪੱਲਿਓਂ ਖਰਚਣਾ ਪੈਂਦਾ ਹੈ। ਪਰ ਸਰਕਾਰ ਚੁੱਪੀ ਵੱਟਣ ਤੋਂ ਇਲਾਵਾ ਕੁਝ ਵੀ ਨਹੀਂ ਕਰਦੀ।

> ਚੰਗੇ ਲੋਕਤੰਤਰ 'ਚ ਤਾਂ ਵਿਰੋਧੀ ਧਿਰ ਦੀ ਮਜ਼ਬੂਤੀ ਸਾਰਥਿਕ ਗਿਣੀ ਜਾਂਦੀ ਹੈ। ਸੰਘੀ ਸਰਕਾਰ 'ਚ ਤਾਂ ਸੂਬਿਆਂ ਦੇ ਵੱਧ ਅਧਿਕਾਰਾਂ ਨੂੰ ਚੰਗਾ ਮੰਨਿਆ ਜਾਂਦਾ ਹੈ ਤਾਂ ਕਿ ਹਰ ਖੇਤਰ, ਖਿੱਤੇ ਦੇ ਲੋਕ ਆਪਣੀਆਂ ਲੋੜਾਂ, ਥੋੜਾਂ ਕੇਂਦਰ ਤੋਂ ਵੱਧ ਅਧਿਕਾਰ ਲੈਕੇ ਸਥਾਨਕ ਤੌਰ 'ਤੇ ਪੂਰੀਆਂ ਕਰ ਸਕਣ। ਪਰ ਇਸ ਵੇਲੇ ਹੋ ਇਸ ਤੋਂ ਉਲਟ ਰਿਹਾ ਹੈ। ਕਿਸਾਨ ਵਿਰੋਧੀ ਖੇਤੀ ਕਾਨੂੰਨ ਸੂਬਿਆਂ ਦੇ ਅਧਿਕਾਰ ਖੋਹਣ ਦਾ ਵੱਡਾ ਯਤਨ ਸੀ। ਕਸ਼ਮੀਰ ਵਿਚੋਂ 370 ਧਾਰਾ ਹਟਾਉਣ ਉਥੇ ਦੇ ਲੋਕਾਂ ਨੇ ਆਪਣੇ ਆਪ ਨਾਲ ਧੱਕਾ ਮਹਿਸੂਸ ਕੀਤਾ। ਨਾਗਰਿਕ ਕਾਨੂੰਨ ਨੇ ਘੱਟ ਗਿਣਤੀਆਂ 'ਚ ਅਵਿਸ਼ਵਾਸ਼ੀ ਪੈਦਾ ਕੀਤੀ।ਵਿਰੋਧੀ ਧਿਰ ਦੀਆਂ ਸਰਕਾਰਾਂ ਨੂੰ ਤੋੜਨ ਜਾਂ ਅਸਥਿਰ ਕਰਨ ਲਈ ਕੇਂਦਰ ਹਾਕਮਾਂ ਵਲੋਂ ਲਗਾਤਾਰ ਸਰਗਰਮੀ ਜਾਰੀ ਹੈ।

ਦੇਸ਼ 'ਚ ਜਨ ਸੰਖਿਆ ਲਗਾਤਾਰ ਵਧ ਰਹੀ ਹੈ, ਬੇਰੁਜ਼ਗਾਰੀ 'ਚ ਵਾਧਾ ਹੋ ਰਿਹਾ ਹੈ, ਦੇਸ਼ ਵਿੱਚ ਪੂੰਜੀ ਦੀ ਕਮੀ ਹੋ ਗਈ ਹੈ। ਬੁਨਿਆਦੀ ਢਾਂਚੇ ਦਾ ਵਿਕਾਸ ਨਹੀਂ ਹੋ ਰਿਹਾ। ਅਧਿਕ ਗਰੀਬੀ ਕਾਰਨ ਲੋਕਾਂ ਨੂੰ ਭੁੱਖ ਤੇ ਕੁਪੋਸ਼ਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵੇਂ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਹਿੰਦੇ ਹਨ ਕਿ 80 ਕਰੋੜ ਲੋਕਾਂ ਨੂੰ ਮੁਫ਼ਤ ਭੋਜਨ ਦਿੱਤਾ ਜਾ ਰਿਹਾ ਹੈ। ਪਰ ਕੀ ਇਹ ਅਧੂਰਾ ਸੱਚ ਨਹੀਂ ਹੈ?

ਸਵਾਲ-ਦਰ-ਸਵਾਲ ਇਹ ਹੈ ਕਿ ਦੇਸ਼ 'ਚ ਇੰਨੇ ਕਰੋੜ ਲੋਕਾਂ ਦੇ ਭੁੱਖੇ ਰਹਿਣ ਜਾਂ ਉਹਨਾ ਦੀਆਂ ਅਨਾਜ ਲੋੜਾਂ ਪੂਰੀਆਂ ਨਾ ਹੋਣ ਤੇ ਬੇਰੁਜ਼ਗਾਰ ਰਹਿਣ ਦਾ ਆਖ਼ਰ ਕਾਰਨ ਕੀ ਹੈ? ਪਿਛਲੇ ਇੱਕ ਦਹਾਕੇ 'ਚ ਮੌਜੂਦਾ ਸਰਕਾਰ ਦਾ ਇਸ ਸਬੰਧੀ ਦ੍ਰਿਸ਼ਟੀਕੋਨ, ਪ੍ਰਾਪਤੀਆਂ ਅਤੇ ਹਾਸਲ ਕੀ ਹਨ? ਸਰਕਾਰ ਨੇ ਕਦੇ ਅੰਕੜੇ ਅਤੇ ਨੀਤੀ ਲੋਕਾਂ ਸਾਹਮਣੇ ਪੇਸ਼ ਨਹੀਂ ਕੀਤੀ।

ਕਹਿਣ ਨੂੰ ਤਾਂ ਪ੍ਰਧਾਨ ਮੰਤਰੀ ਕਹਿੰਦੇ ਹਨ ਕਿ ਪਾਈ-ਪਾਈ ਨਾਲ ਦੇਸ਼ ਦੇ ਗਰੀਬ ਦੀ ਭਲਾਈ ਹੋ ਰਹੀ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਭਾਰਤ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥ ਵਿਵਸਥਾ ਬਣ ਗਿਆ ਹੈ ਪਰ ਗਰੀਬ-ਅਮੀਰ ਦਾ ਪਾੜਾ ਦੇਸ਼ ਵਿੱਚ ਵਧਣਾ, ਅਮੀਰਾਂ ਦੀ ਗਿਣਤੀ 'ਚ ਵੱਡਾ ਵਾਧਾ ਅਤੇ ਨਿੱਜੀਕਰਨ ਦੀ ਨੀਤੀ ਦੇਸ਼ ਨੂੰ ਕਿਸ ਪਾਸੇ ਲੈ ਜਾ ਰਹੀ ਹੈ। ਇਸਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ।

ਨਿਰਪੱਖ ਤੌਰ 'ਤੇ ਮੌਜੂਦਾ ਸਰਕਾਰ ਦੇ ਕੰਮ ਕਾਰ ਨੂੰ ਸਮਝਣ ਅਤੇ ਪਰਖਣ ਦੀ ਲੋੜ ਹੈ। ਕੀ ਸਰਕਾਰ ਦੀਆਂ ਪ੍ਰਾਪਤੀਆਂ ਲੋਕ-ਹਿੱਤ ਵਿੱਚ ਹਨ? ਕੀ ਸਰਕਾਰ ਦੀ ਦਿੱਖ ਲੋਕ-ਹਿਤੈਸ਼ੀ ਹੈ? ਕੀ ਸਰਕਾਰ ਗਰੀਬ ਅਤੇ ਹਾਸ਼ੀਏ ਤੇ ਗਏ ਲੋਕਾਂ ਲਈ ਕੰਮ ਕਰ ਰਹੀ ਹੈ? ਜਾਂ ਕੀ ਸਰਕਾਰ ਕਿਸੇ ਹੋਰ ਅਜੰਡੇ ਤੇ ਕੰਮ ਕਰ ਰਹੀ ਹੈ?

ਸਰਕਾਰ ਵਲੋਂ ਪ੍ਰਚਾਰੇ ਜਾਂਦੇ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦੀ ਸਕੀਮ ਦਾ ਫੇਲ੍ਹ ਹੋ ਜਾਣਾ ਅਤੇ ਦੇਸ਼ ਦੇ ਅਰਥਚਾਰੇ ਦੇ ਥੰਮ ਖੇਤੀ ਖੇਤਰ ਪ੍ਰਤੀ ਅਣਗਹਿਲੀ ਅਤੇ ਅਣਦੇਖੀ ਕੀ ਸਿੱਧ ਕਰਦੀ ਹੈ? ਕੀ ਕਾਰਪੋਰੇਟ ਸੈਕਟਰ ਦੇ ਸਰਵਿਸ ਸੈਕਟਰ ਦੇ ਅਜੰਡੇ ਨੂੰ ਲਾਗੂ ਕਰਨਾ ਦੇਸ਼ ਨੂੰ ਧਨਾਢਾਂ ਹੱਥ ਗਿਰਵੀ ਰੱਖਣਾ ਨਹੀਂ? ਕੀ ਉਸ ਖੇਤੀ ਖੇਤਰ ਦੀ ਅਣਦੇਖੀ ਜਾਇਜ਼ ਹੈ, ਜਿਸਨੇ ਕਰੋਨਾ ਆਫ਼ਤ ਦੌਰਾਨ ਗਰੀਬ ਵਰਗ ਦੀ ਬਾਂਹ ਫੜੀ ਅਤੇ ਮਰਦੇ ਜਾ ਰਹੇ ਮਜ਼ਦੂਰ ਵਰਗ ਨੂੰ ਰਾਹਤ ਦਿੱਤੀ।

ਵੱਡਾ ਸਵਾਲ ਸਰਕਾਰ ਉਤੇ ਘੱਟ ਗਿਣਤੀਆਂ ਨਾਲ ਦੁਪਰਿਆਰੇ ਸਲੂਕ ਸਬੰਧੀ ਉਠ ਰਹੇ ਹਨ। ਸਵਾਲ ਸੂਬਿਆਂ ਦੇ ਅਧਿਕਾਰਾਂ ਨੂੰ ਸੰਗੋੜਕੇ ਸੀਮਤ ਕਰਨ ਅਤੇ ਕੇਂਦਰੀਕਰਨ ਸਬੰਧੀ ਵੀ ਹਨ? ਸਵਾਲ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਅਤੇ ਸੂਬਿਆਂ 'ਚ ਸਿਰਫ਼ ਆਪਣਾ ਰਾਜ ਭਾਗ ਸਥਾਪਿਤ ਕਰਨ ਲਈ ਸਾਮ, ਦਾਮ, ਦੰਡ ਦੀ ਵਰਤੋਂ ਦੇ ਵੀ ਹੋ ਰਹੇ ਹਨ।

ਸਭ ਤੋਂ ਵੱਡਾ ਸਵਾਲ ਦੇਸ਼ ਦੀ ਪ੍ਰੈੱਸ ਦੀ ਆਜ਼ਾਦੀ ਖ਼ਤਮ ਕਰਕੇ, ਕੇਂਦਰੀ ਏਜੰਸੀਆਂ ਨੂੰ ਆਪਣੇ ਭਲੇ ਹਿੱਤ ਵਰਤਕੇ ਅਤੇ ਦੇਸ਼ ਦੀ ਸੁਪਰੀਮ ਕੋਰਟ ਉਤੇ ਦਾਬਾ ਪਾਉਣ ਦੇ ਵੀ ਉਠ ਰਹੇ ਹਨ। ਕੀ ਇਹ ਲੋਕਤੰਤਰੀ ਭਾਰਤ ਦੇ ਸਿਹਤ ਲਈ ਚੰਗਾ ਹੈ।ਕੀ ਇਹ ਪਹਿਲਾਂ ਹੀ ਬੀਮਾਰ ਲੋਕਤੰਤਰ ਨੂੰ "ਮੰਜੇ" ਉਤੇ ਪਾਉਣ ਦੀ ਸਥਿਤੀ ਵੱਲ ਦੇਸ਼ ਨੂੰ ਨਹੀਂ ਲੈ ਜਾ ਰਿਹਾ ?

ਮੌਜੂਦਾ ਸਰਕਾਰ ਅਤੇ ਭਾਜਪਾ ਉੱਤੇ ਦੇਸ਼ ਨੂੰ ਹਿੰਦੂਤਵੀ ਦੇਸ਼ ਬਣਾਉਣ ਲਈ ਕੀਤੇ ਜਾ ਰਹੇ ਯਤਨਾ ਦਾ ਵੀ ਦੋਸ਼ ਲਗਦਾ ਹੈ। ਦੋਸ਼ ਇਹ ਹੈ ਵੀ ਲਗਦਾ ਹੈ ਕਿ ਧਰਮਾਂ ਦੇ ਧਰੂਵੀਕਰਨ ਕਾਰਨ ਵੋਟ ਬੈਂਕ ਪੱਕੀ ਕਰੋ ਅਤੇ ਚੋਣ ਜਿੱਤੋ। ਕੀ ਇਹ ਦੇਸ਼ ਦੇ ਹਿੱਤ ਵਿੱਚ ਰਹੇਗਾ?

ਚੰਗੇ ਲੋਕਤੰਤਰ 'ਚ ਤਾਂ ਵਿਰੋਧੀ ਧਿਰ ਦੀ ਮਜ਼ਬੂਤੀ ਸਾਰਥਿਕ ਗਿਣੀ ਜਾਂਦੀ ਹੈ। ਸੰਘੀ ਸਰਕਾਰ 'ਚ ਤਾਂ ਸੂਬਿਆਂ ਦੇ ਵੱਧ ਅਧਿਕਾਰਾਂ ਨੂੰ ਚੰਗਾ ਮੰਨਿਆ ਜਾਂਦਾ ਹੈ ਤਾਂ ਕਿ ਹਰ ਖੇਤਰ, ਖਿੱਤੇ ਦੇ ਲੋਕ ਆਪਣੀਆਂ ਲੋੜਾਂ, ਥੋੜਾਂ ਕੇਂਦਰ ਤੋਂ ਵੱਧ ਅਧਿਕਾਰ ਲੈਕੇ ਸਥਾਨਕ ਤੌਰ 'ਤੇ ਪੂਰੀਆਂ ਕਰ ਸਕਣ । ਪਰ ਇਸ ਵੇਲੇ ਹੋ ਇਸ ਤੋਂ ਉਲਟ ਰਿਹਾ ਹੈ । ਕਿਸਾਨ ਵਿਰੋਧੀ ਖੇਤੀ ਕਾਨੂੰਨ ਸੂਬਿਆਂ ਦੇ ਅਧਿਕਾਰ ਖੋਹਣ ਦਾ ਵੱਡਾ ਯਤਨ ਸੀ । ਕਸ਼ਮੀਰ ਵਿਚੋਂ 370 ਧਾਰਾ ਹਟਾਉਣ ਉਥੇ ਦੇ ਲੋਕਾਂ ਨੇ ਆਪਣੇ ਆਪ ਨਾਲ ਧੱਕਾ ਮਹਿਸੂਸ ਕੀਤਾ । ਨਾਗਰਿਕ ਕਾਨੂੰਨ ਨੇ ਘੱਟ ਗਿਣਤੀਆਂ 'ਚ ਅਵਿਸ਼ਵਾਸ਼ੀ ਪੈਦਾ ਕੀਤੀ ।ਵਿਰੋਧੀ ਧਿਰ ਦੀਆਂ ਸਰਕਾਰਾਂ ਨੂੰ ਤੋੜਨ ਜਾਂ ਅਸਥਿਰ ਕਰਨ ਲਈ ਕੇਂਦਰ ਹਾਕਮਾਂ ਵਲੋਂ ਲਗਾਤਾਰ ਸਰਗਰਮੀ ਜਾਰੀ ਹੈ। ਦਿੱਲੀ, ਰਾਜਸਥਾਨ, ਪੰਜਾਬ ਦੀਆਂ ਵਿਰੋਧੀ ਧਿਰ ਦੀਆਂ ਸਰਕਾਰਾਂ ਪ੍ਰਮੁੱਖ ਉਦਾਹਰਨ ਹਨ। ਪਹਿਲਾਂ ਦੇਸ਼ ਨੂੰ ਕਾਂਗਰਸ ਮੁਕਤ ਕਰਨ ਦਾ ਨਾਹਰਾ ਅਤੇ ਵਿਰੋਧੀ ਧਿਰ ਨੂੰ ਮਲੀਆਮੇਟ ਕਰਨ ਵੱਲ ਹਰ ਹੀਲੇ ਵਧਦੇ ਕਦਮ ਕੀ ਦਰਸਾਉਂਦੇ ਹਨ?

ਬਿਨਾਂ ਸ਼ੱਕ ਕੇਂਦਰ ਦੀ ਸਰਕਾਰ ਦਾ ਮੁਖੀ, ਸਿਆਸੀ ਧਿਰ ਭਾਜਪਾ ਅਤੇ ਉਸਨੂੰ ਪਿਛੇ ਰਹਿ ਕੇ ਚਲਾਉਣ ਵਾਲੀ '' ਸਮਾਜਿਕ ਸੰਸਥਾ ਮਨ 'ਚ ਇਹ ਧਾਰਕੇ ਬੈਠੀ ਹੈ ਕਿ ਉਹ ''ਧਰਮੀ ਪੱਤਾ'' ਖੇਲ ਕੇ ਦੇਸ਼ ਉਤੇ ਰਾਜ ਕਰਦੀ ਰਹੇਗੀ ਅਤੇ ਲੋਕ ਭਲਾਈ ਦੇ ਕਾਰਕਾਂ ਨੂੰ ਸੀਮਤ ਕਰਕੇ , ਧੰਨਕੁਬੇਰਾਂ ਦਾ ਹੱਥ ਠੋਕਾ ਬਣਾ ਕੇ ਆਪਣਾ ਇਕੋ ਇਕ ਅਜੰਡਾ ਲਾਗੂ ਕਰਨ ਲਈ ਅੱਗੇ ਕਦਮ ਵਧਾਉਂਦੀ ਰਹੇਗੀ ,ਪਰ ਦੱਖਣੀ ਰਾਜ ਕਰਨਾਟਕ 'ਚ ਉਸਦੇ ਹਰ ਹੀਲੇ ਦੀ ਨਾਕਾਮੀ, ਉਸਦੇ ਭਵਿੱਖ ਦਾ ਸੰਕੇਤ ਹੈ ।

ਬੇਸ਼ਕ ਭਾਰਤ 'ਚ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਸਮੇਂ-ਸਮੇਂ ਚਲਾਕ ਕਥਿਤ ਨੇਤਾਵਾਂ ਨੇ ਤੋੜਿਆ, ਮਰੋੜਿਆ ਹੈ, ਪਰ ਦੇਸ਼ ਦੇ ਸੁਚੇਤ ਲੋਕ ਉਹਨਾ ਮਨਸੂਬਿਆਂ ਨੂੰ ਢਹਿ ਢੇਰੀ ਕਰਨ ਦੇ ਸਮਰੱਥ ਹਨ ਅਤੇ ਰਹਿਣਗੇ, ਜਿਹੜੇ ਦੇਸ਼ ਨੂੰ ਕੰਮਜ਼ੋਰ ਕਰਨ ਵਾਲੇ ਹਨ ਅਤੇ ਦੇਸ਼ ਦੇ ਲੋਕਾਂ 'ਚ ਧਰਮ, ਮਜ਼ਹਬ, ਜਾਤ, ਬਰਾਦਰੀ ਦੇ ਨਾਂਅ ਉਤੇ ਵੰਡੀ ਪਾਉਣ ਵਾਲੇ ਹਨ।

# ਐਨਡੀਪੀ ਦੇ ਨਕਾਰਾਤਮਕ ਪ੍ਰਚਾਰ ਨੇ ਉਸ ਨੂੰ ਜਿੱਤ ਤੋਂ ਰੱਖਿਆ ਦੂਰ

## ਐਲਬਰਟਾ ਵਿੱਚ ਡੈਨਿਐਲ ਸਮਿਥ ਦੀ ਅਗਵਾਈ ਵਿੱਚ ਮੁੜ ਯੂਸੀਪੀ ਸਰਕਾਰ ਬਣੀ

ਐਲਬਰਟਾ ਵਿਧਾਨਸਭਾ ਦੇ ਚੋਣ ਨਤੀਜੇ ਹੈਰਾਨ ਕਰਨ ਵਾਲੇ ਰਹੇ ਹਨ। ਡੈਨਿਐਂਲ ਸਮਿਥ ਦੀ ਅਗਵਾਈ ਵਿੱਚ ਦੂਜੀ ਵਾਰ ਬਹੁਗਿਣਤੀ ਸਰਕਾਰ ਬਣ ਗਈ ਹੈ। ਸਮਿਥ ਨੇ ਪਿਛਲੀ ਵਾਰ ਜੇਸਨ




ਕੈਨੀ ਦੀ ਅਗਵਾਈ ਵਿੱਚ ਜਿੱਤੀਆਂ 63 ਸੀਟਾਂ ਵਿੱਚੋਂ 14 ਸੀਟਾਂ ਗੁਆ ਲਈਆਂ ਤੇ ਉਸ ਨੂੰ 49 ਸੀਟਾਂ ਮਿਲੀਆਂ ਹਨ ਤੇ ਇੱਕ ਉਮੀਦਵਾਰ ਨੂੰ ਪਾਰਟੀ ਨੇ ਬਾਹਰ ਕੀਤਾ ਹੋਇਆ ਹੈ। ਐਨਡੀਪੀ ਨੇ ਆਪਣੀਆਂ 23 ਸੀਟਾਂ ਵਿੱਚ 15 ਦਾ ਵਾਧਾ ਕਰ ਲਿਆ ਹੈ ਤੇ ਉਸ ਕੋਲ ਹੁਣ 38 ਸੀਟਾਂ ਹੋ ਜਾਣਗੀਆਂ। ਕੈਲਗਰੀ ਦੀਆਂ 26 ਸੀਟਾਂ ਵਿੱਚੋਂ ਐਨਡੀਪੀ ਕੋਲ ਸਿਰਫ਼ 3 ਸੀਟਾਂ ਸਨ ਤੇ ਹੁਣ ਉਸ ਕੋਲ 11 ਸੀਟਾਂ ਹੋ ਗਈਆਂ ਹਨ। ਕੈਲਗਰੀ ਨੌਰਥ ਈਸਟ ਦੇ 3 ਵਿਧਾਨਸਭਾ ਖੇਤਰਾਂ (ਕੈਲਗਰੀ-ਨੌਰਥ ਈਸਟ, ਕੈਲਗਰੀ-ਭੁੱਲਰ-ਮੈਕੌਲ, ਅਤੇ ਕੈਲਗਰੀ-ਫੌਲਕਨਰਿਜ) ਵਿੱਚ ਐਨਡੀਪੀ ਦੇ ਤਿੰਨੇ ਉਮੀਦਵਾਰ (ਗੁਰਿੰਦਰ ਬਰਾੜ, ਇਰਫਾਨ ਸਾਬਿਰ ਅਤੇ ਪਰਮੀਤ ਸਿਘ ਬੋਪਾਰਾਇ) ਚੋਣ ਜਿੱਤ ਗਏ ਹਨ। ਯੂਸੀਪੀ ਦੇ ਤਿੰਨ ਉਮੀਦਵਾਰਾਂ (ਇੰਦਰਜੀਤ ਗਰੇਵਾਲ, ਅਮਨਪ੍ਰੀਤ ਸਿੰਘ ਗਿੱਲ ਅਤੇ ਦਵਿੰਦਰ ਤੂਰ) ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਦਵਿੰਦਰ ਤੂਰ ਪਿਛਲੀ ਸਰਕਾਰ ਵਿੱਚ ਪਾਰਲੀਮਾਨੀ ਸਕੱਤਰ ਵੀ ਸਨ। ਕਈ ਵਿਧਾਨਸਭਾ ਖੇਤਰਾਂ ਵਿੱਚ ਜਿੱਤ-ਹਾਰ ਦਾ ਬਹੁਤ ਥੋੜ੍ਹਾ ਅੰਤਰ ਰਿਹਾ ਹੈ। ਬਹੁਤ ਸਾਰੇ ਮੰਤਰੀ ਚੋਣ ਹਾਰ ਗਏ ਹਨ। ਕੁੱਝ ਤਾਂ ਸਹਿਕਦੇ ਹੋਏ ਹੀ ਜਿੱਤੇ ਹਨ। ਐਨਡੀਪੀ ਦੀ ਇਸ ਹਾਰ ਦਾ ਕੀ ਮਤਲਬ ਹੈ? ਇੱਕ ਤਾਂ ਇਹ, ਕਿ ਉਹ ਸੂਬਾ ਵਾਸੀਆਂ ਨੂੰ ਇਹ ਗੱਲ ਦੱਸਣ ਤੋਂ ਅਸਮਰਥ ਰਹੇ ਕਿ ਉਹਨਾਂ ਦੀ ਸਰਕਾਰ ਬਣਨ 'ਤੇ ਰੂਰਲ ਐਲਬਰਟਾ ਨੂੰ ਕੀ ਲਾਭ ਮਿਲੇਗਾ, ਦੂਜਾ ਨੈਗੇਟਿਵ ਪ੍ਰਚਾਰ ਬਹੁਤ ਹੱਦ ਤੱਕ ਐਨਡੀਪੀ ਦੇ ਵਿਰੋਧ ਵਿੱਚ ਗਿਆ। ਯੂਸੀਪੀ ਨੂੰ ਸਬਕ ਸਿੱਖਣਾ ਪਵੇਗਾ। ਸਰਕਾਰ ਚਲਾਉਣੀ ਬਹੁਤ ਔਖੀ ਹੋਵੇਗੀ। ਪਾਰਟੀ ਦੇ ਅੰਦਰ ਪਾਟੋਧਾੜ ਨੂੰ ਰੋਕਣਾ ਮੁਸ਼ਕਿਲ ਹੋਵੇਗਾ।

ਮੇਰੀ ਜਾਚੇ, ਧਾਰਮਿਕ ਅਦਾਰਿਆਂ ਨੂੰ ਪੌੜੀ ਬਣਾ ਕੇ ਸਿਆਸਤ ਦੇ ਚੁਬਾਰੇ ਚੜ੍ਹਨਾ ਠੀਕ ਨਹੀਂ। ਸਾਡੇ ਇੱਕ ਧਾਰਮਿਕ ਅਦਾਰੇ ਦੇ ਦੋ ਸਾਬਕਾ ਪ੍ਰਧਾਨ ਦੋ ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਚੋਣ ਮੈਦਾਨ ਵਿੱਚ ਸਨ। ਇਸ ਧਾਰਮਿਕ ਅਦਾਰੇ ਨਾਲ ਜੁੜੇ ਵਿਅਕਤੀ ਦੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਉਮੀਦਵਾਰ ਦਾ ਸਮਰਥਨ ਕਰ ਰਹੇ ਸਨ। ਇਹ 'ਆਇਡੈਂਟਿਟੀ ਪੌਲਿਟਿਕਸ' ਸਾਡੇ ਮੁਲਕ ਦੇ ਸਿਆਸ ਭਵਿੱਖ ਲਈ ਸਿਹਤਮੰਦ ਰੁਝਾਣ ਨਹੀਂ ਹੈ। ਇਸ ਨਾਲ ਸਮਾਜ ਵਿੱਚ ਕੁੜੱਤਣ ਵਧੇਗੀ ਹੀ। ਕਮਿਉਨਟੀ ਪੌਲਿਟਿਕਸ ਵੀ ਸਹੀ ਰੁਝਾਣ ਨਹੀਂ ਹੈ। ਲੋਕਾਂ ਦੀਆਂ ਸਮਸਿਆਂਵਾਂ ਦਾ ਹੱਲ ਇਸ ਅਧਾਰ 'ਤੇ ਨਹੀਂ ਹੋ ਸਕਦਾ ਕਿ ਕੋਈ ਵਿਅਕਤੀ ਕਿਸ ਧਰਮ, ਕਿਸ ਸ਼ਹਿਰ ਜਾਂ ਕਿਸ ਫਿਰਕੇ ਨਾਲ ਸੰਬੰਧਤ ਹੈ! ਜੇ ਇਸ ਸੋਚ ਨੂੰ ਨਾ ਬਦਲਿਆ ਗਿਆ ਤਾਂ ਆਉਣ ਵਾਲਾ ਸਮਾਂ ਸਾਡੇ ਬੱਚਿਆਂ ਵਾਸਤੇ ਠੀਕ ਨਹੀਂ ਹੋਵੇਗਾ।

ਡੈਨਿਐਂਲ ਸਮਿਥ ਵਾਸਤੇ ਵੱਡੀ ਚੁਣੌਤੀ ਹੈ। ਆਪਣੀ ਪਾਰਟੀ ਨੂੰ ਇੱਕਮੁੱਠ ਰੱਖਣਾ, ਕੀਤੇ ਵਾਅਦੇ ਪੂਰੇ ਕਰਨੇ, ਬੀਤੇ ਦੀਆਂ ਗ਼ਲਤੀਆਂ ਤੋਂ ਸਬਕ ਸਿੱਖ ਕੇ ਅੱਗੋਂ ਤੋਂ ਗ਼ਲਤੀ ਨਾ ਕਰਨਾ, ਪਾਰਟੀ ਅੰਦਰ ਪਾਟੋਧਾੜ ਨੂੰ ਖ਼ਤਮ ਕਰਨਾ ਉਹਨਾਂ ਵਾਸਤੇ ਵੱਡਾ ਚੈਲੇਂਜ ਹੈ। ਐਨਡੀਪੀ ਲੀਡਰ ਰੇਚੈਲ ਨੌਟਲੀ ਵਾਸਤੇ ਔਖਾ ਰਸਤਾ ਹੈ। ਓਹ ਪੰਜਵੀਂ ਵਾਰ ਵਿਧਾਇਕ ਬਣੇ ਹਨ। ਪਾਰਟੀ ਨੂੰ ਉਹਨਾਂ ਅਤੇ ਉਹਨਾਂ ਦੇ ਪਿਤਾ ਨੇ ਸਿੰਜਿਆ ਹੈ। ਉਸ ਨੂੰ ਲਾਵਾਰਿਸ ਛੱਡ ਕੇ ਪਰ੍ਹੇ ਹੋ ਜਾਣਾ ਸੌਖਾ ਨਹੀਂ। ਨੌਟਲੀ ਤੋਂ ਬਿਨਾ ਇਸ ਪਾਰਟੀ ਨੂੰ ਸੰਭਾਲਣਾ ਕਿਸੇ ਵਾਸਤੇ ਵੀ ਸੌਖਾ ਨਹੀਂ ਹੈ। ਇਸ ਲਈ ਚੈਲੇਂਜ ਉਹਨਾਂ ਕੋਲ ਵੀ ਹੈ। ਪਹਿਲੀ ਵਾਰ ਬਹੁਤ ਮਜ਼ਬੂਤ ਧਿਰ ਬਣੀ ਹੈ। ਵਿਧਾਨਸਭਾ ਵਿੱਚ ਸਰਕਾਰ ਲਈ ਬਹੁਤ ਔਖਾ ਕੰਮ ਸਾਹਮਣੇ ਹੈ। ਲੋਕਾਂ ਵਾਸਤੇ ਚੈਲੇਂਜ ਹੈ ਕਿ ਉਹਨਾਂ ਨੇ ਸਰਕਾਰ ਕੋਲੋਂ ਕੀਤੇ ਵਾਅਦੇ ਕਿਵੇਂ ਪੂਰੇ ਕਰਵਾਉਣੇ ਹਨ।ਆਉਣ ਵਾਲਾ ਸਮਾਂ ਬਹੁਤ ਦਿਲਚਸਪ ਹੋਵੇਗਾ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**


**Edmonton**
Sukhdev Singh Dhanoa
780 700 5022, 780 599 2000
Email: sukhdevdhanoa@gmail.com


**Edmonton**
Parminder Singh Balluana
780-258-5800
780 599 2000
Email: balluana.parminder@gmail.com


**Regina**
Gurbinder Singh Gagowal
306 520 4313, 639 999 1000
Email: gur.gago@gmail.com


**Saskatoon**
Rishi Joshi
639 742 1200
639 999 1000
Rishijoshi1990 @hotmail.com


**Winnipeg**
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਲਵ ਯੂ ਮਾਮ ਐਂਡ ਡੈਡ



ਨਾਹਰ ਔਜਲਾ 'ਕੈਨੇਡਾ'
416-728-5686

ਕੁੱਝ ਸਮੇਂ ਲਈ ਉਹ ਆਪਣਾ ਧਿਆਨ ਇਸ ਘਟਨਾ ਵੱਲੋਂ ਹਟਾਉਣਾ ਚਾਹੁੰਦੀ ਸੀ, ---ਪਰ ਪਤਾ ਨਹੀਂ ਕਿਉਂ, ਇਹ ਗੱਲ ਉਸਦੇ ਦਿਮਾਗ 'ਚੋਂ ਨਿਕਲਦੀ ਹੀ ਨਹੀਂ ਸੀ।--- ਉਂਝ ਤਾਂ ਪਹਿਲਾਂ ਵੀ ਕਿਸੇ ਵੱਡੀ ਘਟਨਾ ਕਰਕੇ ਉਹ ਪ੍ਰੇਸ਼ਾਨ ਹੋ ਜਾਂਦੀ ਸੀ ਪਰ ਅੱਜ ਵਰਗੀ ਘਟਨਾ ਦਾ ਤਾਂ ਉਸ ਨੇ ਪਹਿਲੀ ਵਾਰ ਹੀ ਸਾਹਮਣਾ ਕੀਤਾ ਸੀ। ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੀ ਸੀ ਕਿ ਮਨੁੱਖ ਦਾ ਆਲਾ ਦੁਆਲਾ, ਸਕੂਲੀ ਸਿੱਖਿਆ, ਜ਼ਿੰਦਗੀ ਦਾ ਗਿਆਨ, ਹਾਲਾਤ ਤੇ ਤਜਰਬਾ ਹੀ ਉਸਦੇ ਜੀਵਨ ਵਿਕਾਸ 'ਚ ਇੱਕ ਨਿੱਗਰ ਰੋਲ ਨਿਭਾਉਂਦੇ ਹਨ। ਪਰ ਅੱਜ ਜੋ ਕੁੱਝ ਵਾਪਰਿਆਂ ਇਸ ਬਾਰੇ ਤਾਂ ਉਸ ਨੇ ਕਦੀ ਸੋਚਿਆ ਵੀ ਨਹੀਂ ਸੀ। ਉਹ ਜਦੋਂ ਵੀ ਕਿਸੇ ਹੋਰ ਗੱਲ ਬਾਰੇ ਸੋਚਣ ਲੱਗਦੀ, ਧਿਆਨ ਫੇਰ ਉੱਥੇ ਹੀ ਜਾ ਜੁੜਦਾ। ਉਸ ਦੀ ਇਹ ਚੁੱਪ ਉਸ ਦੀ ਮਾਮ ਨੂੰ ਫਿਕਰਾਂ 'ਚ ਪਾ ਰਹੀ ਸੀ।

“ਬੇਟਾ ਤੇਰੇ ਲਈ ਕੁੱਝ ਖਾਣ ਨੂੰ ਬਣਾਵਾਂ, ਚਾਹ ਦੀ ਘੁੱਟ ਹੀ ਪੀ ਲੈ” ਹਰਜਿੰਦਰ ਦੋ ਵਾਰ ਆ ਕੇ ਪੁੱਛ ਗਈ ਸੀ। ਪਰ ਉਸ ਦਾ ਇੱਕੋ ਹੀ ਜਵਾਬ ਸੀ, “ਮਾਮ ਭੁੱਖ ਨਹੀਂ ਹੈ, ਕੌਫੀ ਔਲਰੈਡੀ ਪੀ ਲਈ ਸੀ।” ---ਅੱਜ ਬਾਰੇ ਸੋਚਦੀ ਦਾ ਉਸ ਦਾ ਧਿਆਨ ਵਰਜੀਨੀਆ ਵਾਲੇ ਖ਼ੌਫ਼ਨਾਕ ਹਾਦਸੇ ਨਾਲ ਜਾ ਜੁੜਿਆ,---ਉੱਥੇ ਜੋ ਕੁੱਝ ਵਾਪਰਿਆ ਉਹ ਸਾਰਾ ਸੀਨ ਫਿਰ ਤੋਂ ਉਸ ਦੇ ਦਿਮਾਗ 'ਚ ਉੱਭਰ ਆਇਆ। ਉਦੋਂ ਉਹ ਰਾਈਟ ਸਟੇਟ ਯੂਨੀਵਰਸਿਟੀ 'ਚ ਪੜ੍ਹਦੀ ਸੀ, ਜਦੋਂ ਉਹ ਆਪਣੀ ਟੀਮ ਨਾਲ ਵਰਜੀਨੀਆ 'ਚ ਸੌਕਰ ਦਾ ਮੈਚ ਖੇਡਣ ਗਈ ਸੀ। ਬਰੇਕਫ਼ਾਸਟ ਕਰ ਕੇ ਸਾਰੀ ਟੀਮ ਅਜੇ ਹੋਟਲ ਦੀ ਲੌਬੀ 'ਚ ਹੀ ਇਕੱਠੀ ਹੋ ਰਹੀ ਸੀ, ਉਸੇ ਸਮੇਂ ਦੀਵਾਲੀ ਦੇ ਪਟਾਕਿਆਂ ਵਾਂਗ ਅਵਾਜ਼ਾਂ ਸੁਣਾਈ ਦੇਣ ਲੱਗੀਆਂ, ਇੱਕ ਦਮ ਹਾਹਾ ਕਾਰ ਮੱਚ ਗਈ,---ਲੋਕ ਪਾਗਲਾਂ ਵਾਂਗ ਸੜਕਾਂ 'ਤੇ ਦੌੜ ਰਹੇ ਸਨ,---ਸਭ ਪਾਸੇ ਚੀਕ-ਚਿਹਾੜਾ ਸੀ---

ਪੁਲੀਸ ਦੀਆਂ ਗੱਡੀਆਂ ਅਤੇ ਸਾਇਰਨ ਮਾਰਦੀਆਂ ਐਂਬੂਲੈਂਸਾਂ ਸੜਕਾਂ 'ਤੇ ਸਪਾਟ ਦੌੜਦੀਆਂ ਨਜ਼ਰ ਆ ਰਹੀਆਂ ਸਨ। ਕੁੱਝ ਸਮੇਂ ਬਾਅਦ ਹੀ ਪੂਰੇ ਸ਼ਹਿਰ 'ਚ ਮਾਤਮ ਛਾ ਗਿਆ ਸੀ।---ਕਿਸੇ ਸਿਰ ਫਿਰੇ ਨੇ ਆਟੋਮੈਟਿਕ ਗੰਨਾ ਨਾਲ ਟੈਕ ਯੂਨੀਵਰਸਿਟੀ ਦੇ ਦਰਜ਼ਨਾ ਹੀ ਨਿਹੱਥੇ ਸਟੂਡੈਂਟਸ ਮਾਰ ਦਿੱਤੇ ਸਨ। ਟੀਮ ਮੈਂਬਰਾਂ ਦੀਆਂ ਅੱਖਾਂ 'ਚੋਂ ਪਰਲ-ਪਰਲ ਹੰਝੂ ਵਗ ਰਹੇ ਸਨ,---ਸਭ ਦੇ ਚੇਹਰਿਆਂ 'ਤੇ ਖ਼ੌਫ਼ ਭਰੇ ਹਾਵ-ਭਾਵ ਸਾਫ ਨਜ਼ਰ ਆਉਂਦੇ ਸਨ। ਹਰ ਕਿਸੇ ਦੇ ਬੁੱਲਾਂ 'ਤੇ ਇੱਕੋ ਸਵਾਲ ਸੀ, 'ਵਾਰ ਵਾਰ ਕਿਉਂ ਵਾਪਰਦੇ ਨੇ ਇਹੋ ਜਿਹੇ ਹਾਦਸੇ।'---ਪਰ ਇਸਦਾ ਢੁੱਕਵਾਂ ਜਵਾਬ ਕਿਸੇ ਕੋਲ ਵੀ ਨਹੀਂ ਸੀ। ਇਸ ਵਾਰ ਵੀ ਲੱਖਾਂ ਹੀ ਸਟੂਡੈਂਟਸ ਆਪਣਾ ਰੋਸ ਪ੍ਰਗਟ ਕਰਨ ਲਈ ਸੜਕਾਂ 'ਤੇ ਆਏ। ਸਿਸਟਮ ਪਹਿਲਾਂ ਵਾਂਗ ਹੀ ਗੂੰਗਾ ਬੋਲਾ ਬਣਿਆ ਰਿਹਾ,--- ਕੁੱਝ ਦਿਨਾਂ ਬਾਅਦ ਹੀ ਜ਼ਿੰਦਗੀ ਆਮ ਵਾਂਗ ਚੱਲ ਰਹੀ ਸੀ, ਜਿਵੇਂ ਕੁੱਝ ਵੀ ਨਾ ਵਾਪਰਿਆ ਹੋਵੇ।

“ਹਰ ਸਕੂਲ 'ਚ ਕੁੱਝ ਟੀਚਰਾਂ ਨੂੰ ਟਰੇਂਡ ਕਰ ਕੇ ਹਥਿਆਰਾਂ ਨਾਲ ਲੈਸ ਕੀਤਾ ਜਾਵੇਗਾ,---ਫਿਰ ਉਹੀ ਟੀਚਰ ਸਕੂਲਾਂ 'ਚ ਹੁੰਦੀ ਸ਼ੂਟਿੰਗ ਦਾ ਮੁਕਾਬਲਾ ਕਰਿਆ ਕਰਨਗੇ”--- ਅਮਰੀਕਾ ਦੇ ਪਰੈਜ਼ੀਡੈਂਟ ਦਾ ਆਮ ਵਾਂਗ ਹੀ ਮੂਰਖਾਨਾ ਜਿਹਾ ਬਿਆਨ ਸੀ, ਜਿਸ ਨਾਲ ਹਥਿਆਰਾਂ ਦੀ ਵਿੱਕਰੀ 'ਚ ਹੈਰਾਨੀ ਜਨਕ ਵਾਧਾ ਹੋਇਆ ਸੀ।

ਫ਼ੋਨ ਦੀ ਬੈੱਲ ਵੱਜਣ ਨਾਲ ਕਮਲ ਦੇ ਖ਼ਿਆਲਾਂ ਦੀ ਲੜੀ ਅੱਧ ਵਿਚਕਾਰੋਂ ਹੀ ਟੁੱਟ ਗਈ। ਉਹ ਰਿੰਗ ਟੋਨ ਤੋਂ ਹੀ ਜਾਣ ਗਈ ਸੀ, ਕਿ ਇਹ ਰੈਂਡੀ ਦਾ ਹੀ ਫ਼ੋਨ ਹੈ। ਕਮਲ ਨੇ ਜਦੋਂ ਦਾ ਰੈਂਡੀ ਨੂੰ ਅੱਜ ਦੀ ਘਟਨਾ ਬਾਰੇ ਇਸ਼ਾਰਾ ਜਿਹਾ ਕੀਤਾ ਸੀ, ਉਦੋਂ ਦਾ ਹੀ ਉਹ ਕਈ ਵਾਰ ਫ਼ੋਨ ਕਰ ਚੁੱਕਾ ਸੀ।

“ਹੈਲੋ ਰੈਂਡੀ, ਵਾਏ ਆਰ ਯੂ ਸੋ ਵੱਰੀਅਡ?”---ਕਮਲ ਨੇ ਫ਼ੋਨ ਚੁੱਕਦਿਆਂ ਹੀ ਕਿਹਾ। ---

“ਬੇਬ ਆਈ ਐਮ ਓ-ਕੇ---ਜਸਟ ਵਾਂਟਡ ਟੂ ਟੈਲ ਯੂ, ਦੈਟ ਐਮ ਕੰਮਿੰਗ ਟੂ ਨਿਊ-ਯੌਰਕ ਦਿਸ ਵੀਕਐਂਡ। ਹੌ ਇਜ਼ ਯੂਅਰ”---ਰੈਂਡੀ ਦੀ ਗੱਲ ਨੂੰ ਕਮਲ ਨੇ ਵਿੱਚੋਂ ਹੀ ਕੱਟ ਦਿੱਤਾ ਸੀ,---“ਵੀ ਜਸਟ ਮੈਟ ਲਾਸਟ ਵੀਕ, ---ਓ-ਕੇ, ਸੀ ਯੂ”--- ਕਹਿ ਕੇ ਕਮਲ ਨੇ ਫ਼ੋਨ ਬੰਦ ਕਰ ਦਿੱਤਾ ਸੀ।

ਯੂਨੀਵਰਸਿਟੀ ਦੀ ਪੋਸਟ ਡਿਗਰੀ ਮਿਲਣ ਤੋਂ ਬਾਅਦ ਹੀ ਕਮਲ ਨੂੰ ਇੱਕ ਪਬਲਿਕ ਆਫ਼ਿਸ 'ਚ ਚੰਗੀ ਪੇਅ ਵਾਲੀ ਜੌਬ ਮਿਲ ਗਈ ਸੀ ਪਰ ਇਸ ਜੌਬ ਤੇ ਉਹ ਮਨੋਂ ਖ਼ੁਸ਼ ਨਹੀਂ ਸੀ। ਕੁੱਝ ਮਹੀਨਿਆਂ ਬਾਅਦ ਹੀ ਉਸ ਨੇ ਇਸ ਜੌਬ ਨੂੰ ਛੱਡ ਕੇ ਸੋਸਲ ਐਕਟੇਵਿਸ਼ਟ ਬਣਨ ਦਾ ਮਨ ਬਣਾ ਲਿਆ ਸੀ। ਰੈਂਡੀ ਦੀ ਜੌਬ ਵਾਸ਼ਿੰਗਟਨ ਸ਼ਹਿਰ 'ਚ ਸੀ। ਹਰ ਹਫ਼ਤੇ ਜਾਂ ਦੋ ਹਫ਼ਤਿਆਂ ਬਾਅਦ ਇੱਕ ਜਾਣਾ ਜਾਂ ਨਿਊ-ਯੌਰਕ ਆਉਂਦਾ ਸੀ ਜਾਂ ਦੂਜਾ ਵਾਸ਼ਿੰਗਟਨ ਜਾਂਦਾ। ਰੈਂਡੀ ਜਦੋਂ ਵੀ ਕਮਲ ਨੂੰ ਮਿਲਦਾ ਤਾਂ ਕਮਲ ਦੇ ਡੈਡ ਬਾਰੇ ਜ਼ਰੂਰ ਗੱਲ ਤੋਰਦਾ। ਰੈਂਡੀ ਅੱਜ ਵੀ ਪੁੱਛਣ ਹੀ ਲੱਗਿਆ ਸੀ ਤੇ ਗੱਲ ਕਮਲ ਨੇ ਕੱਟ ਦਿੱਤੀ ਸੀ। ਇਸੇ ਗੱਲ ਨੂੰ ਯਾਦ ਕਰ ਕੇ ਉਹ ਆਪ ਮੁਹਾਰੇ ਹੀ ਹੱਸ ਪਈ ਸੀ।

ਰੈਂਡੀ ਦਾ ਪੂਰਾ ਨਾਂ ਰੈਂਡੀ ਸਿੰਘ ਹੈ, ਉਸ ਦਾ ਪਿਛੋਕੜ ਵੈਸਟ ਇੰਡੀਜ ਦੇ ਆਈਲੈਂਡ ਬਾਰਬੇਡੋਜ ਤੋਂ ਹੋਣ ਕਰ ਕੇ ਜਦੋਂ ਹੀ ਕਮਲ ਨੇ ਡੈਡ ਨਾਲ ਉਸ ਬਾਰੇ ਗੱਲ ਤੋਰੀ ਸੀ,---“ਮੈਨੂੰ ਸੋਚਣ ਦਾ ਟਾਈਮ ਚਾਹੀਦਾ” --- ਕਹਿ ਕੇ ਦੇਵ ਨੇ ਕਈ ਹਫ਼ਤੇ ਘਰ 'ਚ ਚੰਗੀ ਤਰ੍ਹਾਂ ਗੱਲ ਹੀ ਨਹੀਂ ਸੀ ਕੀਤੀ। ਇਹ ਤਾਂ ਉਸ ਨੂੰ ਪਤਾ ਸੀ ਕਿ ਜੋ ਗੱਲ ਕਮਲ ਨੂੰ ਠੀਕ ਲੱਗਦੀ ਹੈ, ਉਸ ਨੂੰ ਤਾਂ ਫਿਰ ਉਹ ਕਰਕੇ ਹੀ ਹਟੇਗੀ। ਇਸ ਰਿਸ਼ਤੇ ਤੋਂ ਜਵਾਬ ਦੇਣ ਵਾਲੀ ਗੱਲ ਤੇ, ਉਸ ਨੂੰ ਆਪਣੀ ਸੋਚ ਵੀ ਫਿਟਕਾਰਾਂ ਪਾਉਣ ਲੱਗਦੀ। ਪਰ ਕਈ ਦੂਰ ਨੇੜੇ ਦੇ ਰਿਸ਼ਤੇਦਾਰਾਂ ਨੇ ਤਾਂ ਉਹਨਾਂ ਦੇ ਆਪਣੇ ਜੁਆਕਾਂ ਕੋਲੋਂ ਪਤਾ ਲੱਗਣ ਤੇ ---ਇਸ ਵਿਆਹ ਨੂੰ ਮਾੜੀ ਲੀਹ ਦੀ ਸ਼ੁਰੂਆਤ ਕਹਿਣਾ ਸ਼ੁਰੂ ਕਰ ਦਿੱਤਾ ਸੀ।

ਉਸ ਦੇ ਤਾਏ ਦੇ ਪੁੱਤ ਗੁਰਨਾਮ ਨੇ ਤਾਂ ਸ਼ਾਮ ਨੂੰ ਦੋ ਪੈੱਗ ਲਾ ਕੇ ਫ਼ੋਨ 'ਤੇ ਕਹਿ ਦਿੱਤਾ ਸੀ, “ਰਿਸ਼ਤਾ ਕਰਨਾ ਤੇਰੀ ਮਰਜੀ, ਪਰ ਅਸੀਂ ਇਸ ਵਿਆਹ 'ਚ ਨਹੀਂ ਵੜਨਾ।”

ਰੈਂਡੀ ਵਾਲੀ ਗੱਲ ਤਾਂ ਕਮਲ ਨੇ ਆਪਣੀ ਮਾਮ ਨਾਲ ਕਾਫੀ ਦੇਰ ਤੋਂ ਸਾਂਝੀ ਕੀਤੀ ਹੋਈ ਸੀ। ਹਰਜਿੰਦਰ ਨੇ ਹੀ ਕਮਲ ਨੂੰ ਰਾਇ ਦਿੱਤੀ ਸੀ, ਕਿ ਕਿਤੇ ਚੰਗਾ ਜਿਹਾ ਮੌਕਾ ਦੇਖ ਕੇ ਉਹ ਆਪਣੇ ਡੈਡ ਨੂੰ ਸਭ ਕੁੱਝ ਸ਼ਪੱਸਟ ਕਰ ਦੇਵੇ। ਹਰਜਿੰਦਰ ਹੁਣ ਕਾਫੀ ਦਿਨਾਂ ਤੋਂ ਦੇਵ ਨੂੰ ਵਾਚ ਕਰ ਰਹੀ ਸੀ, ਉਸ ਨੂੰ ਠੀਕ ਤਰ੍ਹਾਂ ਨੀਂਦ ਨਹੀਂ ਸੀ ਆ ਰਹੀ, ਰਾਤ ਨੂੰ ਕਈ-ਕਈ ਵਾਰ ਉੱਠਦਾ, ਸੁਭਾਅ ਵੀ ਥੋੜਾ ਚਿੜਚਿੜਾ ਜਿਹਾ ਹੋ ਗਿਆ ਸੀ। ਉਹ ਚਾਹੁੰਦੀ ਸੀ ਕਿ ਦੇਵ ਪਹਿਲਾਂ ਆਪਣੇ ਅੰਦਰਲੇ ਨਾਲ ਲੜ ਝਗੜ ਕੇ ਆਪ ਹੀ ਕਿਸੇ ਫੈਸਲੇ ਤੇ ਪਹੁੰਚ ਲਵੇ, ਉਹ ਫੇਰ ਹੀ ਉਸ ਨਾਲ ਗੱਲ ਤੋਰੇਗੀ। ਦੇਵ ਜਦੋਂ ਵੀ ਕਦੇ ਇਹੋ ਜਿਹੀ ਸਥਿਤੀ 'ਚ ਉਲਝਦਾ ਉਹ ਫੇਰ ਜਾਂ ਤਾਂ ਪ੍ਰੀਵਾਰਕ ਮੈਂਬਰਾਂ ਨੂੰ ਵੱਢ ਖਾਣ ਵਾਂਗੂ ਪੈਂਦਾ ਜਾਂ ਫਿਰ ਚੁੱਪ ਹੀ ਹੋ ਜਾਂਦਾ। ਆਪਣੇ ਆਪ ਨਾਲ ਅੰਦਰੋਂ ਅੰਦਰੀ ਹੀ ਕੁੜਦਾ ਰਹਿੰਦਾ। ਇਹੋ ਜਿਹੀ ਹਾਲਤ ਕਈ ਵਾਰ ਤਾਂ ਦੋ ਦੋ ਹਫ਼ਤੇ ਤੱਕ ਬਣੀ ਰਹਿੰਦੀ। ਘੜੀ ਦੀਆਂ ਸੂਈਆਂ ਮਸਲੇ ਦੀ ਪੇਚੀਦਗੀ ਨਾਲ ਹੀ ਨੱਥੀ ਹੋ ਜਾਂਦੀਆਂ। ਰਾਤ ਨੂੰ ਨੀਂਦ ਨਾ ਆਉਣ ਤੇ ਉਹ ਬਾਹਰ ਸੜਕ 'ਤੇ ਓਨੀ ਦੇਰ ਤੱਕ ਦੌੜਦਾ ਰਹਿੰਦਾ ਜਦੋਂ ਤੱਕ ਲੱਤਾਂ ਪੂਰੀ ਤਰ੍ਹਾਂ ਜਵਾਬ ਨਾ ਦੇ ਜਾਂਦੀਆਂ,---ਕੜਾਕੇ ਦੀ ਠੰਡ ਜਾਂ ਸਨੋਅ ਪੈਣ ਸਮੇਂ ਉਸ ਨੇ ਬੇਸਮੈਂਟ 'ਚ ਫਿੱਟ ਕੀਤੇ ਬੌਕਸਿੰਗ ਬੈਗ 'ਤੇ ਉਦੋਂ ਤੱਕ ਮੁੱਕੇ ਮਾਰਦੇ ਰਹਿਣਾ ਜਦੋਂ ਤੱਕ ਹੱਥਾਂ 'ਤੋਂ ਮਾਸ ਨਾ ਛਿੱਲਿਆ ਜਾਂਦਾ ਤਾਂ ਕਿਤੇ ਜਾ ਕੇ ਉਸ ਨੂੰ ਨੀਂਦ ਆਉਂਦੀ ਸੀ। ਜਦੋਂ ਕਦੀ ਗੁੱਸੇ 'ਚ ਆਏ ਨੇ ਰੱਜ ਕੇ ਦਾਰੂ ਪੀ ਲੈਣੀ ਫੇਰ ਤਾਂ ਸਾਰੀ ਰਾਤ ਪਾਸੇ ਮਾਰਦਿਆਂ ਜਾਂ ਸਿਰ ਦੇ ਦਰਦ ਨਾਲ ਤੜਪਦਿਆਂ ਹੀ ਨਿਕਲ ਜਾਂਦੀ। --- ਕਦੇ ਆਪੇ ਘੜੀਆਂ ਦਲੀਲਾਂ ਨਾਲ ਉਸ ਨੂੰ ਦੋਸ਼ੀ ਸਾਬਤ ਕਰਦਾ ਰਹਿੰਦਾ ਜਿਸ ਨਾਲ ਨਰਾਜ਼ਗੀ ਹੁੰਦੀ ਸੀ। ਕੁੱਝ ਦਿਨਾਂ ਬਾਅਦ ਫੇਰ ਆਪਣੀਆਂ ਕਮਜ਼ੋਰੀਆਂ 'ਤੇ ਉਂਗਲ ਧਰਦਾ ਤਾਂ ਕਿਤੇ ਜਾ ਕੇ ਕਿਸੇ ਸਹੀ ਸਿੱਟੇ 'ਤੇ ਪਹੁੰਚਦਾ।

ਔਰਤ ਦੇਵ ਦੀ ਕਮਜ਼ੋਰੀ ਸੀ। ਉਸ ਦੀ ਹੀ ਕਿਉਂ? ਔਰਤ ਤਾਂ ਬਹੁਤੇ ਮਰਦਾਂ ਦੀ ਕਮਜ਼ੋਰੀ ਹੁੰਦੀ ਹੈ। ਖ਼ੂਬਸੂਰਤ ਤੇ ਹਰ ਪੱਖੋਂ ਨਿਭ ਸਕਣ ਵਾਲੀ ਔਰਤ ਦੇ ਹੁੰਦਿਆਂ ਵੀ ਮਰਦ ਹਰ ਸੁੰਦਰ ਔਰਤ ਨਾਲ ਸਮਾਂ ਬਿਤਾਉਣ ਦੀ ਲਾਲਸਾ ਰੱਖਦਾ। ਆਪਣੀ ਹਵਸ ਪੂਰੀ ਕਰਨ ਲਈ ਉਹ ਬਹੁਤ ਵਾਰ ਤਾਂ ਸੁਪਨਮਈ ਸੰਸਾਰ 'ਚ ਹੀ ਵਿਚਰਦਾ ਰਹਿੰਦਾ। ਆਪਣੀ ਪਤਨੀ ਨਾਲ ਸੌਦਿਆ ਸਮੇਂ ਦੇਵ ਵੀ ਕਈ ਵਾਰ ਇਹੋ ਜਿਹੇ ਸੁਪਨਮਈ ਸੰਸਾਰ 'ਚ ਗੇੜਾ ਲਾ ਆਉਂਦਾ। ਉਸ ਦੀ ਪਤਨੀ ਦਾ ਮਿਜ਼ਾਜ ਬੜਾ ਠੰਡਾ। ਇਹ ਗੱਲ ਤਾਂ ਉਸ ਨੇ ਹਰਜਿੰਦਰ ਨੂੰ ਵੀ ਕਈ ਵਾਰ ਕਹਿ ਦਿੱਤੀ ਸੀ, ---

“ਰੋਟੀ ਪਾਣੀ ਤਿਆਰ ਕਰਨਾ ਤੇ ਘਰ ਦੀ ਚੰਗੀ ਸੰਭਾਲ ਕਰਨਾ ਹੀ ਤਾਂ ਸਭ ਕੁੱਝ ਨਹੀਂ ਹੁੰਦਾ। ਮੈਂ ਤੇਰੇ ਤੋਂ ਬੇ-ਪਨਾਹ ਮੁਹੱਬਤ ਚਾਹੁੰਦਾ ਹਾਂ” ਦੇਵ ਇਹੋ ਜਿਹੇ ਮੌਕੇ 'ਤੇ ਭਾਵੁਕ ਹੋਇਆ ਕਈ ਵਾਰ ਤਾਂ ਰੋਣ ਵੀ ਲੱਗ ਪੈਂਦਾ। ਉਸ ਨੂੰ ਇਸ ਤਰ੍ਹਾਂ ਲਗਦਾ ਸੀ ਜਿਵੇਂ ਮੁਹੱਬਤ ਉਸ ਨਾਲ ਵੈਰ ਕਮਾ ਰਹੀ ਹੋਵੇ ਤੇ ਉਸ ਦੇ ਨੇੜਿਉ ਲੰਘ ਕੇ ਵੀ ਰਾਜ਼ੀ ਨਾ ਹੋਵੇ।

“ਮੈਨੂੰ ਨਹੀਂ ਪਤਾ ਲੱਗਦਾ ਕੀ ਕਰਾਂ, ਕਿਵੇਂ ਬਦਲਾਂ ਆਪਣੇ ਆਪ ਨੂੰ, ਮੇਰੇ ਕੋਲੋਂ ਨਹੀਂ ਹੋ ਰਿਹਾ। ਫੇਰ ਵੀ ਕੋਸ਼ਿਸ਼ ਕਰਦੀ ਹਾਂ ਕਿ ਤੁਹਾਡੀ ਹਰ ਲੋੜ ਦਾ ਧਿਆਨ ਰੱਖ ਸਕਾਂ।” ਹਰਜਿੰਦਰ ਵੀ ਇਹ ਗੱਲ ਕਈ ਵਾਰ ਦੁਹਰਾ ਚੁੱਕੀ ਸੀ।

ਜਦੋਂ ਵੀ ਕਦੀ ਦੋਹਾਂ ਵਿਚਕਾਰ ਕਿਸੇ ਗੱਲ 'ਤੇ ਤਕਰਾਰ ਹੋ ਜਾਂਦਾ ਤਾਂ ਦੇਵ ਨੂੰ ਹੀ ਆਪਣੀ ਲੋੜ ਮੁਤਾਬਕ ਝੁੱਕਣਾ ਪੈਂਦਾ ਸੀ। ਇਹੋ ਜਿਹੇ ਸਮੇਂ ਤੇ ਹਰਜਿੰਦਰ ਵੀ ਆਪਣੇ ਮਨ ਦੀ ਗੱਲ ਮਨਵਾਉਣ ਦਾ ਕੋਈ ਵੀ ਮੌਕਾ ਖੁੰਝਣ ਨਹੀਂ ਸੀ ਦਿੰਦੀ।

“ਰੈਂਡੀ ਸੁਭਾਅ ਦਾ ਸਾਊ ਮੁੰਡਾ ਹੈ, ਜੌਬ ਵੀ ਚੰਗੀ ਹੈ, ਫੇਰ ਦੱਸੋ ਰਿਸ਼ਤਾ ਕਰਨ 'ਚ ਦਿੱਕਤ ਕੀ ਹੈ?”- ਹਰਜਿੰਦਰ ਨੇ ਮਿੰਨਤਾਂ ਤਰਲਿਆਂ ਤੇ ਉੱਤਰੇ ਦੇਵ ਦੀ ਹਾਲਤ ਨੂੰ ਦੇਖ ਕੇ ਆਪਣਾ ਤੀਰ ਨਿਸ਼ਾਨੇ 'ਤੇ ਸੇਧ ਦਿੱਤਾ।

“ਤੈਨੂੰ ਸਾਰੀ ਗੱਲ ਦਾ ਪਹਿਲਾਂ ਹੀ ਪਤਾ ਸੀ, ਤੂੰ ਫੇਰ ਵੀ ਕੁੜੀ ਨੂੰ ਸਮਝਾਇਆ ਨਹੀਂ। ਆਪਾਂ ਰੈਂਡੀ ਦੇ ਪ੍ਰੀਵਾਰ ਨੂੰ ਕਦੇ ਨਹੀਂ ਮਿਲੇ ਅਤੇ ਨਾ ਹੀ ਉਹਨਾਂ ਦੇ ਰੀਤੀ ਰਿਵਾਜਾਂ ਨੂੰ ਜਾਣਦੇ ਹਾ, ਅਗਰ ਕੱਲ ਨੂੰ ਕੋਈ ਪਰਾਬਲਮ ਆ ਗਈ”---

“ਕਿਹੜੇ ਰੀਤੀ ਰਿਵਾਜਾਂ ਦੀ ਗੱਲ ਕਰਦੇ ਹੋ, ਇੱਥੋਂ ਦੇ ਜੰਮਪਲ ਬੱਚਿਆਂ ਦਾ ਆਪਣਾ ਹੀ ਕਲਚਰ ਹੈ, ਫੇਰ ਦੋਨੋਂ ਹੀ ਵਧੀਆ ਸੋਚ ਰੱਖਦੇ ਨੇ। ਤੁਹਾਨੂੰ ਗੱਲ ਮੰਨ ਲੈਣੀ ਚਾਹੀਦੀ ਹੈ।”

ਅੱਜ ਪਹਿਲੀ ਵਾਰ ਸੀ ਜਦੋਂ ਦੇਵ ਨੇ ਇਹੋ ਜਿਹੇ ਮੌਕੇ 'ਤੇ ਉਸ ਦੀ ਗੱਲ ਦਾ ਬੁਰਾ ਮਨਾਇਆ ਤੇ ਪਿੱਠ ਘੁਮਾ ਕੇ ਪੈ ਗਿਆ। ਹਰਜਿੰਦਰ ਵਲੋਂ ਕਈ ਵਾਰ ਕੋਸ਼ਿਸ਼ ਕਰਨ ਤੇ ਵੀ ਉਸ ਨੇ ਮੂੰਹ ਨਹੀਂ ਸੀ ਘੁਮਾਇਆ।

“ਪੈ ਜਾਹ ਹੁਣ, ਫੇਰ ਕਦੇ ਕਰਾਂਗੇ ਇਹ ਗੱਲ।” ਇਹ ਕਹਿ ਕੇ ਦੇਵ ਆਪਣੀਆਂ ਹੀ ਸੋਚਾਂ 'ਚ ਗੁਆਚ ਗਿਆ। ਹਰਜੀਤ ਤਖ਼ਤੂਪੁਰੀਏ ਦੀ ਬੇਟੀ, ਮਿੰਨੀ ਨੇ ਵੀ ਤਾਂ ਗੋਰੇ ਮੁੰਡੇ ਨਾਲ ਵਿਆਹ ਕਰਵਾ ਲਿਆ ਸੀ। ਉਹ ਆਪ ਵੀ ਮਿੰਨੀ ਦੇ ਘਰਵਾਲੇ ਜੌਰਜ ਨੂੰ ਕਈ ਪਾਰਟੀਆਂ 'ਚ ਮਿਲ ਚੁੱਕਿਆ ਸੀ, ਬੜਾ ਹੀ ਸਾਊ ਤੇ ਸੂਝਵਾਨ ਇਨਸਾਨ ਹੈ। ਹਰ ਵਕਤ ਹਸਦਾ ਮੁਸਕਰਾਉਂਦਾ ਹੀ ਰਹਿੰਦਾ। ਮਿੰਨੀ ਦੀ ਬੇਹੱਦ ਇੱਜਤ ਕਰਦਾ, ਬੱਚੇ ਦਾ ਡਾਇਪਰ ਵੀ ਆਪ ਚੈਂਜ ਕਰਦਾ। ਸਾਡੇ ਬਹੁਤੇ ਪੰਜਾਬੀ ਮੁੰਡੇ ਤਾਂ ਛੇਤੀ ਕੀਤਿਆਂ ਇਹੋ ਜਿਹੇ ਕੰਮ ਨਹੀਂ ਕਰਦੇ। ਰੈਂਡੀ ਦੇ ਮਾਮਲੇ 'ਚ ਉਹ ਅਜੇ ਤੱਕ ਵੀ ਸ਼ਪੱਸਟ ਨਹੀਂ ਸੀ ਹੋ ਸਕਿਆ। ਇਹਨਾਂ ਦਿਨਾ 'ਚ ਰੈਂਡੀ ਵਾਲੀ ਗੱਲ ਨਾਲੋਂ, ਕਮਲ ਆਪਣੇ ਕੰਮ ਤੇ ਵੱਧ ਫੋਕਸ ਕਰ ਰਹੀ ਸੀ।

ਕਮਲ ਦੀ ਨਿਗ੍ਹਾ ਸਾਹਮਣੇ ਚਲਦੇ ਟੀ ਵੀ 'ਤੇ ਪਈ, ਅੱਜ ਦੇ ਪ੍ਰੋਟੈਸਟ ਦੀ ਕੁੱਝ ਕੁ ਸਕਿੰਟਾਂ ਦੀ ਇੱਕ ਛੋਟੀ ਜਿਹੀ ਝਲਕ ਦਿਖਾਈ ਗਈ, ਨਾਲ ਹੀ ਪਰੈਜ਼ੀਡੈਂਟ ਦਾ ਗੈਰ ਕਾਨੂੰਨੀ ਤੌਰ ਤੇ ਰਹਿ ਰਹੇ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੇ ਜਾਣ ਦਾ ਬਿਆਨ ਵੀ ਦਿਖਾਇਆ ਜਾ ਰਿਹਾ ਸੀ। ਰੀਫ਼ਿਊਜੀਆਂ ਅਤੇ ਇੰਮੀਗਰੈਂਟਸ ਖ਼ਿਲਾਫ਼ ਨਫ਼ਰਤ ਪੈਦਾ ਕਰਨ ਦਾ ਕੋਈ ਵੀ ਮੌਕਾ ਪਰੈਜ਼ੀਡੈਂਟ ਖੁੰਝਣ ਨਹੀਂ ਸੀ ਦਿੰਦਾ।---

“ਗੋਰਿਆਂ ਦੀਆਂ ਵੋਟਾਂ ਲੈਣ ਲਈ ਨਫ਼ਰਤ ਪੈਦਾ ਕਰ ਰਿਹੈ” ਕਮਲ ਨੂੰ ਖਿਝ ਚੜ੍ਹ ਗਈ ਸੀ---ਉਹ ਇਸ ਗੱਲ ਤੋਂ ਵੀ ਬੜੀ ਚਿੰਤਤ ਸੀ ਕਿ ਇੱਥੇ ਘਰੇਲੂ ਹਿੰਸਾਂ ਵੱਧ ਰਹੀ ਹੈ, ਜੇਲ੍ਹਾਂ ਕੈਦੀਆਂ ਨਾਲ ਭਰੀਆਂ ਪਈਆਂ ਹਨ, ਮਨੁੱਖੀ ਅਧਿਕਾਰਾਂ ਦਾ ਘਾਣ ਹੋ ਰਿਹਾ ਹੈ, ਗਲੋਬਲ ਵਾਰਮਿੰਗ ਦਾ ਮਸਲਾ ਹੈ।--- ਫਿਰ ਵੀ ਨੌਜਵਾਨ ਬੱਚਿਆਂ ਦਾ ਇਹਨਾਂ ਮਸਲਿਆਂ ਪ੍ਰਤੀ ਕੋਈ ਸੰਜੀਦਾ ਲਗਾਓ ਨਹੀਂ ਹੈ। ਮੀਡੀਏ ਦੇ ਪ੍ਰਭਾਵ ਹੇਠ ਉਨ੍ਹਾਂ ਦੀਆਂ ਰੁੱਚੀਆਂ ਨੇਮ ਬਰੈਂਡਾਂ ਤੱਕ ਸੀਮਤ ਹੋ ਕੇ ਰਹਿ ਗਈਆਂ ਹਨ। ਵਿਦਿਅਕ ਸਿਸਟਮ ਰਾਂਹੀ ਚੰਗੇ ਇਨਸਾਨ ਨਹੀਂ ਸਗੋਂ ਮਸ਼ੀਨੀ ਪੁਰਜੇ ਹੀ ਪੈਦਾ ਕੀਤੇ ਜਾ ਰਹੇ ਹਨ। ਇਹ ਗੱਲਾਂ ਕਮਲ ਆਪਣੇ ਡੈਡ ਨਾਲ ਆਮ ਹੀ ਵਿਚਾਰਦੀ ਰਹਿੰਦੀ ਸੀ। ਨੌਜਵਾਨਾ ਬਾਰੇ ਸੋਚਦਿਆਂ ਹੀ ਉਹ ਮਨੀ ਨਾਲ ਹੋਈ ਚਰਚਾ ਬਾਰੇ ਸੋਚਣ ਲੱਗ ਪਈ। ਅਜੇ ਪਿਛਲੇ ਹਫ਼ਤੇ ਹੀ ਜਦੋਂ ਕਈ ਪਰਿਵਾਰ ਇਕੱਠੇ ਹੋ ਕੇ ਬੀਚ 'ਤੇ ਘੁੰਮਣ ਗਏ, ਉੱਥੇ ਪਾਰਕ 'ਚ ਬੈਠਿਆਂ ਹੀ ਕਮਲ ਨੇ ਗੱਲ-ਬਾਤ ਤੋਰ ਲਈ ਤਾਂ ਉਸ ਦੀ ਮਾਸੀ ਦੇ ਬੇਟੇ ਮਨੀ ਨੇ ਝੱਟ ਸਵਾਲ ਕਰ ਦਿੱਤਾ ਸੀ,---

“ਆਈ ਨੋਅ ਦੈਅਰ ਆਰ ਮੈਨੀ ਪਰਾਬਲਮਜ਼ ਇਨ ਅਮੈਰਿਕਾ, ਵਟਸ ਅਦਰ ਔਪਸ਼ਨ? --ਲੁੱਕ ਐਟ ਰਸ਼ੀਆ, ਚਾਈਨਾ, ਨੌਰਥ ਕੋਰੀਆ,--- ਨੋਅ ਡੈਮੋਕਰੈਸੀ --- ਵਨ ਪਾਰਟੀ ਡਿਕਟੇਟਰਸ਼ਿਪ।”

ਕਮਲ ਨੇ ਇਸ ਗੱਲ ਨਾਲ ਸਹਿਮਤ ਹੁੰਦਿਆ ਕਿਹਾ ਸੀ, “ਹਾਂ ਕੋਈ ਵੀ ਸਿਸਟਮ ਪਰਫੈਕਟ ਨਹੀਂ ਹੋ ਸਕਦਾ, ਪਰ ਜਿਸ ਤੇਜ਼ੀ ਨਾਲ ਗਰੀਬ ਅਮੀਰ 'ਚ ਪਾੜਾ ਇਹਨਾਂ ਦੇਸ਼ਾਂ 'ਚ ਵੱਧ ਰਿਹਾ ਹੈ, ਸਾਨੂੰ ਉਸ ਦੇ ਖਿਲਾਫ ਬੋਲਣਾ ਚਾਹੀਦੈ। ਵਰਨਾ ਕਿਸੇ ਕਿਸਮ ਦੀ ਸ਼ੁਰੂ ਹੋਈ ਫਿਰਕਾਪ੍ਰਸਤ ਹਿੰਸਾ ਜਾਂ ਸਿਵਲ ਵਾਰ ਦਾ ਸੇਕ ਫੇਰ ਸਾਡੇ ਤੱਕ ਵੀ ਪਹੁੰਚੇਗਾ।

ਇਸ ਚਲਦੀ ਗੱਲਬਾਤ 'ਚੋਂ ਹੀ ਦੇਵ ਬੀਚ ਵੱਲ ਨੂੰ ਤੁਰ ਪਿਆ ਸੀ। ਉਹ ਕਮਲ ਦੇ ਵਿਆਹ ਵਾਲੇ ਮਸਲੇ ਬਾਰੇ ਸੋਚਦਾ ਪਾਣੀ ਦੇ ਕੰਢੇ 'ਤੇ ਇੱਧਰ ਉੱਧਰ ਚੱਕਰ ਲਗਾ ਰਿਹਾ ਸੀ। ਉਸ ਨੂੰ ਕੱਲਾ ਦੇਖ ਕੇ ਹੀ ਹਰਜਿੰਦਰ ਪਾਣੀ ਦੀਆਂ ਛੱਲਾਂ ਦਾ ਅਨੰਦ ਮਾਣਦੀ ਹੋਈ ਉਸ ਕੋਲ ਜਾ ਪਹੁੰਚੀ ਸੀ।

“ਅੱਜ ਸੂਰਜ ਛਿੱਪਦਾ ਦੇਖ ਕੇ ਹੀ ਜਾਵਾਂਗੇ” ਹਰਜਿੰਦਰ ਨੇ ਦੁਮੇਲ 'ਚ ਢਲਦੇ ਜਾਂਦੇ ਸੂਰਜ ਵੱਲ ਦੇਖ ਕੇ ਕਿਹਾ ਸੀ।

“ਤੇਰੀ ਇਹ ਤਮੰਨਾ ਪੂਰੀ ਕਰੇ ਵਗੈਰ ਆਪਾਂ ਜਾ ਵੀ ਕਿਵੇਂ ਸਕਦੇ ਹਾਂ”--- ਦੇਵ ਨੂੰ ਉਸ ਦੇ ਦਿਲਚਸਪ ਸ਼ੌਕ ਦਾ ਪਤਾ ਸੀ। ਡੁੱਬਦੇ ਸੂਰਜ ਦੀ ਭਾਹ ਮਾਰਦੀ ਲਾਲੀ ਨੂੰ ਪਾਣੀ ਦੀਆਂ ਡੂੰਘਾਈਆਂ 'ਚੋਂ ਦੇਖਣਾ ਉਸ ਨੂੰ ਅੰਤਾਂ ਦਾ ਸਕੂਨ ਦਿੰਦਾ ਸੀ। ਇਸ ਅਨੰਦ ਨਾਲ ਉਸ ਦੀ ਰੂਹ ਖਿੜ ਜਾਂਦੀ ਸੀ। ਜਦੋਂ ਤੱਕ ਸੂਰਜ ਪੂਰੀ ਤਰ੍ਹਾਂ ਅਲੋਪ ਨਾ ਹੋ ਜਾਵੇ ਉਹ ਟਿੱਕ ਟਿੱਕੀ ਲਾ ਕੇ ਲਗਾਤਾਰ ਦੇਖਦੀ ਰਹਿੰਦੀ।

“ਤੁਹਾਡੇ ਹੱਥ ਠੰਡੇ ਹੋਏ ਪਏ ਨੇ” ਹਰਜਿੰਦਰ ਨੇ ਦੇਵ ਦਾ ਹੱਥ ਆਪਣੇ ਹੱਥ 'ਚ ਫੜਦਿਆਂ ਕਿਹਾ। ਦੇਵ ਨੇ ਮਿੰਨਾ ਜਿਹਾ ਹੱਸ ਕੇ ਉਸ ਵੱਲ ਦੇਖਿਆ, ਜਿਵੇਂ ਕਹਿ ਰਿਹਾ ਹੋਵੇ, 'ਕਰ ਕੋਈ ਹੀਲਾ ਗਰਮ ਕਰਨ ਦਾ।'

ਅੱਜ ਮੌਸਮ ਬੜਾ ਨਿੱਘਾ ਤੇ ਬੱਦਲਵਾਈ ਵਾਲਾ ਸੀ। ਚਿੱਟੇ ਕਾਲੇ ਬੱਦਲਾਂ ਦੇ ਝੁੰਡ ਰੂੰ ਦੇ ਫੰਬਿਆਂ ਵਾਂਗ ਅਕਾਸ਼ 'ਚ ਉੱਡ ਰਹੇ ਸਨ। ਸੈਂਕੜੇ ਹੀ ਬੱਚੇ, ਬੁੱਢੇ ਤੇ ਨੌਜਵਾਨ ਮਨ ਮਸਤ ਹੋਏ ਆਪਣੇ ਵਿੱਤ ਮੁਤਾਬਕ ਪਾਣੀ 'ਚ ਤਾਰੀਆਂ ਮਾਰ ਰਹੇ ਸਨ। ਕਿੰਨੇ ਹੀ ਜੋੜੇ ਦੁਨੀਆਂ ਤੋਂ ਬੇ-ਪਰਵਾਹ ਬੁੱਲਾਂ ਨਾਲ ਬੁੱਲ ਜੋੜੀ ਦੁਨੀਆਂਦਾਰੀ ਦੇ ਸਭ ਝਮੇਲਿਆਂ ਤੋਂ ਬੇਖ਼ਬਰ ਸਨ। ਦਰਜ਼ਨਾ ਹੀ ਲਿਸ਼ਕਦੇ ਸਰੀਰਾਂ ਵਾਲੇ ਜੋੜੇ ਤਨ ਦੇ ਕੁਝ ਹਿੱਸੇ ਨੂੰ ਬੜੀ ਹੀ ਕਜੂੰਸੀ ਜਿਹੀ ਨਾਲ ਢੱਕ ਕੇ ਕਿਸ਼ਤੀਆਂ 'ਚ ਬੈਠੇ ਬੜੀ ਹੀ ਰੋਮਾਂਟਿਕ ਚਾਲ ਨਾਲ ਮੁਹੱਬਤੀ ਚੱਪੂ ਚਲਾ ਰਹੇ ਸਨ।

“ਜਦੋਂ ਦੇ ਜੰਮੇ ਹਾਂ ਬਹੁਤੀ ਉਮਰ ਰੋਟੀ ਕੱਪੜੇ ਦਾ ਜੁਗਾੜ ਕਰਦਿਆਂ ਹੀ ਲੰਘ ਗਈ, ਜ਼ਿੰਦਗੀ ਤਾਂ ਆਹ ਲੋਕ ਜਿਉਂਦੇ ਨੇ।” ਇੱਕ ਲੰਮਾ ਹੌਕਾ ਲੈਂਦਿਆਂ ਦੇਵ ਦੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ ਸੀ।

“ਪਿਛੇ ਬਾਰੇ ਸੋਚ ਕੇ ਤੜਪਦੇ ਰਹੋਗੇ ਤਾਂ ਆਉਣ ਵਾਲਾ ਸਮਾ ਵੀ ਨਰਕ ਬਣਿਆ ਰਹੇਗਾ, ਜੋ ਅੱਜ ਹੈ ਉਸ ਨੂੰ ਇੰਨਜੁਆਏ ਕਰੋ।

“ਆਹ ਬੜੀ ਕਮਾਲ ਦੀ ਗੱਲ ਕੀਤੀ ਹੈ, ਇਸ ਤੇ ਅਮਲ ਕਰਾਂਗਾ।” ਦੇਵ ਨੇ ਹੱਸ ਕੇ ਹਰਜਿੰਦਰ ਨੂੰ ਆਪਣੇ ਕਲਾਵੇ 'ਚ ਲੈ ਲਿਆ। ਕਮਲ ਵੀ ਹੌਲੀ ਹੌਲੀ ਕਦਮ ਪੁੱਟਦੀ ਮੁਸਕਰਾਉਂਦੀ ਆਪਣੇ ਮਾਮ, ਡੈਡ ਵੱਲ ਨੂੰ ਆ ਰਹੀ ਸੀ।

“ਸੱਚ ਤੁਸੀਂ ਕਮਲ ਦੇ ਵਿਆਹ ਬਾਰੇ ਵੀ ਕੁੱਝ ਸੋਚਿਆ, ਉਹ ਤੁਹਾਡੇ ਨਾਲ ਇਸ ਬਾਰੇ ਕਦੀ ਨਾ ਕਦੀ ਗੱਲ ਜ਼ਰੂਰ ਤੋਰੇਗੀ” ---

“ਕਿਉਂ ਏਨਾ ਫ਼ਿਕਰ ਕਰਦੀ ਐਂ, ਮੈਂ ਸੋਚ ਲਿਆ” ਕਹਿ ਕੇ ਦੇਵ ਅਜੇ ਹਰਜਿੰਦਰ ਦੀ ਗੱਲ ਦਾ ਜਵਾਬ ਹੀ ਦੇਣ ਲੱਗਿਆ ਸੀ ਉੱਧਰੋ ਸਭ ਰਿਸ਼ਤੇਦਾਰਾਂ ਨੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। “ਭੱਜ ਆਉ! ਸੂਰਜ ਡੁੱਬ ਰਿਹੈ! ਸਾਰੇ ਜਾਣੇ ਬੜੀ ਉਤਸੁਕਤਾ ਨਾਲ ਅਸਤ ਹੋ ਰਹੇ ਸੂਰਜ ਨੂੰ ਵਿਦਾ ਕਰਨ ਲਈ ਕਾਹਲੇ ਪਏ ਹੋਏ ਸਨ। ਮਾਮ ਦੀ ਅਵਾਜ਼ ਨਾਲ ਕਮਲ ਦੀ ਸੋਚਾਂ ਦੀ ਲੜੀ ਟੁੱਟ ਗਈ।

“ਕਮਲ, ਤੇਰਾ ਡੈਡ ਆ ਗਿਆ ਲੱਗਦਾ” ਹਰਜਿੰਦਰ ਨੇ ਕਿਚਨ 'ਚੋਂ ਹੀ ਅਵਾਜ਼ ਮਾਰ ਦਿੱਤੀ ਸੀ। ਡੈਡ ਨੂੰ ਤਾਂ ਉਹ ਕਦੋਂ ਦੀ ਉਡੀਕਦੀ ਸੀ, ਉਹ ਸੋਫ਼ੇ 'ਤੋਂ ਉੱਠੀ ਤੇ ਛੇਤੀ ਦੇਣੇ ਫਰੰਟ ਡੋਰ ਕੋਲ ਚਲੀ ਗਈ।

“ਡੈਡ ਅੱਜ ਅਸੀਂ ਐਕਸ਼ਨ ਕਮੇਟੀ ਵਲੋਂ ਵਾਈਟ ਸੁਪਰਮੇਸੀ ਦੇ ਖਿਲਾਫ਼ ਨਿਊ-ਯੌਰਕ 'ਚ ਪ੍ਰੋਟੈਸਟ ਕਰਨ ਗਏ ਸੀ”

ਡੋਰ ਖੋਲ੍ਹ ਕੇ ਅੰਦਰ ਵੜਦੇ ਡੈਡ ਨੂੰ ਪਿਆਰ ਨਾਲ ਮਿਲਦਿਆਂ ਸਾਰ ਹੀ ਕਮਲ ਨੇ ਆਪਣੀ ਸਟੋਰੀ ਸੁਣਾਉਣੀ ਸ਼ੁਰੂ ਕਰ ਦਿੱਤੀ। “ਕਮਲ ਬੇਟਾ ਪਹਿਲਾਂ ਮੈਂ ਕਪੜੇ ਚੇਂਜ ਕਰ ਲਵਾਂ ਫੇਰ ਤੇਰੀ ਗੱਲ ਵੀ ਸੁਣਾਂਗਾ” ਦੇਵ ਨੇ ਆਮ ਵਾਂਗ ਸੁਭਾਵਿਕ ਹੀ ਕਹਿ ਦਿੱਤਾ।

“ਨਹੀਂ ਡੈਡ, ਪਹਿਲਾਂ ਮੇਰੀ ਗੱਲ ਸੁਣੋ, ਬਾਕੀ ਸਭ ਕੰਮ ਬਾਅਦ 'ਚ” --- ਕਮਲ ਨੇ ਥੋੜੀ ਜਿਹੀ ਭਾਵੁਕ ਹੋ ਕੇ ਆਪਣਾ ਫੈਸਲਾ ਸੁਣਾ ਦਿੱਤਾ ਸੀ।

ਕਮਲ ਨੂੰ ਪਤਾ ਸੀ ਕਿ ਜਿਸ ਦਿਨ ਦੀ ਉਸ ਦੀ ਸੁਰਤ ਸੰਭਲੀ ਹੈ ਉਸ ਦੇ ਮਾਪਿਆਂ ਨੇ ਕਦੇ ਉਸਦੀ ਗੱਲ ਨੂੰ ਮੋੜਿਆ ਨਹੀਂ ਸੀ। ਦੇਵ ਨੂੰ ਤਾਂ ਉਹ ਏਨੀ ਪਿਆਰੀ ਸੀ ਕਿ ਜਦੋਂ ਵੀ ਉਹ ਕੰਮ ਤੋਂ ਘਰ ਆਉਂਦਾ ਤਾਂ ਕਮਲ ਨੂੰ ਆਪਣੀ ਗੋਦੀ 'ਚ ਹੀ ਚੁੱਕੀ ਰੱਖਦਾ। ਸਕੂਲ ਤੋਂ ਛੁੱਟੀ ਵੇਲੇ ਵੀ ਉਹ ਮਾਮ, ਡੈਡ ਨੂੰ ਦੇਖਦਿਆਂ ਸਾਰ ਹੀ ਦੌੜ ਕੇ ਆਉਂਦੀ ਤੇ ਗੋਦੀ ਆ ਚੜ੍ਹਦੀ।

ਇੱਕ ਵਾਰ ਤਾਂ ਉਸ ਦੀ ਟੀਚਰ ਜੈਨੇਫਿਰ ਨੇ ਉਹਨਾਂ ਨੂੰ ਪੁੱਛ ਹੀ ਲਿਆ ਸੀ 'ਕੀ ਇਹ ਉਹਨਾਂ ਦੀ ਇਕਲੌਤੀ ਲੜਕੀ ਹੈ?' ਸਾਰੇ ਰਿਸ਼ਤੇਦਾਰ ਹੀ ਅੱਲ ਦੇ ਤੌਰ 'ਤੇ ਕਮਲ ਨੂੰ 'ਡੈਡ ਦੀ ਬੇਬੀ' ਕਹਿ ਕੇ ਹੀ ਬਲਾਉਣ ਲੱਗ ਪਏ ਸਨ। ਉਹ ਬਚਪਨ 'ਚ ਸ਼ਰਾਰਤੀ ਵੀ ਬੜੀ ਸੀ, ਵੱਡੇ ਭਰਾ ਰਵੀ ਨੇ ਅਜੇ ਹੱਥ ਵੀ ਨਹੀਂ ਸੀ ਚੁੱਕਿਆ ਹੁੰਦਾ ਤੇ ਇਸ ਨੇ ਪਹਿਲਾਂ ਹੀ ਚੀਕ ਮਾਰ ਦੇਣੀ, ਝਿੜਕਾਂ ਰਵੀ ਨੂੰ ਪੈ ਜਾਣੀਆਂ।

ਕਮਲ ਦੀਆਂ ਕਈ ਦੋਸਤ ਕੁੜੀਆਂ ਜਦ ਉਸਨੂੰ ਦੱਸਦੀਆਂ, ਕਿ ਉਹਨਾਂ ਦੇ ਮਾਪੇ ਕੁੜੀਆਂ ਨਾਲੋਂ ਮੁੰਡਿਆਂ ਨੂੰ ਵਧੇਰੇ ਤਰਜੀਹ ਦਿੰਦੇ ਹਨ, ਤੇ ਕੁੜੀਆਂ ਨਾਲ ਕਈ ਗੱਲਾਂ 'ਚ ਵਿਤਕਰਾ ਕਰਦੇ ਹਨ। ਉਹਨਾਂ ਨੂੰ ਸਵਿਮਿੰਗ ਸਿੱਖਣ ਲਈ ਲੈਸਨ ਤੱਕ ਨਹੀਂ ਲੈਣ ਦਿੰਦੇ, ਆਈ ਬਰੋਅ ਕਰਨ ਦੀ ਇਜਾਜ਼ਤ ਨਹੀਂ ਦਿੰਦੇ। ਕਿਸੇ ਸਕੂਲ ਦੇ ਪ੍ਰੋਜੈਕਟ ਸਮੇਂ ਲਾਇਬਰੇਰੀ 'ਚ ਕੁੜੀ ਨੂੰ ਮੁੰਡਿਆਂ ਨਾਲ ਬੈਠੀ ਦੇਖ ਕੇ ਵੀ ਬਰਦਾਸ਼ਤ ਨਹੀਂ ਕਰਦੇ। ਕਾਲੇ ਰੰਗ ਦੇ ਮੁੰਡਿਆਂ ਨਾਲ ਤਾਂ ਸਰਸਰੀ ਗੱਲਾਂ ਕਰਨ ਨੂੰ ਵੀ ਧਰਮ ਸੰਕਟ ਬਣਾ ਲੈਂਦੇ ਹਨ।

“ਮਾਮ ਜਿਹੜਾ ਮਰਜੀ ਫ਼ੈਸ਼ਨ ਕਰੇ, ਉਦੋਂ ਡੈਡੀ ਚੁੱਪ ਰਹਿੰਦੇ ਹਨ। ਜਦੋਂ ਮੈਂ ਕੋਲ ਨਾ ਬੈਠੀ ਹੋਵਾਂ ਫੇਰ ਤਾਂ ਮਾਮ ਦੇ ਮੇਕ-ਅੱਪ ਦੀਆਂ ਸਿਫ਼ਤਾਂ ਵੀ ਰੱਜ ਕੇ ਕਰਦੇ ਹਨ, ਡਬਲ ਸਟੈਂਡਰਡ ਹੈ ਉਹਨਾਂ ਦਾ” ਇਹ ਗੱਲ ਕਮਲ ਦੀ ਫਰੈਂਡ ਨਵਨੀਤ ਨੇ ਆਪ ਹੀ ਉਸ ਨੂੰ ਦੱਸੀ ਸੀ। ਕਮਲ ਨੂੰ ਉਦੋਂ ਇਸ ਵਰਤਾਰੇ ਦੀ ਸਮਝ ਨਹੀਂ ਸੀ ਪੈਂਦੀ, ਉਸ ਨੇ ਸੋਚਦੀ ਰਹਿਣਾ ਕਿ ਇੰਝ ਕਿਵੇਂ ਹੋ ਸਕਦਾ। ਆਪ ਤਾਂ ਉਹ ਸਕੂਲ 'ਚ ਬਰੇਕ ਸਮੇਂ ਮੁੰਡਿਆਂ ਨਾਲ ਹੀ ਸੌਕਰ ਖੇਡਦੀ ਸੀ, ਕੁੜੀਆਂ ਦੀ ਗੇਮ ਉਸਦੇ ਮੁਕਾਬਲੇ ਏਨੀ ਚੰਗੀ ਨਹੀਂ ਸੀ। ਉਸ ਨੂੰ ਤਾਂ ਕਦੇ ਕਿਸੇ ਨੇ ਨਹੀਂ ਸੀ ਰੋਕਿਆ, ਸਗੋਂ ਡੈਡ ਤਾਂ ਕਈ ਵਾਰ ਰੀਸੈਸ ਸਮੇਂ ਖੁਦ ਆ ਕੇ ਉਸਦੀ ਪ੍ਰੈਕਟਿਸ ਦੇਖਦਾ ਰਹਿੰਦਾ ਸੀ। ਖੇਡਾਂ ਅਤੇ ਪੜ੍ਹਾਈ 'ਚ ਹੁਸ਼ਿਆਰ ਹੋਣ ਕਰ ਕੇ ਬਹੁਤ ਸਾਰੇ ਕੁੜੀਆਂ, ਮੁੰਡੇ ਉਸ ਦੇ ਚੰਗੇ ਦੋਸਤ ਬਣ ਗਏ ਸਨ।

“ਪਹਿਲਾਂ ਕੁੜੀ ਦੀ ਗੱਲ ਸੁਣ ਲਵੋ, ਕਦੋਂ ਦੀ ਉਡੀਕਦੀ ਐ ਤੁਹਾਨੂੰ” --ਹਰਜਿੰਦਰ ਨੇ ਵੀ ਹਮੇਸ਼ਾਂ ਦੀ ਤਰ੍ਹਾਂ ਉਸ ਦਾ ਹੀ ਪੱਖ ਪੂਰ ਦਿੱਤਾ। “ਇਸ ਕੁੜੀ ਦੀ ਗੱਲ ਆਪਾਂ ਕਿਵੇਂ ਟਾਲ ਸਕਦੇ ਹਾਂ” ---ਕਹਿੰਦਾ ਹੋਇਆ ਦੇਵ ਸੋਫੇ 'ਤੇ ਕਮਲ ਦੇ ਕੋਲ ਆ ਕੇ ਬੈਠ ਗਿਆ।

ਕਮਲ ਆਪਣੇ ਡੈਡ ਦੇ ਚੇਹਰੇ 'ਤੇ ਆਏ ਹਾਵ-ਭਾਵ ਪੜ੍ਹਨ ਦੀ ਕੋਸ਼ਿਸ਼ ਕਰ ਰਹੀ ਸੀ। ਉਸ ਨੂੰ ਲਗਦਾ ਸੀ ਕਿ ਸਾਇਦ ਅੱਜ ਦੁਪਿਹਰ ਵੇਲੇ ਉਸ ਵਲੋਂ ਭੇਜੇ ਗਏ 'ਟੈਕਸਟ ਮੈਸਿਜ' 'ਤੇ ਡੈਡ ਕੋਈ ਕੌਮੈਂਟ ਜ਼ਰੂਰ ਕਰੇਗਾ। ਉਂਝ ਤਾਂ ਸੁਬ੍ਹਾ, ਸ਼ਾਮ ਆਪਣੇ ਕੰਮ ਨਾਲ ਸਬੰਧਤ ਮੈਸਿਜ ਉਹ ਮਾਮ, ਡੈਡ ਨੂੰ ਭੇਜਦੀ ਹੀ ਰਹਿੰਦੀ ਸੀ।

ਇਸ ਗੱਲ ਦਾ ਤਾਂ ਦੇਵ ਨੂੰ ਵੀ ਪਤਾ, ਕਿ ਕਮਲ ਜਦੋਂ ਵੀ ਕਿਸੇ ਫੰਕਸ਼ਨ ਤੇ ਸਪੀਚ ਕਰੇ, ਕਿਸੇ ਰੈਲੀ ਜਾਂ ਪਰੋਟੈਸਟ ਨੂੰ ਲੀਡ ਕਰ ਕੇ ਆਵੇ ਫਿਰ ਘਰੇ ਆ ਕੇ ਪਹਿਲਾਂ ਸਾਰੀ ਸਟੋਰੀ ਡੈਡ ਨਾਲ ਹੀ ਸ਼ੇਅਰ ਕਰਦੀ ਹੈ। ਤਾਂ ਕਿ ਉਸ ਦੀ ਤਸੱਲੀ ਹੋ ਸਕੇ, ਕਿ ਜੋ ਕੁੱਝ ਵੀ ਅੱਜ ਉਸ ਨੇ ਕੀਤਾ ਹੈ ਉਹ ਸਹੀ ਸੀ ਜਾਂ ਕੁੱਝ ਘਾਟਾਂ ਰਹਿ ਗਈਆਂ, ਜੋ ਅੱਗੇ ਤੋਂ ਠੀਕ ਕੀਤੀਆਂ ਜਾਣ। ਆਮ ਜ਼ਿੰਦਗੀ ਦੀਆਂ ਬਹੁਤੀਆਂ ਨਿੱਜੀ ਗੱਲਾਂ ਉਹ ਆਪਣੀ ਮਾਮ ਨਾਲ ਹੀ ਸਾਂਝੀਆਂ ਕਰਦੀ ਸੀ।

ਕਮਲ ਦੀ ਗੱਲ ਕਰਨ ਦੀ ਉਤਸੁਕਤਾ ਅਤੇ ਉਸ ਦੇ ਸੰਜੀਦਾਪਣ ਨੂੰ ਦੇਖ ਕੇ ਤਾਂ, ਦੇਵ ਨੂੰ ਵੀ ਜਾਪਣ ਲੱਗ ਪਿਆ ਸੀ ਕਿ ਅੱਜ ਕੋਈ ਖਾਸ ਘਟਨਾ ਵਾਪਰੀ ਲੱਗਦੀ ਹੈ। ਉਹ ਵੀ ਹੁਣ ਸਾਰੀ ਸਟੋਰੀ ਨੂੰ ਜਲਦੀ ਸੁਣਨਾ ਚਾਹੁੰਦਾ ਸੀ, ਤਦੇ ਤਾਂ ਉਸ ਨੇ ਛੇਤੀ ਨਾਲ ਕਿਹਾ ਸੀ “ਹੁਣ ਸੁਣਾ, ਕਿੰਦਾਂ ਰਿਹਾ ਤੁਹਾਡਾ ਅੱਜ ਦਾ ਪ੍ਰੋਟੈਸਟ?”

“ਡੈਡ, ਆਰਗੇਨਾਈਜੇਸ਼ਨ ਵਾਲਿਆਂ ਨੇ ਮੇਰੇ ਕੰਮਾਂ ਨੂੰ ਦੇਖਦਿਆਂ ਅੱਜ ਪਹਿਲੀ ਵਾਰ ਮੈਨੂੰ ਇਸ ਪ੍ਰੋਟੈਸਟ ਦੀ ਮਾਰਸ਼ਲ ਬਣਾ ਦਿੱਤਾ ਸੀ। ਤੁਹਾਨੂੰ ਪਤਾ ਮਾਰਸ਼ਲ ਦੀ ਕਿੰਨੀ ਵੱਡੀ ਜ਼ੁੰਮੇਵਾਰੀ ਹੁੰਦੀ ਹੈ, ਇਹੋ ਜਿਹੇ ਮੌਕੇ ਤੇ ਅਗਰ ਕੋਈ ਨਸਲਵਾਦੀਆਂ ਦਾ ਗਰੁੱਪ ਜਾਣ ਬੁੱਝ ਕੇ ਤੁਹਾਡੇ ਸਾਹਮਣੇ ਆ ਜਾਵੇ,--ਲੜਨ ਦਾ ਬਹਾਨਾ ਭਾਲੇ ਤਾਂ ਉਹਨਾਂ ਨਾਲ ਸਿੱਧੇ ਟਕਰਾਉ 'ਚ ਜਾਣ ਨੂੰ ਕਿਵੇਂ ਰੋਕਣਾ। ਅਗਰ ਉਹ ਸਿੱਧਾ ਹਮਲਾ ਹੀ ਕਰ ਦੇਣ, ਫੇਰ ਬਾਕੀ ਸਾਥੀਆਂ ਨੂੰ ਹੌਂਸਲੇ 'ਚ ਰੱਖਣਾ,---ਤੇ ਹੋਰ ਵਲੰਟੀਅਰਾਂ ਦੀ ਟੀਮ ਨਾਲ ਆਪ ਅੱਗੇ ਹੋ ਕੇ ਮੁਕਾਬਲਾ ਕਰਨਾਂ, ਸਭ ਮਾਰਸ਼ਲ ਦੀ ਜ਼ੁੰਮੇਵਾਰੀ ਹੁੰਦੀ ਹੈ।”

ਮਾਰਸ਼ਲ ਵਾਲੀ ਗੱਲ ਦੇਵ ਨੇ ਪਹਿਲੀ ਵਾਰ ਹੀ ਸੁਣੀ ਸੀ।

ਬੜੇ ਦੁੱਖੀ ਮਨ ਨਾਲ ਪੰਜਾਬ ਨੂੰ ਅਲਵਿਦਾ ਕਹਿ ਕੇ, ਤਿੰਨ ਕੁ ਦਹਾਕੇ ਪਹਿਲਾਂ, ਦੇਵ ਰਫ਼ਿਊਜੀ ਬਣ ਕੇ ਅਮਰੀਕਾ 'ਚ ਆ ਕੇ ਰਹਿਣ ਲੱਗ ਪਿਆ ਸੀ। ਇੰਨੇ ਲੰਮੇ ਅਰਸੇ ਦੌਰਾਨ ਬੜੇ ਹੀ ਦੁੱਖ-ਸੁੱਖ ਉਸ ਨੇ ਆਪਣੇ ਪਿੰਡੇ 'ਤੇ ਹੰਢਾਏ ਸਨ। ਪਤਾ ਨਹੀਂ, ਉਹ ਕਦੋਂ ਪੱਕਾ ਹੋਵੇਗਾ,--- ਹੋਵੇਗਾ ਵੀ ਜਾਂ ਨਹੀਂ, ਇਹ ਚਿੰਤਾ ਤਾਂ ਉਸ ਨੂੰ ਘੁਣ ਵਾਂਗ ਖਾਂਦੀ ਰਹੀ ਸੀ। ਜਾਨ ਹਮੇਸ਼ਾਂ ਹੀ ਸੂਲੀ 'ਤੇ ਟੰਗੀ ਰਹਿੰਦੀ ਸੀ। ਕਈ ਵਾਰ ਵਰਕ ਪਰਮਿਟ 'ਚ ਦੇਰੀ ਹੋਣ ਕਾਰਨ ਹਾਲਾਤ ਹੋਰ ਵੀ ਬਦਤਰ ਹੋ ਜਾਂਦੇ ਸਨ।--- ਗੈਰ ਕਾਨੂੰਨੀ ਤੌਰ ਤੇ ਕੰਮ ਕਰਨ ਕਰ ਕੇ, ਮਾਲਕਾਂ ਨੇ ਵੀ ਘੱਟ ਤੋਂ ਘੱਟ ਪੇਅ ਤੇ ਔਖੇ ਤੋਂ ਔਖਾ ਕੰਮ ਕਰਵਾਇਆ ਸੀ। ਇਹਨਾਂ ਦਿਨਾਂ 'ਚ ਤਾਂ ਹਵਾ ਦੇ ਬੁੱਲੇ ਨਾਲ ਖੜ੍ਹਕਾ ਹੋਣ ਤੇ ਹੀ ਲੱਤਾਂ ਕੰਬਣ ਲੱਗ ਜਾਂਦੀਆਂ, ਸਾਰੀ ਫ਼ਿਜ਼ਾ 'ਚ ਡਰ ਪਸਰ ਜਾਂਦਾ ਸੀ।--- ਹਰ ਪ੍ਰਛਾਵਾਂ ਇਮੀਗਰੇਸ਼ਨ ਔਫ਼ੀਸਰ ਹੀ ਲਗਦਾ ਸੀ।

ਕਾਲਜ ਪੜ੍ਹਦਿਆਂ ਸਮੇਂ ਅਗਾਂਹਵਧੂ ਵਿਚਾਰਾਂ ਵਾਲੇ ਲੋਕਾਂ ਨਾਲ ਰਹਿਣ ਕਰ ਕੇ, ਸੰਘਰਸ਼ਾਂ 'ਚ ਹਿੱਸਾ ਲੈਣਾ ਤੇ ਸਮਾਜ ਦੀ ਬੇਹਤਰੀ ਲਈ ਸੋਚਣਾ, ਉਸ ਦੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਹੀ ਬਣ ਗਿਆ ਸੀ। ਬੜੀ ਵਾਰ ਉਸ ਨੇ ਪੰਜਾਬ ਪੁਲੀਸ ਦੀ ਬੁੱਚੜ ਕੁੱਟ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਸੀ ਤੇ ਸਾਲਾਂ ਬੱਧੀ ਕੋਰਟਾਂ 'ਚ ਕੇਸ ਭੁਗਤੇ ਸਨ। ਸ਼ਾਇਦ ਇਸੇ ਸਿਰੜ ਨੇ ਹੀ ਉਸ ਨੂੰ ਸਭ ਔਕੜਾਂ ਝੱਲਣ ਦੇ ਕਾਬਿਲ ਬਣਾ ਦਿੱਤਾ ਸੀ।

ਅਮਰੀਕਾ 'ਚ ਪੱਕਾ ਹੋਣ ਤੇ ਉਸ ਨੇ ਹਰ ਕਿਸਮ ਦੇ ਧੱਕੇ ਅਤੇ ਨਸਲਵਾਦੀ ਲੋਕਾਂ ਖ਼ਿਲਾਫ਼ ਹੁੰਦੇ ਮੁਜ਼ਾਹਰਿਆਂ 'ਚ ਆਪਣੇ ਵਿੱਤ ਮੁਤਾਬਕ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ।---ਭਾਸ਼ਾ, ਪੈਸਾ ਅਤੇ ਸਮੇਂ ਨਾਲ ਸਬੰਧਤ ਕਈ ਦਿੱਕਤਾਂ ਹੋਣ ਕਰ ਕੇ, ਉਸ ਨੇ ਕਦੀ ਲੀਡਰਸ਼ਿਪ ਵਾਲਾ ਰੋਲ ਲੈਣ ਦੀ ਕੋਸ਼ਿਸ਼ ਨਹੀਂ ਸੀ ਕੀਤੀ,---ਤਦੇ ਹੀ ਤਾਂ ਉਸ ਨੂੰ ਮਾਰਸ਼ਲ ਦੇ ਰੋਲ ਬਾਰੇ ਵੀ ਨਹੀਂ ਸੀ ਪਤਾ।

ਕਮਲ ਦੀ ਮਾਰਸ਼ਲ ਵਾਲੀ ਗੱਲ ਤੇ ਤਾਂ ਉਸ ਨੇ ਹੱਸਦਿਆਂ ਹੋਇਆ ਕਹਿ ਦਿੱਤਾ ਸੀ,---“ਫੇਰ ਤਾਂ ਸਾਡਾ ਪੁੱਤਰ ਵੱਡਾ ਅਫ਼ਸਰ ਬਣ ਗਿਆ।”

“ਡੈਡ, ਗੱਲ ਹਾਸੇ ਵਾਲੀ ਨਹੀਂ ਹੈ, ਧਿਆਨ ਨਾਲ ਸੁਣੋ! ਸਾਡਾ ਅੱਜ ਵਾਲਾ ਪ੍ਰੋਟੈਸਟ ਕਾਫ਼ੀ ਵੱਡਾ ਸੀ। ਇੱਕ ਪੁਲੀਸ ਕਾਰ ਵੀ ਸਾਡੇ ਅੱਗੇ ਅੱਗੇ ਚੱਲ ਰਹੀ ਸੀ। ਇੱਕ ਵਾਰ ਤਾਂ ਪੁਲੀਸ ਔਫ਼ੀਸਰ ਨੇ ਸਾਡੀ ਆਰਗੇਨਾਈਜ਼ਰ ਨੂੰ ਕਹਿ ਦਿੱਤਾ ਸੀ, ਕਿ ਉਹ ਆਪਣੀ ਕਾਰ ਮੁਜ਼ਾਹਰੇ 'ਚ ਹਿੱਸਾ ਲੈ ਰਹੇ ਲੋਕਾਂ ਦੇ ਵਿਚਕਾਰ ਰੱਖਣੀ ਚਾਹੁੰਦੇ ਹਨ ਤਾਂ ਕਿ ਕਿਸੇ ਕਿਸਮ ਦੀ ਕੋਈ ਅਣਸੁਖਾਂਵੀ ਗੱਲ ਨਾ ਹੋ ਸਕੇ। ਪਰ ਸਾਨੂੰ ਪੁਲੀਸ ਦੀ ਇਹ ਪਲਾਨ ਬਿਲਕੁਲ ਵੀ ਠੀਕ ਨਹੀਂ ਸੀ ਲੱਗੀ। ਜੇ ਉਹ ਸੱਚਮੁੱਚ ਹੀ ਸੁਹਿਰਦ ਸਨ ਜਾਂ ਉਹਨਾਂ ਨੂੰ ਕਿਸੇ ਘਟਨਾਂ ਦੇ ਵਾਪਰਨ ਦਾ ਡਰ ਸੀ ਤਾਂ ਉਹਨਾਂ ਨੂੰ ਹੋਰ ਪੁਲੀਸ ਫੋਰਸ ਮੰਗਵਾਉਣੀ ਚਾਹੀਦੀ ਸੀ।”

ਦੇਵ ਵੀ ਇਹ ਗੱਲ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਹੋ ਜਿਹੇ ਮੌਕਿਆਂ ਤੇ ਅਮਰੀਕਾ ਦੀ ਪੁਲੀਸ ਵਲੋਂ ਲਏ ਗਏ ਫੈਸਲਿਆਂ ਦਾ ਰਿਕਾਰਡ ਕੋਈ ਬਹੁਤਾ ਚੰਗਾ ਨਹੀਂ ਹੈ। ਪਹਿਲਾਂ ਵੀ ਕਈ ਵਾਰ ਹਥਿਆਰਾਂ ਨਾਲ ਲੈਸ ਹੋ ਕੇ, ਨਸਲਵਾਦੀਆਂ ਵੱਲੋਂ ਪ੍ਰਦਸ਼ਨਕਾਰੀਆਂ 'ਤੇ ਹਮਲੇ ਕੀਤੇ ਗਏ ਸਨ। ਵਰਜੀਨੀਆਂ ਦੇ ਸ਼ਹਿਰ ਸਰਲੋਟਸਵਿਲ 'ਚ ਤਾਂ ਇੱਕ ਨਸਲਵਾਦੀ ਨੇ ਜਾਣ-ਬੁੱਝ ਕੇ ਆਪਣੀ ਵੈਨ ਪੁਰਅਮਨ ਮੁਜ਼ਾਹਰਾ ਕਰ ਰਹੇ ਲੋਕਾਂ 'ਤੇ ਚਾੜ੍ਹ ਦਿੱਤੀ ਸੀ। ਕੁੱਝ ਮਾੜਾ ਵਾਪਰ ਜਾਣ ਤੋਂ ਪਹਿਲਾਂ ਪੁਲੀਸ ਵਾਲੇ ਮੂਕ ਦਰਸ਼ਕ ਬਣੇ ਰਹਿੰਦੇ ਨੇ, ਬਾਅਦ 'ਚ ਦੋਨਾਂ ਹੀ ਧਿਰਾਂ ਦੇ ਲੋਕਾਂ ਨੂੰ ਅਰੈਸਟ ਕਰ ਲੈਂਦੇ ਹਨ।

ਅਜੇ ਕੁਝ ਸਾਲ ਪਹਿਲਾਂ ਹੀ ਵਰਜੀਨੀਆਂ ਸਟੇਟ 'ਚ ਐਂਟੀ ਫਾਸਿਸਟ ਰੈਲੀ ਸਮੇਂ ਨਸਲਵਾਦੀਆਂ ਨੇ ਮਨੁੱਖੀ ਅਧਿਕਾਰਾਂ ਲਈ ਲੜਦੀ ਨੌਜਵਾਨ ਆਗੂ ਟੇਲਰ ਨੂੰ ਸ਼ਰੇਆਮ ਗੋਲੀਆ ਮਾਰ ਕੇ ਮਾਰ ਦਿੱਤਾ ਸੀ। ਇਹ ਸਭ ਕੁੱਝ ਵਾਪਰ ਜਾਣ ਤੋਂ ਬਾਅਦ ਹੀ ਪੁਲੀਸ ਐਕਸ਼ਨ 'ਚ ਆਈ ਸੀ।

“ਬੇਟਾ, ਅਮਰੀਕਾ ਦੀ ਪੁਲੀਸ ਦਾ ਇਹ ਪੁਰਾਣਾ ਕਲਚਰ ਹੈ, ਇਹਨਾਂ ਤੋਂ ਬਹੁਤੀ ਆਸ ਵੀ ਨਹੀਂ ਰੱਖਣੀ ਚਾਹੀਦੀ।” ਗੱਲ ਨੂੰ ਅੱਗੇ ਤੋਰਨ ਲਈ ਦੇਵ ਨੇ ਆਪਣੀ ਗੱਲ ਛੇਤੀ ਹੀ ਮੁਕਾ ਦਿੱਤੀ।

ਕਮਲ ਨੇ ਵੀ ਡੈਡ ਦੀ ਗੱਲ ਦੀ ਪੁਸ਼ਟੀ ਕਰਦਿਆਂ ਕਹਿ ਦਿੱਤਾ,--- “ਆਸ ਤਾਂ ਅਸੀਂ ਵੀ ਨਹੀਂ ਸੀ ਰੱਖੀ।”

ਹਰਜਿੰਦਰ ਨੂੰ ਹੁਣ ਤੱਕ ਇਹ ਗੱਲਾਂ ਆਮ ਰੁਟੀਨ ਵਾਂਗ ਹੀ ਲੱਗੀਆਂ ਸਨ, ਤਦੇ ਤਾਂ ਉਸ ਨੇ ਸੁਭਾਵਿਕ ਹੀ ਪੁੱਛ ਲਿਆ ---

“ਬੇਟਾ, ਅੱਜ ਤਾਂ ਮੀਂਹ ਵੀ ਛੜਾਕੇ ਨਾਲ ਪੈ ਰਿਹਾ ਸੀ,---ਤੁਰਨਾ ਵੀ ਔਖਾ ਹੋਵੇਗਾ।”---“ਨਹੀਂ ਮਾਮ, ਥੋੜਾ ਚਿਰ ਭੂਰ ਜਿਹੀ ਪਈ ਸੀ, ਬਹੁਤਾ ਨਹੀਂ ਪਿਆ।”

ਦੇਵ ਨੂੰ ਹਰਜਿੰਦਰ ਦੇ ਇੰਨ੍ਹਾਂ ਸਵਾਲਾਂ 'ਚ ਕੋਈ ਦਿਲਚਸਪੀ ਨਹੀਂ ਸੀ, ਉਹ ਅਗਲੀ ਗੱਲ ਸੁਣਨ ਲਈ ਕਾਹਲਾ ਸੀ। ਉਸ ਨੇ ਆਪਣਾ ਅਗਲਾ ਸਵਾਲ ਕਰ ਦਿੱਤਾ, ---“ਫੇਰ ਕਿੱਥੇ ਜਾ ਕੇ ਖ਼ਤਮ ਹੋਇਆ ਤੁਹਾਡਾ ਪ੍ਰੋਟੈਸਟ?”

“ਡੈਡ, ਸਾਡਾ ਪਰੋਟੈਸਟ ਅਜੇ ਸਿਟੀ ਹਾਲ ਪਾਰਕ ਤੋਂ ਕਾਫ਼ੀ ਦੂਰ ਹੀ ਸੀ, ਜਦੋਂ ਪੁਲੀਸ ਔਫ਼ੀਸਰ ਨੇ ਆਪਣੀ ਕਾਰ ਦੀ ਵਿੰਡੋ ਥੱਲੇ ਕਰ ਕੇ ਸਾਡੀ ਲੀਡ ਆਰਗੇਨਾਈਜ਼ਰ ਡਿਆਨਾ ਨੂੰ ਕੋਲ ਬੁਲਾਕੇ ਕੁਝ ਕਿਹਾ। ਡਿਆਨਾ ਨੇ ਕਾਹਲੇ ਕਦਮੀ ਮੇਰੇ ਕੋਲ ਆ ਕੇ, ਮੇਰੇ ਕੰਨ 'ਚ ਧੀਮੀ ਜਿਹੀ ਅਵਾਜ਼ 'ਚ ਕਿਹਾ ਸੀ, ---ਪੁਲੀਸ ਨੂੰ ਖ਼ਬਰ ਮਿਲੀ ਹੈ,--- ਕੁਝ ਨਸਲਵਾਦੀ ਖ਼ਤਰਨਾਕ ਹਥਿਆਰਾਂ ਨਾਲ ਲੈਸ ਹੋ ਕੇ ਇਕ ਚਿੱਟੇ ਰੰਗ ਦੀ ਵੈਨ 'ਚ ਇਸ ਏਰੀਏ 'ਚ ਘੁੰਮ ਰਹੇ ਹਨ।”

ਇਹ ਲਫ਼ਜ਼ ਸੁਣਦਿਆਂ ਹੀ ਦੇਵ ਦੇ ਦਿਲ ਦੀ ਧੜਕਣ ਤੇਜ਼ ਹੋ ਗਈ, ਕੁੱਝ ਅਣਕਿਆਸਿਆ ਸੁਣਨ ਤੋਂ ਪਹਿਲਾਂ ਉਸ ਨੂੰ ਆਪਣਾ ਸਿਰ ਭਾਰੀ ਭਾਰੀ ਜਾਪਣ ਲੱਗ ਪਿਆ, ਭਾਵੇਂ ਹੀ ਕਮਲ ਇਸ ਵਕਤ ਉਸਦੇ ਕੋਲ ਹੀ ਬੈਠੀ ਸੀ।

“ਫੇਰ ਕੀ ਹੋਇਆ?” ਇਹ ਲਫ਼ਜ਼ ਆਪ ਮੁਹਾਰੇ ਹੀ ਦੇਵ ਦੇ ਮੂੰਹ 'ਚੋਂ ਨਿਕਲ ਗਏ।

“ਡੈਡ, ਡਿਆਨਾ ਨੇ ਅਜੇ ਆਪਣੀ ਗੱਲ ਪੂਰੀ ਵੀ ਨਹੀਂ ਸੀ ਕੀਤੀ, ਇੱਕ ਪਲ੍ਹ ਲਈ ਤਾਂ ਮੇਰੀਆਂ ਅੱਖਾਂ ਅੱਗੇ ਹਨੇਰਾ ਜਿਹਾ ਛਾ ਗਿਆ। ਪਿਛਲੇ ਕੁੱਝ ਸਮੇਂ ਤੋਂ ਪ੍ਰੋਟੈਸਟ ਵਾਲੇ ਏਰੀਏ ਦੇ ਇਰਦ ਗਿਰਦ ਚੱਕਰ ਲਾਉਂਦਾ ਹੈਲੀਕਾਪਟਰ ਵੀ, ਇਸ ਖ਼ਬਰ ਦੀ ਪੁਸ਼ਟੀ ਕਰ ਰਿਹਾ ਸੀ। ਮੇਰੀਆਂ ਨਜ਼ਰਾਂ ਚਾਰ ਚੁਫੇਰੇ ਉਸ ਚਿੱਟੀ ਵੈਨ ਨੂੰ ਭਾਲਣ ਲੱਗੀਆਂ, ਉਦੋਂ ਹੀ ਮੇਰੇ ਮਨ 'ਚ ਖਿਆਲ ਆਇਆ, ਇਹ ਜ਼ਰੂਰੀ ਤਾਂ ਨਹੀਂ ਕਿ ਉਹ ਚਿੱਟੀ ਵੈਨ 'ਚ ਹੀ ਹੋਣ,--- ਇਹੋ ਜਿਹੇ ਕ੍ਰਿਮੀਨਲ ਮਾਈਂਡ ਵਾਲੇ ਲੋਕ ਤਾਂ ਕੁੱਝ ਸਮੇਂ ਬਾਅਦ ਹੀ ਕੋਈ ਹੋਰ ਨਵੀਂ ਗੱਡੀ ਬਦਲ ਲੈਂਦੇ ਹਨ।--- ਹੁਣ ਉਸ ਥਾਂ 'ਤੋਂ ਹੌਲੀ ਹੋ ਕੇ ਲੰਘਣ ਵਾਲਾ ਹਰ ਵਹੀਕਲ, ਮੈਨੂੰ ਸਾਡੇ ਲਈ ਖ਼ਤਰੇ ਦੀ ਘੰਟੀ ਲੱਗ ਰਿਹਾ ਸੀ। ਇਹੋ ਜਿਹੇ ਸਮੇਂ ਤੇ ਡੈਡ ਤੁਹਾਡੀ ਯਾਦ ਆਉਣੀ ਤਾਂ ਸੁਭਾਵਿਕ ਸੀ। ਫਿਰ ਤੁਹਾਡੇ ਵਲੋਂ ਸੁਣਾਈਆਂ ਹੋਈਆਂ ਇਤਿਹਾਸਕ ਘਟਨਾਵਾਂ ਦੀ ਲੜੀ ਮੇਰੇ ਮਨ ਮਸਤਕ 'ਚੋਂ ਝਰਨੇ ਵਾਂਗ ਵਗ ਤੁਰੀ।”

ਇਤਿਹਾਸਕ ਘਟਨਾਵਾਂ ਦੀ ਗੱਲ ਸੁਣਦਿਆਂ ਹੀ ਦੇਵ ਆਪਣੇ ਅਤੀਤ 'ਚ ਗੁਆਚ ਗਿਆ। ਆਪਣੇ ਵਿਆਹ ਤੋਂ ਬਾਅਦ ਦੇਵ ਨੇ ਜਦੋਂ ਵੀ ਕਿਸੇ ਰੈਲੀ, ਮੁਜ਼ਾਹਰੇ 'ਚ ਜਾਣਾ ਹੁੰਦਾ ਸੀ ਤਾਂ ਹਰਜਿੰਦਰ ਵੀ ਬਹੁਤੀ ਵਾਰ ਨਾਲ ਹੀ ਹੁੰਦੀ ਸੀ, ਫੇਰ ਦੋਵੇਂ ਬੱਚੇ ਵੀ ਉਹਨਾਂ ਨੇ ਆਪਣੇ ਨਾਲ ਹੀ ਲਿਜਾਂਣੇ ਸ਼ੁਰੂ ਕਰ ਦਿੱਤੇ। ਮਿਲਣ ਆਉਣ ਵਾਲੇ ਸਾਰੇ ਦੋਸਤ-ਮਿੱਤਰ ਵੀ ਤਾਂ ਉਹਨਾਂ ਵਰਗੇ ਵਿਚਾਰਾਂ ਦੇ ਹੀ ਸਨ। ਘਰ 'ਚ ਮੂਵੀਆਂ ਦੇਖਣ ਜਾਂ ਗੱਪਾਂ-ਸ਼ੱਪਾਂ ਮਾਰਨ ਨਾਲੋਂ, ਬਹੁਤਾ ਸਮਾਂ ਸਿੱਖ ਇਤਿਹਾਸ ਅਤੇ ਹੋਰ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਬਾਰੇ ਹੀ ਗੱਲਾਂ ਚਲਦੀਆਂ ਰਹਿੰਦੀਆਂ ਸਨ। ਜਿਸ ਦਾ ਕੁੱਝ ਨਾ ਕੁੱਝ ਪ੍ਰਭਾਵ ਬੱਚਿਆਂ 'ਤੇ ਪੈਣਾ ਵੀ ਸੁਭਾਵਿਕ ਸੀ।

“ਡੈਡ, ਪਹਿਲੀ ਯਾਦ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਬੱਚਿਆਂ ਦੀ ਆਈ, ਜਿੰਨ੍ਹਾ ਦੀਆਂ ਕੁਰਬਾਨੀਆਂ ਦਾ ਬਿੰਬ ਤਾਂ ਮੇਰੇ ਅਚੇਤ ਮਨ 'ਚ ਕਦੋਂ ਦਾ ਉੱਕਰਿਆ ਪਿਆ ਸੀ। ਫਿਰ ਗ਼ਦਰੀ ਬਾਬਿਆਂ ਦੇ ਯੁਗਾਂਤਰ ਆਸ਼ਰਮ ਦੀ ਤਸਵੀਰ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗੀ, ਜਿਸ ਨੂੰ ਦੇਖਣ ਲਈ ਹੀ ਮੈਂ ਤੁਹਾਡੇ ਨਾਲ ਸਨਫਰਾਂਸਿਸਕੋ ਗਈ ਸੀ।”

ਕਮਲ ਦੀਆਂ ਗੱਲਾਂ 'ਚ ਭਾਵੁਕਤਾ ਤੇ ਉਸਦੀ ਸੂਝ ਨੂੰ ਦੇਖ ਕੇ ਦੇਵ ਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਉਸ ਵੱਲੋਂ ਚੁਣੇ ਹੋਏ ਰਸਤੇ ਦੇ ਸਹੀ ਹੋਣ ਦੀ ਕਮਲ ਵੱਲੋਂ ਵੀ ਮੋਹਰ ਲਾਈ ਜਾ ਰਹੀ ਹੋਵੇ,---ਵਰਨਾ ਜ਼ਿੰਦਗੀ 'ਚ ਮਿਲੇ ਬਹੁਤ ਸਾਰੇ ਧੋਖਿਆਂ ਅਤੇ ਆਪਣੇ ਨੇੜਲਿਆਂ ਵਲੋਂ ਮਾਰੇ ਤਾਹਨੇ ਮੇਹਣਿਆਂ ਨੇ ਉਸ ਨੂੰ ਕਈ ਵਾਰ ਨਿਰਾਸ ਕੀਤਾ ਸੀ। ਇੱਕ ਵਾਰ ਸ਼ਰਾਬੀ ਹੋਏ ਉਸਦੇ ਭਤੀਜੇ ਰਾਣੇ ਨੇ ਤਾਂ ਸਾਰੇ ਰਿਸ਼ਤੇਦਾਰਾਂ ਸਾਹਮਣੇ ਹਰਜਿੰਦਰ ਨੂੰ ਕਹਿ ਦਿੱਤਾ ਸੀ “ ਪਿਛਲੇ ਤੀਹ ਪੈਂਤੀ ਸਾਲਾਂ ਤੋਂ ਧਰਨੇ ਮੁਜ਼ਾਹਰੇ ਕਰ ਕੇ ਤੁਸੀਂ ਕੀ ਖੱਟਿਐ? ਏਧਰ ਮੇਰੇ ਵੱਲ ਦੇਖੋ। ਹਰਜਿੰਦਰ ਤਾਂ ਉਸਦੇ ਵਿਅੰਗ ਨੂੰ ਸਮਝੀ ਨਹੀਂ ਸੀ ਪਰ ਦੇਵ ਨੇ ਗੱਲ ਨੂੰ ਹੱਸ ਕੇ ਟਾਲ ਦਿੱਤਾ ਸੀ। ਉਹ ਦੇਵ ਦੇ ਲੋਕ ਪੱਖੀ ਕੰਮਾ ਦੀ ਤੁਲਨਾ ਆਪਣੇ ਪੈਸੇ ਨਾਲ ਕਰ ਰਿਹਾ ਸੀ।

“ਡੈਡ, ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਦੀ ਕੁਰਬਾਨੀ ਬਾਰੇ ਸੁਣ ਕੇ ਤਾਂ ਮੈਂ ਹਮੇਸ਼ਾਂ ਹੀ ਸੋਚਦੀ ਸੀ, ਏਨੀ ਛੋਟੀ ਉਮਰ 'ਚ ਇਹੋ ਜਿਹਾ ਰੋਲ ਮਾਡਲ ਬਣਨਾ ਕਿਵੇਂ ਸੰਭਵ ਹੋ ਸਕਦਾ। ਤੁਹਾਨੂੰ ਵੀ ਪਤਾ ਹੈ,---ਚੀ-ਗਵੇਰਾ ਤਾਂ ਮੇਰਾ ਸਭ ਤੋਂ ਫੇਵਰਿਟ ਆਗੂ ਹੈ, ਜਿਸ ਦੀ ਕੁਰਬਾਨੀ ਨੂੰ ਸਿੱਜਦਾ ਕਰਨ ਲਈ ਮੈਂ ਦੋ ਵਾਰ ਕਿਊਬਾ ਵੀ ਗਈ, ਮੌਤ ਨੂੰ ਸਾਹਮਣੇ ਦੇਖ ਕੇ ਵੀ, ਹੱਸਦਾ-ਮੁਸਕਰਾਉਂਦਾ ਚੀ-ਗਵੇਰਾ--- ਹੁਣ ਮੈਨੂੰ ਆਪਣਾ ਸਿਦਕ ਨਿਭਾ ਜਾਣ ਲਈ ਪ੍ਰੇਰ ਰਿਹਾ ਸੀ।”

ਇਹ ਸਭ ਕੁਝ ਸੁਣਦਿਆਂ ਹਰਜਿੰਦਰ ਦਾ ਗਲ੍ਹਾ ਭਰ ਆਇਆ, ਇਸ ਹਾਲਤ ਨੂੰ ਲੁਕਾਉਣ ਲਈ ਹੀ ਤਾਂ ਉਸ ਨੇ ਆਪਣਾ ਮੂੰਹ ਚੁੰਨੀ ਨਾਲ ਢੱਕ ਕੇ ਦੂਸਰੇ ਪਾਸੇ ਨੂੰ ਘੁੰਮਾ ਲਿਆ ਸੀ।

“ਹਰਜਿੰਦਰ, ਸੁਣਦੀ ਆਂ ਧਿਆਨ ਨਾਲ”--- ਦੇਵ ਨੇ ਉਸ ਦਾ ਮੂਡ ਦੇਖ ਕੇ ਇਸ ਲਈ ਕਿਹਾ ਸੀ ਤਾਂ ਕਿ ਕਮਲ ਦੀ ਗੱਲ ਦੇ ਵਿਚਕਾਰ ਹੀ ਉਹ ਰੋਣਾ ਨਾ ਸ਼ੁਰੂ ਕਰ ਦੇਵੇ,--- ਉਂਝ ਤਾ ਉਹ ਆਪ ਵੀ ਕਾਫ਼ੀ ਭਾਵੁਕ ਹੋ ਰਿਹਾ ਸੀ।

“ਡੈਡ, ਚੁੱਪ ਰਹੋ ਪਲੀਜ਼” ਕਮਲ ਨੇ ਸੀਰੀਅਸ ਹੋ ਕੇ ਕਿਹਾ।

“ਸੌਰੀ! ਫੇਰ ਅੱਗੇ ਕੀ ਹੋਇਆ?” ਦੇਵ ਹੁਣ ਗੱਲ 'ਚ ਹੋਰ ਵਿਘਨ ਨਹੀਂ ਸੀ ਚਾਹੁੰਦਾ।

“ਡੈਡ, ਜਦੋਂ ਮੈਂ ਆਪਣੀਆਂ ਸੋਚਾਂ 'ਚ ਪੂਰੀ ਤਰ੍ਹਾਂ ਗੁਆਚੀ ਹੋਈ ਸੀ, ਉਦੋਂ ਮੇਰੇ ਮੋਢੇ 'ਤੇ ਹੱਥ ਰੱਖ ਕੇ ਡਿਆਨਾ ਨੇ ਮੈਨੂੰ ਪੁੱਛਿਆ ਸੀ,--- 'ਆਰ ਯੂ ਓ ਕੇ ?'--- ਉਦੋਂ ਮੈਂ ਇਸ ਤਰ੍ਹਾਂ ਤਰੱਬਕੀ ਸੀ ਜਿਵੇਂ ਕੋਈ ਗਹਿਰਾ ਸ਼ੌਕ ਲੱਗਿਆ ਹੋਵੇ, ਮੈਂ ਇਕ ਦਮ ਆਪਣੇ ਆਪ ਨੂੰ ਸੰਭਾਲਦਿਆਂ ਹੋਇਆ ਕਿਹਾ ਸੀ, ਯੈਸ! ਯੈਸ! ਆਈ ਐਮ ਫ਼ਾਈਨ। ਫੇਰ ਮੈਂ ਕਈ ਲੰਮੇ ਲੰਮੇ ਸਾਹ ਲਏ ਤੇ ਆਪਣੇ ਆਪ 'ਚ ਇਕ ਬਦਲਾਅ ਜਿਹਾ ਮਹਿਸੂਸ ਕੀਤਾ। ਹੁਣ ਮਨ 'ਚ ਕੋਈ ਬੇਚੈਨੀ ਨਹੀਂ ਸੀ।---ਦਿਲ ਹਰ ਖ਼ਤਰੇ ਨਾਲ ਖੇਡ ਜਾਣ ਲਈ ਤਿਆਰ ਹੋ ਚੁੱਕਾ ਸੀ। ਸਭ ਰੰਗ ਦੀਆਂ ਕਾਰਾਂ ਵੈਨਾਂ ਦਾ ਖੌਫ਼ ਹੁਣ ਮੇਰੇ ਦਿਮਾਗ 'ਚੋਂ ਨਿਕਲ ਚੁੱਕਿਆ ਸੀ,--- ਸੜਕ 'ਤੇ ਚੱਲਦੀਆਂ ਸਭ ਗੱਡੀਆਂ ਹੁਣ ਮੇਰੇ ਲਈ ਆਮ ਜਿਹਾ ਵਰਤਾਰਾ ਸੀ।--- ਮੈਂ ਪੂਰੇ ਜ਼ੋਸ 'ਚ ਨਾਅਰੇ ਮਾਰਨੇ ਸ਼ੁਰੂ ਕਰ ਦਿੱਤੇ।”

“ਕਮਲ ਬੇਟਾ, ਫ਼ੋਨ ਕਿਉਂ ਨਹੀਂ ਕੀਤਾ? ਅਗਰ ਕੁੱਝ”---

ਦੇਵ ਦੀ ਗੱਲ ਨੂੰ ਵਿੱਚੋਂ ਹੀ ਕੱਟਦਿਆਂ ਕਮਲ ਨੇ ਆਖਿਆ ਸੀ, “ਡੈਡ ਇਹੀ ਸੋਚ ਕੇ ਤਾਂ ਮੈਂ ਆਪਣੀ ਜੈਕਟ 'ਚੋਂ ਫ਼ੋਨ ਕੱਢਿਆ ਤੇ ਵਟਸਐਪ 'ਤੇ ਤਹਾਨੂੰ ਮੈਸਿਜ ਕਰ ਦਿੱਤਾ ਸੀ, 'ਲਵ ਯੂ ਮਾਮ ਐਂਡ ਡੈਡ' --- ਇਹ ਫ਼ਰਜ਼ ਪੂਰਾ ਕਰ ਕੇ, ਮੈਂ ਹਰ ਕਿਸਮ ਦੇ ਲੋਭ, ਮੋਹ ਤੋਂ ਸੁਰਖ਼ਰੂ ਹੋ ਗਈ ਸੀ। --- ਹੁਣ ਮੈਂ ਕਿਸੇ ਸੁਨਹਿਰੇ ਇਤਿਹਾਸ ਦਾ ਹਿੱਸਾ ਬਣਨ ਲਈ ਪੂਰੀ ਤਰ੍ਹਾਂ ਤਿਆਰ ਸੀ। ਉਦੋਂ ਮੇਰੇ ਸਾਹਮਣੇ ਇੱਕੋ ਹੀ ਨਿਸ਼ਾਨਾ ਸੀ, --- ਇਨਸਾਫ਼ ਜਾਂ ਮੌਤ।”

ਸਟੋਰੀ ਸਣਾਉਂਦਿਆਂ ਹੀ ਕਮਲ ਨੇ ਤੱਕਿਆ ਕਿ ਉਸ ਦੇ ਡੈਡ ਦੀਆ ਅੱਖਾਂ 'ਚੋਂ ਅੱਥਰੂ ਵੱਗ ਰਹੇ ਹਨ।

“ਇਹ ਕੀ ਹੋ ਰਿਹੈ ਡੈਡ, ਮੈਨੂੰ ਤੁਹਾਡੇ ਕੋਲੋਂ ਇਸਦੀ ਬਿਲਕੁਲ ਵੀ ਉਮੀਦ ਨਹੀਂ ਸੀ” ਕਮਲ ਨੇ ਬੜੀ ਹੀ ਜਜ਼ਬਾਤੀ ਹੋ ਕੇ ਕਿਹਾ ਸੀ।

“ਨਹੀਂ ਪੁੱਤਰ ਉਹ ਗੱਲ ਨਹੀਂ ਜੋ ਤੂੰ ਸੋਚਦੀ ਹੈ, ਇਹ ਤਾਂ ਤੇਰੀ ਹਿੰਮਤ ਦੀ ਦਾਦ 'ਚ ਆਪ ਮੁਹਾਰੇ ਵਹਿ ਤੁਰੇ ਹੰਝੂ ਨੇ।

ਥੋੜੀ ਚਿੰਤਾਂ ਵੀ ਹੋਈ ਹੈ, ਸੋਚਦਾ ਸੀ ਅਜੇ ਤਾਂ ਤੇਰੇ ਕਰਨ ਵਾਲੇ ਬਹੁਤ ਸਾਰੇ ਕੰਮ ਬਾਕੀ ਪਏ ਨੇ।”---ਦੇਵ ਕਹਿਣਾ ਚਾਹੁੰਦਾ ਸੀ ਕਿ ਅਜੇ ਤਾਂ ਅਸੀਂ ਰੈਂਡੀ ਨਾਲ ਤੇਰੀ ਮੈਰਿਜ ਵੀ ਕਰਨੀ ਹੈ, ਪਰ ਇਹੋ ਜਿਹੇ ਮੌਕੇ 'ਤੇ ਉਸ ਨੂੰ ਇਹ ਗੱਲ ਬਹੁਤ ਹੀ ਨਿਗੂਣੀ ਜਿਹੀ ਅਤੇ ਹਾਸੋਹੀਣੀ ਜਾਪੀ ਸੀ।

ਕਮਲ ਵੀ ਹੈਰਾਨ ਸੀ ਕਿ ਹਰ ਰੋਜ਼ ਕੁਰਬਾਨੀਆਂ ਦੇ ਕਿੱਸੇ ਸਣਾਉਣ ਵਾਲਾ ਡੈਡ, ਅੱਜ ਥੋੜ੍ਹਾ ਬਦਲਿਆ, ਬਦਲਿਆ ਲੱਗ ਰਿਹਾ ਸੀ। ਉਸ ਦੀ ਗੱਲ ਦਾ ਜਵਾਬ ਦਿੰਦਿਆਂ ਤਦੇ ਤਾਂ ਉਸ ਨੇ ਕਿਹਾ ਸੀ,---

“ਡੈਡ ਇਹੋ ਜਿਹੇ ਕੰਮਾਂ 'ਚ ਪੂਰੀ ਤਰ੍ਹਾਂ ਸੰਭਵ ਨਹੀਂ ਹੁੰਦਾ, ਕਿ ਜੋ ਨਿਸ਼ਾਨਾ ਤੁਸੀਂ ਸੋਚਿਆ ਹੈ ਉਹ ਪੂਰਾ ਹੀ ਹੋ ਸਕੇ। ਮੈਂ ਤਾਂ ਹੁਣ ਇਹੀ ਸਿੱਖਿਆ ਹੈ ਕਿ ਜਿੰਨਾਂ ਵੀ ਕੰਮ ਕੀਤਾ ਜਾਵੇ ਉਹ ਸਿਆਣਪ, ਲਗਨ ਤੇ ਬੇਖ਼ੌਫ਼ ਹੋ ਕੇ ਕੀਤਾ ਜਾਵੇ। ਅੱਜ ਦੇ ਸਮੇਂ 'ਚ ਲੋਕਾਂ ਨੂੰ ਇਮਾਨਦਾਰ, ਸੂਝਵਾਨ ਤੇ ਸੁਹਿਰਦ ਲੀਡਰਸ਼ਿਪ ਦੀ ਲੋੜ ਹੈ, ਜੋ ਲੋੜ ਪੈਣ 'ਤੇ ਹਰ ਕੁਰਬਾਨੀ ਕਰ ਸਕੇ। ਲੋਕਾਂ ਦੀ ਅਗਵਾਈ ਕਰਦਿਆਂ ਡਰ ਕੇ ਪਿੱਛੇ ਹੱਟ ਜਾਣਾ ਤੁਹਾਡੀ ਜ਼ਮੀਰ ਨੂੰ ਮਾਰ ਦਿੰਦਾ ਹੈ।”

ਕਮਲ ਵੱਲੋਂ ਕਹੀ ਇਹ ਗੱਲ ਕਿ, 'ਕਿਸੇ ਕਿਸਮ ਦੇ ਜ਼ਬਰ ਤੋਂ ਡਰ ਕੇ ਪਿੱਛੇ ਹੱਟਣ ਨਾਲ ਬੰਦੇ ਦੀ ਜ਼ਮੀਰ ਮਰ ਜਾਂਦੀ ਹੈ' ਸੁਣਦਿਆਂ ਹੀ ਦੇਵ ਨੇ ਥਥਲਾਉਂਦੀ ਜਿਹੀ ਅਵਾਜ਼ 'ਚ ਕਿਹਾ ਸੀ,--- “ਬੇਟਾ, ਕੋਈ ਵੱਡਾ ਸਟੈਪ ਲੈਣ ਤੋਂ ਪਹਿਲਾਂ ਆਪਣੇ ਨਿਸ਼ਾਨੇ ਬਾਰੇ ਪੂਰੀ ਤਰ੍ਹਾਂ ਜਾਣ ਲੈਣਾ ਵੀ ਜ਼ਰੂਰੀ ਹੈ।”


“ਡੈਡ, ਤੁਸੀਂ ਕਹਿ ਰਹੇ ਹੋ ਇਹ ਗੱਲ! ਮੇਰੇ ਟੀਚੇ ਬਾਰੇ ਤੁਹਾਨੂੰ ਤਾਂ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ। ਹੁਣ ਤੁਸੀਂ ਵੀ ਉਹ ਗੱਲ ਯਾਦ ਕਰੋ ਜੋ ਹਮੇਸ਼ਾਂ ਹੀ ਕਹਿੰਦੇ ਰਹਿੰਦੇ ਹੋ, ਅਖੇ ਬਹੁਤੇ ਲੋਕ ਇਹੀ ਚਾਹੁੰਦੇ ਨੇ, --- 'ਭਗਤ ਸਿੰਘ ਤਾਂ ਜ਼ਰੂਰ ਜੰਮੇ, ਪਰ ਜੰਮੇ ਗੁਆਂਢੀਆਂ ਦੇ'--- ਕਿਤੇ ਹੁਣ ਤੁਸੀਂ ਵੀ ਇਹੀ ਤਾਂ ਨਹੀਂ ਸੋਚਦੇ। ਗੱਲ ਤਾਂ ਇਹ ਵੀ ਸਹੀ ਹੈ, ਕਿਸੇ ਮਨੋਰਥ ਨੂੰ ਪੂਰਾ ਕਰਨ ਲਈ ਅਮਲ ਤੇ ਗਿਆਨ ਦੋਵੇਂ ਹੀ ਜ਼ਰੂਰੀ ਹਨ,--- ਪਰ ਦਲੇਰੀ ਤੋਂ ਬਿਨਾ ਕੱਲੇ ਗਿਆਨ ਨਾਲ ਵੀ ਮੰਜ਼ਲਾਂ ਸਰ ਨਹੀਂ ਹੁੰਦੀਆਂ।” --- ਕਮਲ ਆਪ ਮੁਹਾਰੇ ਬੋਲੀ ਜਾ ਰਹੀ ਸੀ।

ਉਸ ਦੀ ਗੱਲ ਨੂੰ ਵਿੱਚੋਂ ਹੀ ਟੋਕਦਿਆਂ, ਬੇਹੱਦ ਭਾਵੁਕ ਹੋਈ ਹਰਜਿੰਦਰ ਨੇ ਕਿਹਾ ਸੀ, “ਆਹ ਦੇਖ ਲਵੋ! ਇਹ ਉਹੀ ਕਮਲ ਐ? ਜਿਹੜੀ ਕਦੇ ਕਾਕਰੋਚ ਅਤੇ ਮੱਕੜੀਆਂ ਨੂੰ ਦੇਖ ਕੇ ਹੀ ਚੀਕਾਂ ਮਾਰਨ ਲੱਗ ਪੈਂਦੀ ਸੀ, ਪਰ ਹੁਣ ਤਾਂ” --- ਗੱਲ ਉਸ ਤੋਂ ਪੂਰੀ ਨਹੀਂ ਸੀ ਹੋ ਸਕੀ, ਹਰਜਿੰਦਰ ਦੀਆਂ ਅੱਖਾਂ 'ਚੋਂ ਹੰਝੂ ਆਪ ਮੁਹਾਰੇ ਵੱਗ ਤੁਰੇ। ਕਮਲ ਦੇ ਦ੍ਰਿੜ ਇਰਾਦੇ ਤੇ ਜਜ਼ਬਾਤਾਂ ਨੂੰ ਦੇਖਦਿਆਂ, ਦੇਵ ਇਹਨਾਂ ਹੀ ਕਹਿ ਸਕਿਆ ਸੀ, ---“ਬੇਟਾ, ਚੰਗੀਆਂ ਭਾਵਨਾਵਾਂ ਹੋਣ ਦੇ ਬਾਵਜੂਦ ਵੀ, ਕਈ ਵਾਰ ਨਿੱਜ ਇਨਸਾਨ ਤੇ ਭਾਰੂ ਹੋ ਜਾਂਦਾ ਹੈ, ਪਰ ਅਸੀਂ ਤੈਨੂੰ ਤੇਰੇ ਰਸਤੇ ਤੋਂ ਬਿਲਕੁਲ ਨਹੀਂ ਰੋਕਾਂਗੇ। ਇੱਕ ਗੱਲ ਹੋਰ, ਤੇਰੇ ਵਲੋਂ ਵਟਸਐਪ 'ਤੇ ਭੇਜਿਆ ਯਾਦਗਾਰੀ ਮੈਸਿਜ, ---'ਲਵ ਯੂ ਮਾਮ ਐਂਡ ਡੈਡ' ---ਮੈਂ ਸੇਵ ਕਰ ਕੇ ਰੱਖ ਲਿਆ।”

# ਮੁਫ਼ਤਖ਼ੋਰੇ ਬਣਾਉਣਾ ਪੰਜਾਬੀਆਂ/ਸਿੱਖਾਂ ਦੀ ਅਣਖ਼ ਨੂੰ ਵੰਗਾਰ

ਸਰੋਕਾਰ
ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਨੇ ਵੋਟਾਂ ਵਟੋਰਨ ਦੇ ਇਰਾਦੇ ਨਾਲ ਲੋਕ ਲੁਭਾਊ ਸਕੀਮਾ ਸ਼ੁਰੂ ਕਰਕੇ ਪੰਜਾਬੀਆਂ ਨੂੰ ਮੁਫ਼ਤਖ਼ੋਰੇ ਤੇ ਮੰਗਤੇ ਬਣਾ ਰਹੀਆਂ ਹਨ। ਇਕ ਕਿਸਮ ਨਾਲ ਪੰਜਾਬੀਆਂ ਨੂੰ ਮੁਫ਼ਤਖ਼ੋਰੇ ਬਣਾਕੇ ਉਨ੍ਹਾਂ ਦੀ ਅਣਖ਼ ਨੂੰ ਵੰਗਾਰਿਆ ਜਾ ਰਿਹਾ ਹੈ। ਅਣਖ਼, ਗੌਰਵ, ਮਿਹਨਤੀ ਪ੍ਰਵਿਰਤੀ, ਫ਼ਰਾਖਦਿਲੀ, ਬਹਾਦਰੀ, ਨਿਡਰਤਾ, ਕਿਰਤ ਕਰਨਾ, ਵੰਡ ਛਕਣਾ ਅਤੇ ਦਲੇਰੀ ਪੰਜਾਬੀਆਂ ਦੇ ਅਜਿਹੇ ਗੁਣ ਹਨ, ਜਿਨ੍ਹਾਂ ਕਰਕੇ ਸੰਸਾਰ ਵਿੱਚ ਉਨ੍ਹਾਂ ਦੀ ਕਦਰ ਕੀਤੀ ਜਾ ਰਹੀ ਹੈ। ਇਨ੍ਹਾਂ ਗੁਣਾ ਕਰਕੇ ਦੁਨੀਆਂ ਪੰਜਾਬੀਆਂ/ਸਿੱਖਾਂ 'ਤੇ ਮਾਣ ਕਰ ਰਹੀ ਹੈ। ਕਰੋਨਾ ਦੇ ਦੌਰਾਨ ਸੰਸਾਰ ਭਰ ਵਿੱਚ ਪੰਜਾਬੀਆਂ/ਸਿੱਖਾਂ ਨੇ ਲੋੜਬੰਦਾਂ ਨੂੰ ਲੰਗਰ ਲਗਾਕੇ ਭੋਜਨ ਛਕਾਇਆ ਹੈ, ਜਿਸ ਦੀ ਹਰ ਖੇਤਰ ਤੇ ਦੇਸ਼ ਵਿੱਚੋਂ ਪ੍ਰਸੰਸਾ ਕੀਤੀ ਗਈ ਹੈ। ਪੰਜਾਬੀਆਂ/ਸਿੱਖਾਂ ਨੇ ਕਰੋਨਾਂ ਦੌਰਾਨ ਸੰਸਾਰ ਵਿੱਚ ਕਿਸੇ ਨੂੰ ਵੀ ਭੁੱਖਾ ਨਹੀਂ ਰਹਿਣ ਦਿੱਤਾ। ਪ੍ਰੰਤੂ ਬਹੁਤ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਪੰਜਾਬ ਦੀਆਂ ਸਾਰੀਆਂ ਸਰਕਾਰਾਂ ਨੇ ਪੰਜਾਬੀਆਂ ਨੂੰ ਮੁਫ਼ਤਖ਼ੋਰੇ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਹੁਣ ਤੱਕ ਪੰਜਾਬ ਸਰਕਾਰ ਕਿਸਾਨਾ ਨੂੰ 2 ਲੱਖ ਕਰੋੜ ਰੁਪਏ ਦੀ ਮੁਫ਼ਤ ਬਿਜਲੀ ਸਬਸਿਡੀ ਦੇ ਰੂਪ ਵਿੱਚ ਦੇ ਚੁੱਕੀ ਹੈ। ਇਤਨੀ ਰਕਮ ਨਾਲ 10,000 ਮੈਗਾਵਾਟ ਬਿਜਲੀ ਪੈਦਾ ਕਰਨ ਵਾਲੇ 30 ਥਰਮਲ ਪਲਾਂਟ ਲਗਾਏ ਜਾ ਸਕਦੇ ਸਨ। ਪੰਜਾਬ ਸਿਰ ਇਸ ਸਮੇਂ ਕੁਲ ਕਰਜ਼ੇ ਦਾ ਦੋ ਤਿਹਾਈ ਸਬਸਿਡੀ ਦੇ ਰੂਪ ਵਿੱਚ ਦਿੱਤਾ ਜਾ ਚੁੱਕਾ ਹੈ। ਲੋਕ ਲੁਭਾਊ ਸਕੀਮਾ ਦਾ ਸਾਰਾ ਭਾਰ ਟੈਕਸ ਦੇਣ ਵਾਲੇ ਲੋਕਾਂ ਤੇ ਪਾਇਆ ਜਾ ਰਿਹਾ ਹੈ। ਉਨ੍ਹਾਂ ਲੋਕਾਂ ਦਾ ਕੀ ਕਸੂਰ ਹੈ, ਜਿਹੜੇ ਇਨ੍ਹਾਂ ਲੋਕ ਲਾਭਾਊ ਸਕੀਮਾ ਦਾ ਭਾਰ ਉਠਾ ਰਹੇ ਹਨ? ਪੰਜਾਬ ਸਰਕਾਰ ਦੇ ਬਜਟ ਦਾ 53 ਫ਼ੀ ਸਦੀ ਕਰਜ਼ੇ ਦਾ ਵਿਆਜ ਵਾਪਸ ਕਰਨ ਲਈ ਖ਼ਰਚਿਆ ਜਾ ਰਿਹਾ ਹੈ। ਪੰਜਾਬ ਸਿਰ ਕਰਜ਼ੇ ਦੇ ਬੋਝ ਕਰਕੇ ਪਿੰਡਾਂ ਦੇ ਵਿਕਾਸ ਲਈ ਪੰਜਾਬ ਸਰਕਾਰ ਪਿਛਲੇ 10 ਸਾਲਾਂ ਤੋਂ ਇਕ ਪੈਸਾ ਵੀ ਖ਼ਰਚ ਨਹੀਂ ਕਰ ਰਹੀ। ਕੇਂਦਰ ਦੀਆਂ ਸਕੀਮਾ ਰਾਹੀਂ ਬੁੱਤਾ ਸਾਰਿਆ ਜਾ ਰਿਹਾ ਹੈ। ਪੰਜਾਬ ਦੀ ਇਸ ਤੋਂ ਵੱਡੀ ਤਰਾਸਦੀ ਕੀ ਹੋਵੇਗੀ? ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ ਸੀ, ਉਨ੍ਹਾਂ ਨਾਮ ਜਪੋ, ਕ੍ਰਿਤ ਕਰੋ ਤੇ ਵੰਡ ਛਕੋ ਦਾ ਸਿਧਾਂਤ ਦਿੱਤਾ ਸੀ। ਵੈਲਫੇਅਰ ਰਾਜ ਦਾ ਸੰਕਲਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੇ ਦਿੱਤਾ ਸੀ। ਵਰਤਮਾਨ ਸਰਕਾਰਾਂ ਉਨ੍ਹਾਂ ਦੇ ਵੈਲਫੇਅਰ ਰਾਜ ਦੀ ਥਾਂ ਲੋਕਾਂ ਨੂੰ ਮੁਫ਼ਤਖ਼ੋਰੇ ਬਣਾਉਣ ਲੱਗ ਪਈਆਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਕ੍ਰਿਤ ਕਰਨ ਲਈ ਕਿਹਾ ਸੀ ਪ੍ਰੰਤੂ ਸਰਕਾਰਾਂ ਨੇ ਲੋਕਾਈ ਨੂੰ ਕ੍ਰਿਤ ਕਰਨ ਦੀ ਥਾਂ ਵਿਹਲੇ ਬੈਠ ਕੇ ਖਾਣ ਦਾ ਸੰਕਲਪ ਵੋਟਾਂ ਲੈਣ ਲਈ ਦੇ ਦਿੱਤਾ ਹੈ। ਸੋਚਣ ਵਾਲੀ ਗੱਲ ਹੈ ਕਿ ਅਸੀਂ ਆਪੋ ਆਪਣੇ ਪਰਿਵਾਰਾਂ ਨੂੰ ਪਾਲਣ ਲਈ ਕੰਮ ਕਰਕੇ ਪੈਸੇ ਇਕੱਠੇ ਕਰਦੇ ਹਾਂ ਤੇ ਫਿਰ ਉਨ੍ਹਾਂ ਨੂੰ ਖ਼ਰਚਦੇ ਹਾਂ। ਜੇਕਰ ਅਸੀਂ ਕਮਾਵਾਂਗੇ ਨਹੀਂ ਤਾਂ ਗੁਜ਼ਾਰਾ ਕਿਵੇਂ ਹੋਵੇਗਾ। ਪਰਵਾਰ ਕਿਵੇਂ ਪਲਣਗੇ? ਬਿਲਕੁਲ ਇਹ ਹੀ ਫਾਰਮੂਲਾ ਸਰਕਾਰਾਂ ਤੇ ਲਾਗੂ ਹੁੰਦਾ ਹੈ। ਜੇਕਰ ਸਰਕਾਰ ਦੀ ਆਮਦਨ ਨਹੀਂ ਹੋਵੇਗੀ ਤਾਂ ਉਹ ਖ਼ਰਚਾ ਕਿਥੋਂ ਕਰਨਗੇ? ਸਰਕਾਰਾਂ ਲੋਕਾਈ ਨੂੰ ਮੁਫਤ ਵਿੱਚ ਬਿਜਲੀ, ਪਾਣੀ, ਆਟਾ ਦਾਲਾਂ, ਇਸਤਰੀਆਂ ਨੂੰ ਬੱਸਾਂ ਵਿੱਚ ਮੁਫ਼ਤ ਸਫਰ ਦੀ ਸਹੂਲਤ ਆਦਿ ਦੇ ਰਹੀਆਂ ਹਨ। ਸਰਕਾਰ ਦੇ ਖ਼ਰਚੇ ਕਰਨ ਲਈ ਜਦੋਂ ਆਮਦਨ ਨਹੀਂ ਤਾਂ ਸਰਕਾਰ ਕਰਜ਼ਾ ਹੀ ਲਵੇਗੀ। ਕਰਜ਼ਾ ਕਿਤਨੀ ਦੇਰ ਤੱਕ ਲਿਆ ਜਾ ਸਕਦਾ ਹੈ। ਪੰਜਾਬ ਸਰਕਾਰ ਨੇ ਆਪਣੀਆਂ ਬਹੁਤੀਆਂ ਇਮਾਰਤਾਂ ਗਹਿਣੇ ਕਰ ਦਿੱਤੀਆਂ ਹਨ। ਤਿੰਨ ਲੱਖ ਕਰੋੜ ਰੁਪਏ ਤੋਂ ਵਧੇਰੇ ਕਰਜ਼ਾ ਸਰਕਾਰ ਦੇ ਸਿਰ ਚੜ੍ਹ ਗਿਆ ਹੈ। ਇਹ ਲੋਕ ਲੁਭਾਊ ਸਕੀਮਾ ਪੰਜਾਬ ਦੇ ਲੋਕਾਂ ਦਾ ਨੁਕਸਾਨ ਕਰ ਰਹੀਆਂ ਅਤੇ ਮਾਨਸਿਕ ਗ਼ੁਲਾਮੀ ਵੱਲ ਧੱਕ ਰਹੀਆਂ ਹਨ। ਸਰਕਾਰਾਂ ਲੋਕਾਂ ਨੂੰ ਆਪਣੇ ਪਿੱਠੂ ਬਣਾ ਰਹੀਆਂ ਹਨ। ਕ੍ਰਿਤੀ ਪੰਜਾਬੀਆਂ ਨੂੰ ਆਪਣੇ 'ਤੇ ਨਿਰਭਰ ਕਰ ਰਹੀਆਂ ਹਨ ਤਾਂ ਜੋ ਲੋਕਾਈ ਉਨ੍ਹਾਂ ਦੀਆਂ ਮਨਮਰਜ਼ੀਆਂ ਵਿਰੁੱਧ ਬੋਲ ਨਾ ਸਕਣ। ਪਿੰਡਾਂ ਵਿੱਚ ਕਿਸਾਨਾ ਨੂੰ ਫਸਲਾਂ ਦੀ ਪੈਦਾਵਾਰ ਲਈ ਪੰਜਾਬ ਦੇ ਮਜ਼ਦੂਰ ਨਹੀਂ ਮਿਲ ਰਹੇ। ਪੰਜਾਬੀ ਮਜ਼ਦੂਰਾਂ ਨੂੰ ਮਜ਼ਦੂਰੀ ਕਰਨ ਦੀ ਲੋੜ ਨਹੀਂ ਕਿਉਂਕਿ ਸਰਕਾਰ ਸਭ ਕੁਝ ਮੁਫ਼ਤ ਦਿੰਦੀ ਹੈ। ਉਹ ਘਰ ਬੈਠੇ ਖਾਂਦੇ ਹਨ। ਇਸ ਕਰਕੇ ਦੂਜੇ ਰਾਜਾਂ ਬਿਹਾਰ, ਉਤਰ ਪ੍ਰਦੇਸ਼ ਦੇ ਮਜ਼ਦੂਰ ਆ ਕੇ ਕੰਮ ਕਰਦੇ ਹਨ। ਸਰਕਾਰਾਂ ਨੂੰ ਪੰਜਾਬ ਦੀ ਅਣਖ ਅਤੇ ਸਵੈਮਾਣਤਾ ਬਰਕਰਾਰ ਰੱਖਣ ਲਈ ਲੋਕ ਲੁਭਾਊ ਸਕੀਮਾ ਬੰਦ ਕਰਨੀਆਂ ਚਾਹੀਦੀਆਂ ਹਨ। ਇਹ ਨਾ ਹੋਵੇ ਕਿ ਸਰਕਾਰ ਨੂੰ ਬੈਂਕਾਂ ਵੀ ਕਰਜ਼ਾ ਦੇਣਾ ਬੰਦ ਕਰ ਦੇਣ। ਸਭ ਤੋਂ ਪਹਿਲਾਂ ਸ੍ਰੀਮਤੀ ਰਾਜਿੰਦਰ ਕੌਰ ਭੱਠਲ ਨੇ ਜਨਵਰੀ 1997 ਵਿੱਚ 7 ਏਕੜ ਤੱਕ ਜ਼ਮੀਨ ਦੇ ਮਾਲਕ ਕਿਸਾਨਾਂ ਨੂੰ ਖੇਤੀਬਾੜੀ ਲਈ ਬਿਜਲੀ ਮੁਫ਼ਤ ਅਤੇ ਬਾਕੀ ਸਾਰੇ ਕਿਸਾਨਾਂ ਨੂੰ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਹਿਸਾਬ ਨਾਲ ਸਹੂਲਤ ਦੇਣ ਦਾ ਐਲਾਨ ਕੀਤਾ ਸੀ। ਉਸ ਤੋਂ ਬਾਅਦ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਫ਼ਰਵਰੀ 1997 ਵਿੱਚ ਸਾਰੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਦੇਣ ਦਾ ਫ਼ੈਸਲਾ ਕਰ ਦਿੱਤਾ। ਵੱਡੇ ਕਿਸਾਨ ਜਿਹੜੇ ਬਿਲ ਦੇ ਸਕਦੇ ਹਨ, ਉਨ੍ਹਾਂ ਦੀ ਬਿਜਲੀ ਵੀ ਮੁਆਫ਼ ਕਰ ਦਿੱਤੀ। 2002 ਵਿੱਚ ਜਦੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ ਤਾਂ ਉਨ੍ਹਾਂ ਕਿਸਾਨਾ ਨੂੰ ਮੁਫ਼ਤ ਬਿਜਲੀ ਦੇਣੀ ਬੰਦ ਕਰ ਦਿੱਤੀ। 2005 ਤੱਕ ਇਹ ਫ਼ੈਸਲਾ ਲਾਗੂ ਰਿਹਾ ਪ੍ਰੰਤੂ ਕੈਪਟਨ ਅਮਰਿੰਦਰ ਸਿੰਘ 'ਤੇ ਪੰਜਾਬ ਦੇ ਕਾਂਗਰਸੀਆਂ ਦਾ ਦਬਾਅ ਪਿਆ, ਜਿਸ ਕਰਕੇ ਉਸ ਨੇ ਫਿਰ ਦੁਬਾਰਾ ਪਰਕਾਸ਼ ਸਿੰਘ ਬਾਦਲ ਵਾਲਾ ਮੁਫ਼ਤ ਬਿਜਲੀ ਦੇਣ ਦਾ ਫ਼ੈਸਲਾ ਲਾਗੂ ਕਰ ਦਿੱਤਾ। ਉਸ ਤੋਂ ਬਾਅਦ ਹੁਣ ਤੱਕ ਬਿਜਲੀ ਮੁਫ਼ਤ ਦਿੱਤੀ ਜਾ ਰਹੀ ਹੈ। ਇਕ ਪਾਸੇ ਸਰਕਾਰ ਕਣਕ ਝੋਨੇ ਦੀ ਥਾਂ ਬਦਲਵੀਂਆਂ ਫਸਲਾਂ ਬੀਜਣ ਲਈ ਕਹਿ ਰਹੀ ਹੈ, ਕਿਉਂਕਿ ਜ਼ਮੀਨਦੋਜ਼ ਪਾਣੀ ਪੱਧਰ ਹਰ ਸਾਲ ਨੀਵਾਂ ਹੋ ਰਿਹਾ ਹੈ। ਟਿਊਬਵੈਲਾਂ ਦੇ ਬੋਰ ਡੂੰਘੇ ਕਰਨੇ ਪੈ ਰਹੇ ਹਨ। ਕਿਸਾਨਾ ਤੇ ਵਾਧੂ ਦਾ ਖ਼ਰਚਾ ਪੈ ਰਿਹਾ ਹੈ। ਦੂਜੇ ਪਾਸੇ ਸਰਕਾਰ ਝੋਨੇ ਦੀ ਕਾਸ਼ਤ ਲਈ ਮੁਫ਼ਤ ਬਿਜਲੀ ਦੇ ਕੇ ਅਸਿਧੇ ਢੰਗ ਨਾਲ ਝੋਨੇ ਦੀ ਕਾਸ਼ਤ ਨੂੰ




ਪ੍ਰਤੋਸ਼ਾਹਤ ਕਰ ਰਹੀ ਹੈ। ਜੇਕਰ ਮੁੱਲ ਦਾ ਪਾਣੀ ਹੋਵੇਗਾ ਤਾਂ ਕਿਸਾਨ ਸੋਚ ਸਮਝ ਕੇ ਧਰਤੀ ਵਿੱਚੋਂ ਪਾਣੀ ਕੱਢੇਗਾ। ਕਿਸਾਨਾਂ ਨੂੰ ਵੀ ਇਸ ਦਾ ਨੁਕਸਾਨ ਹੋ ਰਿਹਾ ਹੈ। ਬਹੁਤਾ ਪਾਣੀ ਨਿਕਲਣ ਅਤੇ ਲਗਾਤਾਰ ਮੋਟਰਾਂ ਦੇ ਚਲਣ ਨਾਲ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ ਅਤੇ ਬੋਰ ਬੰਦ ਹੋ ਰਹੇ ਹਨ। ਪਾਣੀ ਦਾ ਪੱਧਰ ਨੀਵਾਂ ਹੋਣ ਕਰਕੇ ਸਮਬਰਸੀਵਲ ਬੋਰ 'ਤੇ ਖ਼ਰਚਾ ਜ਼ਿਆਦਾ ਹੋਣ ਕਰਕੇ ਮਹਿੰਗਾ ਹੋ ਗਿਆ ਹੈ। ਜੇਕਰ ਝੋਨੇ ਤੋਂ ਕਿਸਾਨ ਦੀ ਆਮਦਨ ਵੱਧਦੀ ਹੈ ਤਾਂ ਨਾਲ ਹੀ ਖ਼ਰਚਾ ਵੀ ਵੱਧ ਰਿਹਾ ਹੈ। ਇਸੇ ਤਰ੍ਹਾਂ 1997 ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ 60 ਸਾਲ ਤੋਂ ਉਪਰ ਇਸਤਰੀਆਂ ਅਤੇ 65 ਸਾਲ ਤੋਂ ਉਪਰ ਮਰਦਾਂ ਦਾ ਬੱਸਾਂ ਵਿੱਚ ਸਫਰ ਕਰਨਾ ਮੁਫ਼ਤ ਕਰ ਦਿੱਤਾ। ਗੱਲ ਏਥੇ ਹੀ ਖ਼ਤਮ ਨਹੀਂ ਹੋਈ ਕੈਪਟਨ ਅਮਰਿੰਦਰ ਸਿੰਘ ਨੇ 2017 ਵਿੱਚ ਸਾਰੀਆਂ ਇਸਤਰੀਆਂ ਨੂੰ ਬੱਸਾਂ ਵਿੱਚ ਮੁਫਤ ਸਫਰ ਕਰਨ ਦੀ ਸਹੂਲਤ ਦੇ ਦਿੱਤੀ। ਇਸ ਸਮੇਂ ਪੰਜਾਬ ਰੋਡਵੇਜ ਅਤੇ ਪੈਪਸੂ ਰੋਡਵੇਜ਼ ਦਾ ਦੀਵਾਲਾ ਨਿਕਲਣ ਵਾਲਾ ਹੈ। ਅਮਲੇ ਨੂੰ ਤਨਖਾਹਾਂ ਅਤੇ ਸੇਵਾ ਮੁਕਤ ਕਰਮਚਾਰੀਆਂ ਨੂੰ ਪੈਨਸ਼ਨਾ ਅਤੇ ਮੈਡੀਕਲ ਖਰਚੇ ਦੇਣ ਵਿੱਚ ਮੁਸ਼ਕਲ ਆ ਰਹੀ ਹੈ। ਉਹ ਧਰਨੇ ਅਤੇ ਮੁਜ਼ਾਹਰੇ ਕਰ ਰਹੇ ਹਨ। ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਸਮਾਜ ਦੇ ਅਨੁਸੂਚਿਤ ਅਤੇ ਪਛੜੀਆਂ ਸ਼੍ਰੇਣੀਆਂ ਦੇ ਪਰਿਵਾਰਾਂ ਨੂੰ ਮੁਫ਼ਤ ਆਟਾ ਦਾਲ ਦੇਣਾ ਸ਼ੁਰੂ ਕਰ ਦਿੱਤਾ। 2007 ਵਿੱਚ ਕੇਂਦਰ ਸਰਕਾਰ ਦੇ ਫੂਡ ਸਕਿਉਰਿਟੀ ਐਕਟ ਵਿੱਚ ਮਰਜ ਕਰਕੇ ਆਟਾ ਦਾਲ ਦੇਣੀ ਜਾਰੀ ਰੱਖੀ। ਨਹਿਰੀ ਪਾਣੀ ਵੀ ਮੁਫ਼ਤ ਮਿਲ ਰਿਹਾ ਹੈ। ਬਾਦਲ ਸਾਹਿਬ ਨੇ ਤਾਂ ਸਰਕਾਰ ਤੇ ਆਪਣਾ ਕਬਜ਼ਾ ਬਣਾਈ ਰੱਖਣ ਲਈ 100 ਵਰਗ ਗਜ਼ ਦੇ ਰਿਹਾਇਸ਼ੀ ਮਕਾਨਾ ਵਾਲਿਆਂ ਨੂੰ ਪੀਣ ਵਾਲਾ ਪਾਣੀ ਵੀ ਮੁਫ਼ਤ ਦੇਣਾ ਸ਼ੁਰੂ ਕਰ ਦਿੱਤਾ। ਏਥੇ ਹੀ ਗੱਲ ਖ਼ਤਮ ਨਹੀਂ ਹੁੰਦੀ, ਉਨ੍ਹਾਂ ਕੇਂਦਰ ਸਰਕਾਰ ਦੀ ਮਦਦ ਨਾਲ 'ਮੁੱਖ ਮੰਤਰੀ ਤੀਰਥ ਯਾਤਰਾ' ਸਕੀਮ ਸ਼ੁਰੂ ਕਰ ਦਿੱਤੀ। ਇਸ ਸਕੀਮ ਅਧੀਨ ਪੰਜਾਬੀਆਂ ਨੂੰ ਮੁਫ਼ਤ ਵਿੱਚ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਤੀਰਥ ਸਥਾਨਾ ਦੇ ਦਰਸ਼ਨ ਕਰਵਾਉਣ ਲਈ ਪੰਜਾਬ ਸਰਕਾਰ ਦੇ ਖ਼ਰਚੇ 'ਤੇ ਲਿਜਾਇਆ ਜਾਂਦਾ ਸੀ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 2017 ਵਿੱਚ ਇਹ ਸਕੀਮ ਬੰਦ ਕਰ ਦਿੱਤੀ। ਆਮ ਆਦਮੀ ਪਾਰਟੀ ਨੇ ਤਾਂ ਚੋਣਾਂ ਤੋਂ ਪਹਿਲਾਂ ਲੋਕਾਂ ਨੂੰ ਮੁਫ਼ਤ ਦੀਆਂ ਗਰੰਟੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਸਰਕਾਰ ਬਣਨ ਤੋਂ ਬਾਅਦ ਇਨ੍ਹਾਂ ਗਰੰਟੀਆਂ ਵਿੱਚ ਜੁਲਾਈ 2022 ਤੋਂ ਹਰ ਪਰਿਵਾਰ ਦੀ ਪ੍ਰਤੀ ਮਹੀਨਾ 300 ਯੂਨਿਟ ਤੱਕ ਦੀ ਬਿਜਲੀ ਮੁਆਫ਼ ਕਰ ਦਿੱਤੀ। ਇਸ ਤੋਂ ਪਹਿਲਾਂ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦੇ ਪਰਿਵਾਰਾਂ ਨੂੰ 300 ਯੂਨਿਟ ਤੱਕ ਪਹਿਲਾਂ ਹੀ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਸੀ। ਬਿਜਲੀ ਨਿਗਮ ਘਾਟੇ ਵਿੱਚ ਜਾ ਰਿਹਾ ਹੈ। ਲੋਕਾਂ ਨੂੰ ਮੁਫ਼ਤ ਵਿੱਚ ਬਿਜਲੀ ਦਿੱਤੀ ਜਾ ਰਹੀ ਹੈ। ਸਰਕਾਰ ਦੀਆਂ ਮੁਫ਼ਤ ਵਾਲੀਆਂ ਲੋਕ ਭਲਾਈ ਸਕੀਮਾਂ ਕਰਕੇ ਪੰਜਾਬ ਦੀ ਆਰਥਿਕਤਾ ਤਬਾਹ ਹੋ ਗਈ ਹੈ। ਕਿਸੇ ਵੀ ਸਮੇਂ ਸਰਕਾਰ ਦੀਵਾਲੀਅਪਣ ਘੋਸ਼ਿਤ ਕਰਨ ਲਈ ਮਜ਼ਬੂਰ ਹੋ ਸਕਦੀ ਹੈ।

# ਵੇਖੋ ! ਕੀ ਇਹ ਉਹੀ ਬਜ਼ੁਰਗ ਹੈ ਜਿਹੜਾ ਗੁਜ਼ਾਰਦਾ ਸੀ ਨਰਕ ਰੂਪੀ ਜ਼ਿੰਦਗੀ


ਆਸ਼ਰਮ 'ਚ ਦਾਖਲ ਹੋਣ ਤੋਂ ਪਹਿਲਾਂ


ਕੁਲਦੀਪ ਆਸ਼ਰਮ 'ਚ ਦਾਖਲ ਹੋਣ ਤੋਂ ਬਾਅਦ ਕੁਲਦੀਪ

ਕੁਲਦੀਪ ਕੁਮਾਰ ( ਉਮਰ 60 ਸਾਲ) ਫਿਰੋਜ਼ਪੁਰ ਜ਼ਿਲ੍ਹੇ 'ਚ ਪੈਂਦੇ ਪਿੰਡ ਤਲਵੰਡੀ ਭਾਈ ਦੇ ਇੱਕ ਖੁਸ਼ਹਾਲ ਪਰਿਵਾਰ ਵਿੱਚ ਜੰਮਿਆ ਪਲਿਆ, ਹੱਸਿਆ ਖੇਡਿਆ। ਕੁਲਦੀਪ ਕੁਮਾਰ ਦੀਆਂ ਦੋ ਭੈਣਾ, ਇੱਕ ਭਰਾ, ਭਤੀਜੇ, ਭਾਣਜੇ ਸਾਰੇ ਹੀ ਬਾਹਰਲੇ ਮੁਲਕਾਂ 'ਚ ਸੈੱਟ ਹੋ ਗਏ। ਕੁਲਦੀਪ ਕੁਮਾਰ ਦਾ ਆਪਣਾ ਕੋਈ ਘਰ-ਬਾਰ ਜਾਂ ਪਰਿਵਾਰ ਨਾ ਹੋਣ ਕਰਕੇ ਆਪਣੇ ਭਰਾ ਦੇ ਮਕਾਨ 'ਚ ਇੱਕ ਕਮਰੇ 'ਚ ਰਹਿੰਦਾ ਸੀ। ਦਿਮਾਗੀ ਸੰਤੁਲਨ ਠੀਕ ਨਾ ਹੋਣ ਕਰਕੇ ਉਹ ਘਰ ਤੋਂ ਬਾਹਰ ਰਾਸਤਿਆਂ ਵਿਚਲਾ ਕੂੜਾ-ਕਰਕਟ ਚੁੱਕ ਕੇ ਘਰ ਲੈ ਆਂਉਦਾ ਅਤੇ ਉਸ ਦੇ ਢੇਰ ਘਰ ਦੇ ਵਿਹੜੇ ਵਿੱਚ ਲਗਾਈ ਜਾਂਦਾ ਸੀ। ਉਸ ਨੇ ਆਪਣੇ ਕਮਰੇ ਵਿਚਲੇ ਸਮਾਨ ( ਕੱਪੜੇ, ਕੂਲਰ, ਮੋਟਰ ਸਾਇਕਲ, ਦਰਵਾਜ਼ੇ-ਖਿੜਕੀਆਂ, ਟੂਟੀਆਂ, ਮੰਜ਼ੇ, ਕੁਰਸੀਆਂ) ਦੀ ਤੋੜ ਭੰਨ ਕਰਕੇ ਵਿਹੜੇ ਵਿੱਚ ਖਿਲਾਰਿਆ ਪਿਆ ਸੀ । ਇੱਕ ਤਰ੍ਹਾਂ ਦੀ ਨਰਕ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਸੀ।

ਮੁਹੱਲਾ ਵਾਸੀਆਂ ਦੇ ਦੱਸਣ ਮੁਤਾਬਕ ਇਹ ਕਈ ਸਾਲਾਂ ਤੋਂ ਦਿਨ ਰਾਤ-ਗਲੀਆਂ ਵਿੱਚ ਘੁੰਮਦਾ ਰਹਿੰਦਾ ਸੀ। ਜੇਕਰ ਕੋਈ ਤਰਸ ਖਾ ਕੇ ਖਾਣ ਨੂੰ ਕੁੱਝ ਦੇ ਦਿੰਦਾ ਤਾਂ ਕਈ ਵਾਰ ਖਾ ਲੈਂਦਾ ਸੀ ਨਹੀ ਤਾਂ ਸੁੱਟ ਵੀ ਦਿੰਦਾ ਸੀ । ਨਾ ਹੀ ਇਸ ਨੂੰ ਕੱਪੜੇ ਪਾਉਣ ਦੀ ਕੋਈ ਸੁੱਧ-ਬੁੱਧ ਸੀ। ਉੱਪਰ ਟੀ-ਸ਼ਰਟ ਅਤੇ ਨੀਚੇ ਜਨਾਨਾ ਸਲਵਾਰ ਪਾ ਕੇ ਲਵਾਰਸਾਂ ਦੀ ਤਰ੍ਹਾਂ ਘੁੰਮਦਾ ਰਹਿੰਦਾ ਸੀ। ਹੱਥਾਂ-ਪੈਰਾਂ ਦੇ ਵਧੇ ਹੋਏ ਨਹੁੰ, ਖਿਲਰੇ ਵਾਲ, ਮੈਲੇ-ਕੁਚੈਲੇ ਕੱਪੜੇ, ਪੈਰੋਂ ਨੰਗਾ, ਨਾ ਹੀ ਇਸ ਨੂੰ ਗਰਮੀ-ਸਰਦੀ ਦਾ ਪਤਾ ਲਗਦਾ ਸੀ। ਇੱਕ ਦਿਨ ਕਿਸੇ ਭਲੇ ਪੁਰਸ਼ ਨੇ ਤਰਸ ਖਾ ਕੇ ਫਿਰੋਜ਼ਪੁਰ ਸਥਿੱਤ ਭਗਤ ਪੂਰਨ ਸਿੰਘ ਸੁਸਾਇਟੀ ਨਾਲ ਸੰਪਰਕ ਕੀਤਾ ਤਾਂ ਕਿ ਇਸਨੂੰ ਕਿਸੇ ਆਸ਼ਰਮ ਵਿੱਚ ਛੱਡ ਦਿੱਤਾ ਜਾਵੇ । ਸੁਸਾਇਟੀ ਦੇ ਸੇਵਾਦਾਰਾਂ ਵੱਲੋਂ ਇਸਨੂੰ 3 ਮਈ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਛੱਡ ਦਿੱਤਾ ਗਿਆ ਹੈ । ਕੁਲਦੀਪ ਕੁਮਾਰ ਆਸ਼ਰਮ ਵਿੱਚ ਆ ਕੇ ਬਹੁਤ ਖੁਸ਼ ਹੈ । ਦੋ ਦਿਨਾਂ ਦੀ ਸੰਭਾਲ ਨਾਲ ਹੀ ਇਸ ਦੀ ਹਾਲਤ ਬਦਲ ਗਈ ਹੈ। ਉਮੀਦ ਹੈ ਕਿ ਦਿਮਾਗੀ ਇਲਾਜ ਹੋਣ ਨਾਲ ਇਹ ਵੀ ਚੰਗੇ-ਭਲੇ ਵਿਅਕਤੀਆਂ ਦੀ ਤਰ੍ਹਾਂ ਖੁਸ਼ਹਾਲ ਜ਼ਿੰਦਗੀ ਬਤੀਤ ਕਰ ਸਕੇਗਾ।

ਇਸ ਸੰਸਥਾ ਦੇ ਬਾਨੀ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿਨ੍ਹਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰ੍ਹਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ:95018-42505; ਡਾ. ਨੌਰੰਗ ਸਿੰਘ ਮਾਂਗਟ:95018-42506; ਕੈਨੇਡਾ:403-401-8787 ।

# ਜੋ ਸੱਟ ਮਾਂ ਦੀ ਫੂਕ ਨਾਲ ਠੀਕ ਹੋ ਜਾਂਦੀ ਸੀ,ਉਸ ਦੀ ਕੋਈ ਵੈਕਸੀਨ ਅੱਜ ਤੱਕ ਨਹੀਂ ਮਿਲੀ- ਡਾ. ਬਲਵਿੰਦਰ ਕੌਰ ਬਰਾੜ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮਈ ਮਹੀਨੇ ਦੀ ਇਕੱਤਰਤਾ, 20 ਮਈ ਨੂੰ, ਡਾ. ਬਲਵਿੰਦਰ ਕੌਰ ਬਰਾੜ ਅਤੇ ਸਭਾ ਦੇ ਸੀਨੀਅਰ ਮੈਂਬਰ ਬਲਜਿੰਦਰ ਗਿੱਲ ਦੀ ਪ੍ਰਧਾਨਗੀ ਵਿੱਚ, ਜੈਂਸਿਸ ਸੈਂਟਰ ਵਿਖੇ ਮਾਂ ਦਿਵਸ ਨੂੰ ਸਮਰਪਿਤ ਰਹੀ। ਸਭਾ ਦੀ ਜਨਰਲ ਸਕੱਤਰ, ਸੁਖਜੀਤ ਸਿਮਰਨ ਦੀ ਗੈਰਹਾਜ਼ਰੀ ਕਾਰਨ, ਮੀਤ ਪ੍ਰਧਾਨ ਗੁਰਦੀਸ਼ ਕੌਰ ਗਰੇਵਾਲ ਨੇ ਮੰਚ ਸੰਚਾਲਨ ਦੀ ਸੇਵਾ ਨਿਭਾਈ। ਉਹਨਾਂ ਮਾਂ ਦਿਵਸ ਦੀ ਵਧਾਈ ਦਿੰਦਿਆਂ ਹੋਇਆਂ ਦੱਸਿਆ ਕਿ ਅੱਜ ਅਸੀਂ ਮਾਂਵਾਂ, ਸੱਸਾਂ ਤੇ ਨੂੰਹਾਂ (ਸਾਡੇ ਪੋਤੇ ਪੋਤੀਆਂ ਦੀਆਂ ਮਾਵਾਂ) ਦਾ ਦਿਨ ਮਨਾ ਰਹੇ ਹਾਂ।


ਡਾ. ਬਲਵਿੰਦਰ ਕੌਰ ਬਰਾੜ ਨੇ ਕਿਹਾ ਕਿ- ਮਾਂ ਬੱਚੇ ਦੀ ਪਹਿਲੀ ਅਧਿਆਪਕ, ਪਹਿਲੀ ਡਾਕਟਰ, ਪਹਿਲੀ ਵਕੀਲ ਤੇ ਪਹਿਲੀ ਅਲਾਰਮ ਹੁੰਦੀ ਹੈ। ਜੋ ਸੱਟ ਮਾਂ ਦੀ ਫੂਕ ਨਾਲ ਠੀਕ ਹੋ ਜਾਂਦੀ ਸੀ- ਉਸ ਦੀ ਕੋਈ ਵੈਕਸੀਨ ਅੱਜ ਤੱਕ ਨਹੀਂ ਮਿਲੀ। ਉਹਨਾਂ ਮਾਂ ਦੀ ਮਹੱਤਤਾ ਦਰਸਾਉਂਦਿਆਂ ਕਿਹਾ ਕਿ- ਇੱਕ ਮਾਂ ਹੀ ਹੈ ਜੋ ਬੱਚੇ ਦੇ ਜਨਮ ਸਮੇਂ ਖੁਸ਼ੀ ਤੇ ਦਰਦ ਨੂੰ ਇਕੱਠਾ ਮਹਿਸੂਸ ਕਰ ਸਕਦੀ ਹੈ, ਪਰ ਅਫਸੋਸ! ਅੱਜ ਮਾਂ ਦੀ ਮਮਤਾ ਵੀ ਖਰੀਦੀ ਵੇਚੀ ਜਾ ਰਹੀ ਹੈ, ਤੇ ਔਰਤ ਦੀ ਕੁੱਖ ਦਾ ਮੁੱਲ ਵੱਟਿਆ ਜਾ ਰਿਹਾ! 'ਅੰਮੜੀ ਅੰਮੜੀ, ਲਾਹ ਦਏ ਚਮੜੀ, ਫਿਰ ਅੰਮੜੀ ਦੀ ਅੰਮੜੀ!' ਰਾਹੀਂ ਉਹਨਾਂ ਮਾਂ ਦੇ ਰੋਲ ਦੀ ਸ਼ਲਾਘਾ ਕੀਤੀ।

ਰਚਨਾਵਾਂ ਦੇ ਦੌਰ ਵਿੱਚ ਸਭ ਤੋਂ ਪਹਿਲਾਂ- ਨਵੇਂ ਆਏ ਮੈਂਬਰਾਂ- ਮਹਿੰਦਰ ਕੌਰ, ਕੁਲਦੀਪ ਕੌਰ, ਜਸਪਾਲ ਕੌਰ ਗਿੱਲ, ਰਣਜੀਤ ਕੌਰ ਗਿੱਲ, ਸੁਰਜੀਤ ਕੌਰ ਅਤੇ ਮਨਜੀਤ ਕੌਰ ਨੇ ਆਪੋ ਆਪਣੀ ਜਾਣ ਪਛਾਣ ਕਰਾਉਣ ਉਪਰੰਤ, ਆਪੋ ਆਪਣੀ ਮਾਂ ਜਾਂ ਸੱਸ ਦੀ ਗਾਥਾ ਸਾਂਝੀ ਕੀਤੀ ਅਤੇ ਕਿਹਾ ਕਿ- 'ਮਾਂ ਦਾ ਇੱਕ ਦਿਨ ਨਹੀਂ ਸਗੋਂ ਹਰ ਦਿਨ ਹੀ ਮਾਵਾਂ ਦਾ ਹੁੰਦਾ ਹੈ!' ਸਰਬਜੀਤ ਉੱਪਲ ਨੇ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ, 'ਗੀਤਾਂ ਵਾਲੀ ਕਾਪੀ' ਸੁੰਦਰ ਅੰਦਾਜ਼ ਵਿੱਚ ਪੇਸ਼ ਕਰਕੇ, ਮਰਦ ਪ੍ਰਧਾਨ ਸਮਾਜ ਵਲੋਂ ਔਰਤ ਦੀਆਂ ਭਾਵਨਾਵਾਂ ਦੇ ਹੋ ਰਹੇ ਕਤਲ ਦੀ ਬਾਤ ਪਾਈ। ਜੋਗਿੰਦਰ ਪੁਰਬਾ ਨੇ ਮਾਂ ਤੇ ਵਿਚਾਰ ਪੇਸ਼ ਕੀਤੇ ਜਦ ਕਿ ਮੁਖਤਿਆਰ ਧਾਲੀਵਾਲ ਨੇ ਮਾਂ ਤੇ ਧੀ ਦੇ ਪਿਆਰ ਦਾ ਲੋਕ ਗੀਤ ਗਾਇਆ। ਸਭਾ ਦੀ ਖਚਾਨਚੀ ਕਿਰਨ ਕਲਸੀ ਨੇ ਮਾਂ ਬਾਰੇ ਵਿਚਾਰ ਅਤੇ ਸੱਸ ਦੇ ਰਿਸ਼ਤੇ ਤੇ ਇੱਕ ਬੋਲੀ ਪਾਈ। ਕੁਲਵੰਤ ਕੌਰ ਗਿੱਲ ਨੇ ਸੱਸ ਤੇ ਬੋਲੀਆਂ ਅਤੇ ਸਤਵਿੰਦਰ ਕੌਰ ਫਰਵਾਹਾ ਨੇ ਮਾਂ ਤੇ ਹਿੰਦੀ ਗੀਤ ਸੁਣਾਇਆ। ਗੁਰਤੇਜ ਸਿੱਧੂ ਨੇ ਗੀਤ, 'ਰਾਤੀਂ ਰੁੱਸ ਗਿਆ ਤੂੰ ਵੇ', ਸੁਰਿੰਦਰ ਸੰਧੂ ਨੇ ਮਾਵਾਂ ਧੀਆਂ ਦੇ ਪਿਆਰ ਦਾ ਲੋਕ ਗੀਤ, ਅਤੇ ਸੁਰਜੀਤ ਢਿੱਲੋਂ ਨੇ ਗੀਤ- 'ਮਾਵਾਂ ਮਗਰੋਂ ਛੁੱਟ ਜਾਂਦੇ ਨੇ ਧੀਆਂ ਦੇ ਲੋਕੋ ਪੇਕੇ' ਸੁਣਾ ਕੇ ਮਹੌਲ ਸੁਰਮਈ ਬਣਾ ਦਿੱਤਾ।



ਗੁਰਜੀਤ ਕੌਰ ਵੈਦਵਾਨ ਨੇ ਮਾਵਾਂ ਦੀਆਂ ਦੁਆਵਾਂ ਤੋਂ ਵਾਂਝੇ ਹੋ ਰਹੇ ਬੱਚਿਆਂ ਦੀ ਗੱਲ ਕਰਦਿਆਂ ਕਿਹਾ ਕਿ- 'ਨਿੱਕੇ ਹੁੰਦੇ ਕਹਿੰਦੇ ਸੀ- ਮਾਂ ਮੇਰੀ ਐ, ਮਾਂ ਮੇਰੀ ਐ! ਵੱਡੇ ਹੋਏ ਤਾਂ ਕਹਿਣ ਲੱਗੇ- ਮਾਂ ਤੇਰੀ ਐ, ਮਾਂ ਤੇਰੀ ਐ!' ਗੁਰਿੰਦਰ ਸੰਧੂ ਨੇ ਆਪਣੀ ਮਾਂ ਦੀਆਂ ਨਸੀਹਤਾਂ ਜਿਵੇਂ 'ਜਰਿਆ ਤੇ ਧਰਿਆ ਹੀ ਕੰਮ ਆਉਂਦਾ ਹੈ' ਆਦਿ ਨੂੰ ਯਾਦ ਕੀਤਾ। ਸੁਖਵਿੰਦਰ ਕੌਰ ਬਾਠ ਨੇ ਜੀਵਨ ਦੇ ਬਿਖੜੇ ਪੈਂਡੇ ਵਿੱਚ, ਸੱਸ ਵਲੋਂ ਮਿਲੇ ਪਿਆਰ ਤੇ ਸਹਾਰੇ ਦੀ ਗੱਲ ਕੀਤੀ। ਹਰਦੇਵ ਬਰਾੜ ਨੇ ਆਪਣੀ ਮਾਂ ਦੇ ਅੰਤਲੇ ਪੜਾਅ ਤੇ ਆਪਣੇ ਵਲੋਂ ਕੀਤੀ ਸੇਵਾ ਦੀ ਬਾਤ ਪਾਈ। ਸੁਰਿੰਦਰਜੀਤ ਵਿਰਦੀ ਨੇ ਕਿਹਾ ਕਿ- 'ਇੱਕ ਮਾਂ ਹੀ ਹੈ ਜਿਸ ਨੂੰ ਸੱਤ ਸਮੁੰਦਰ ਪਾਰ ਬੈਠੀ ਨੂੰ ਵੀ ਧੀਆਂ ਪੁੱਤਾਂ ਦੇ ਦਰਦ ਮਹਿਸੂਸ ਹੋ ਜਾਂਦੇ ਹਨ!' ਮਹਿੰਦਰਪਾਲ ਕੌਰ ਨੇ ਬਲਜਿੰਦਰ ਗਿੱਲ ਮੈਡਮ ਦੇ ਹਰ ਰੋਜ਼ ਆਉਂਦੇ 'ਗੁੱਡ ਮੌਰਨਿੰਗ' ਦੇ ਸਨੇਹ ਭਰੇ ਸੁਨੇਹਿਆਂ ਲਈ ਉਹਨਾਂ ਦਾ ਧੰਨਵਾਦ ਕੀਤਾ। ਨੌਂਵੇਂ ਦਹਾਕੇ ਵਿੱਚ ਪਹੁੰਚੇ ਮੈਡਮ ਬਲਜਿੰਦਰ ਗਿੱਲ ਨੇ ਆਪਣੇ ਨਿੱਜੀ ਤਜਰਬੇ ਸਾਂਝੇ ਕਰਦਿਆਂ, ਸਭ ਮੈਂਬਰਾਂ ਨੂੰ ਆਪਣੀ ਸਿਹਤ ਵੱਲ ਧਿਆਨ ਦੇਣ ਤੇ ਚੜ੍ਹਦੀ ਕਲਾ 'ਚ ਰਹਿਣ ਦੀ ਸਲਾਹ ਦਿੱਤੀ। ਗੁਰਦੀਸ਼ ਕੌਰ ਗਰੇਵਾਲ ਨੇ ਕਿਹਾ ਕਿ- 'ਰੱਬ ਹਰ ਥਾਂ ਨਹੀਂ ਪਹੁੰਚ ਸਕਦਾ, ਇਸੇ ਲਈ ਉਸ ਨੇ ਮਾਂ ਦੀ ਸਿਰਜਣਾ ਕੀਤੀ! ਸਾਡੀਆਂ ਤੁਰ ਗਈਆਂ ਮਾਵਾਂ ਵੀ ਕਿਧਰੇ ਨਹੀਂ ਗਈਆਂ- ਸਾਡੀ ਸ਼ਖਸੀਅਤ ਵਿੱਚੋਂ ਸਾਡੀਆਂ ਮਾਵਾਂ ਹੀ ਬੋਲ ਰਹੀਆਂ ਹਨ। ਉਹਨਾਂ ਇਸ ਸੰਦਰਭ ਵਿੱਚ ਆਪਣੇ ਲਿਖੇ ਕੁੱਝ ਸ਼ਿਅਰ ਅਤੇ ਇੱਕ ਗੀਤ- 'ਮਾਂ ਮੇਰੀ ਦਾ ਏਡਾ ਜੇਰਾ' ਸੁਣਾ ਕੇ ਮਾਂ ਦੀਆਂ ਕੀਤੀਆਂ ਕੁਬਾਨੀਆਂ ਨੂੰ ਸਿਜਦਾ ਕੀਤਾ। ਵੱਡੀ ਗਿਣਤੀ ਵਿੱਚ ਪਹੁੰਚੀਆਂ ਭੈਣਾਂ ਨੇ ਆਪਣੀ ਮਾਂ ਦੇ ਨਾਲ ਨਾਲ, ਆਪਣੀ 'ਸੱਸ ਮਾਂ' ਦੇ ਪਿਆਰ ਦੇ ਨਿੱਜੀ ਤਜਰਬੇ ਵੀ ਸਾਂਝੇ ਕੀਤੇ ਜਦ ਕਿ ਬਹੁਤੇ ਮੈਂਬਰਾਂ ਨੇ ਵਧੀਆ ਸਰੋਤੇ ਹੋਣ ਦਾ ਸਬੂਤ ਦਿੱਤਾ। ਅੰਤ ਤੇ ਸਭਾ ਦੇ ਪ੍ਰਧਾਨ ਡਾ. ਬਲਵਿੰਦਰ ਕੌਰ ਬਰਾੜ ਨੇ ਸਭ ਦਾ ਧੰਨਵਾਦ ਕੀਤਾ ਤੇ 3 ਜੂਨ ਨੂੰ ਜਾ ਰਹੇ ਟੂਰ ਅਤੇ 17 ਜੂਨ ਨੂੰ ਹੋਣ ਵਾਲੀ ਅਗਲੀ ਮੀਟਿੰਗ ਦੀ ਸੂਚਨਾ ਦਿੱਤੀ। ਬਰੇਕ ਸਮੇਂ ਸਭ ਨੇ ਚਾਹ ਤੇ ਸਨੈਕਸ ਦਾ ਅਨੰਦ ਮਾਣਿਆਂ। ਵਧੇਰੇ ਜਾਣਕਾਰੀ ਲਈ- ਡਾ. ਬਲਵਿੰਦਰ ਕੌਰ ਬਰਾੜ 403 590 9629 ਜਾਂ ਗੁਰਦੀਸ਼ ਕੌਰ ਗਰੇਵਾਲ ਨਾਲ 403 404 1450 ਤੇ ਸੰਪਰਕ ਕੀਤਾ ਜਾ ਸਕਦਾ ਹੈ।

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਪੰਜਾਬੀ ਚੁੱਲ੍ਹਾ ਰੈਸਟੋਰੈਂਟ

ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੈ ਨਾ ਡਰੋ !
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ !
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ !
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ !
83 Martindale Blvd NE Calgary, AB T3J 3M7
P: 403-453-9000 / C:403-477-5142



CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
STOP
We have 24 years Experience

Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
ਵਧੀਆ ਸੇਵਾਵਾਂ, ਵਾਜਬ ਕੀਮਤਾਂ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber,
we will pickup from your constructionsite/residence at a very reasonable rate.


ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ !

# ਸੰਨੀ ਧਾਲੀਵਾਲ ਦੀ ਕਾਵਿ-ਪੁਸਤਕ 'ਖ਼ਾਲੀ ਆਲ੍ਹਣਾ'- ਜ਼ਿੰਦਗੀ ਦੇ ਯਥਾਰਥ ਦੀ ਮੂੰਹ ਬੋਲਦੀ ਤਸਵੀਰ




**ਡਾ. ਸੁਖਦੇਵ ਸਿੰਘ ਝੰਡ**
**ਫੋਨ: +91 97798 80184**

'ਖ਼ਾਲੀ ਆਲ੍ਹਣਾ' ਸੰਨੀ ਧਾਲੀਵਾਲ ਦਾ ਪਲੇਠਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਸ ਦੀਆਂ ਕੁੱਝ ਕਹਾਣੀਆਂ ਬੇਸ਼ਕ ਰਵਿੰਦਰ ਸੋਢੀ ਵੱਲੋਂ ਸੰਪਾਦਿਤ ਪੁਸਤਕ 'ਹੁੰਗਾਰਾ ਕੌਣ ਭਰੇ' ਵਿੱਚ ਛਪੀਆਂ ਹਨ ਪਰ ਕਵਿਤਾਵਾਂ ਦੀ ਇਹ ਉਸ ਦੀ ਪਹਿਲੀ ਕਿਤਾਬ ਹੀ ਹੈ। ਭੌਤਿਕ ਵਿਗਿਆਨ ਦੀ ਪਿੱਠ-ਭੂਮੀ ਦਾ ਵਿਦਵਾਨ ਆਪਣੀਆਂ ਕਵਿਤਾਵਾਂ ਪਹਿਲਾਂ ਅੰਗਰੇਜ਼ੀ ਵਿੱਚ ਲਿਖ ਕੇ ਫੇਸਬੁੱਕ 'ਤੇ ਪਾਉਂਦਾ ਸੀ। ਉੱਥੇ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਤੇ ਕਈ ਹੋਰਨਾਂ ਵੱਲੋਂ ਆਏ ਮਸ਼ਵਰੇ 'ਤੇ ਉਸ ਨੇ ਕਵਿਤਾ ਪੰਜਾਬੀ ਵਿੱਚ ਲਿਖਣੀ ਸ਼ੁਰੂ ਕੀਤੀ ਅਤੇ ਇਸ ਤਰ੍ਹਾਂ ਸੰਨੀ ਪੰਜਾਬੀ ਕਵੀ ਦੇ ਰੂਪ ਵਿਚ ਸੋਸ਼ਲ ਮੀਡੀਏ ਦੇ ਅਹਿਮ ਪ੍ਰਚਾਰ ਸਾਧਨ 'ਫੇਸਬੁੱਕ' ਰਾਹੀਂ ਪਿਛਲੇ ਇੱਕ-ਦੋ ਸਾਲਾਂ ਤੋਂ ਉਜਾਗਰ ਹੋਇਆ ਹੈ। ਫੇਸਬੁੱਕ ਉੱਪਰ ਉਸ ਦੀਆਂ ਮੁੱਢਲੀਆਂ ਕਵਿਤਾਵਾਂ ਨੂੰ ਪੰਜਾਬੀ ਪਾਠਕਾਂ ਵੱਲੋਂ ਵਧੀਆ ਹੁੰਗਾਰਾ ਮਿਲਿਆ ਜਿਸ ਤੋਂ ਉਤਸ਼ਾਹਿਤ ਹੋ ਕੇ ਉਸ ਨੇ ਹੋਰ ਕਈ ਕਵਿਤਾਵਾਂ ਲਿਖ ਕੇ ਫੇਸਬੁੱਕ 'ਤੇ ਪਾਈਆਂ। 'ਏਕਮ', 'ਪ੍ਰੀਤਲੜੀ 'ਤੇ 'ਪ੍ਰਤੀਮਾਨ' ਵਰਗੇ ਮਿਆਰੀ ਸਾਹਿਤਕ ਮੈਗ਼ਜ਼ੀਨਾਂ ਨੇ ਇਨ੍ਹਾਂ ਵਿੱਚੋਂ ਕਈਆਂ ਨੂੰ ਫੇਸਬੁੱਕ ਤੋਂ ਚੁੱਕ ਕੇ ਆਪਣੇ ਵਿੱਚ ਸ਼ਾਮਲ ਕਰਨ ਦਾ ਮਾਣ ਬਖ਼ਸ਼ਿਆ ਜਿਸ ਨਾਲ ਸਾਹਿਤਕ ਹਲਕਿਆਂ ਵਿੱਚ ਵੀ 'ਸੰਨੀ' ਦੀ ਚਰਚਾ ਆਰੰਭ ਹੋ ਗਈ। 'ਸੰਨੀ' ਦੀਆਂ ਕਵਿਤਾਵਾਂ ਕਨੇਡਾ, ਅਮਰੀਕਾ, ਇੰਗਲੈਂਡ 'ਤੇ ਭਾਰਤ ਦੇ ਅਖ਼ਬਾਰਾ ਵਿੱਚ ਪਬਲਸ਼ ਹੋ ਚੁੱਕੀਆਂ ਹਨ।

'ਸੰਨੀ' ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਪ੍ਰੋਫੈਸਰ ਡਾ. ਅਮਰ ਸਿੰਘ ਧਾਲੀਵਾਲ ਦਾ ਹੋਣਹਾਰ ਫ਼ਰਜ਼ੰਦ ਹੈ ਜਿਨ੍ਹਾਂ ਨੇ ਵੱਖ-ਵੱਖ ਸਮੇਂ ਮਨੋਵਿਗਿਆਨ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ, ਯੂਨੀਵਰਸਿਟੀ ਦੇ ਕੰਟਰੋਲਰ ਆਫ ਐਗਜ਼ਾਮੀਨੇਸ਼ਨ, ਰਜਿਸਟਰਾਰ, ਡੀਨ ਫੈਕਲਟੀ ਆਫ਼ ਸੋਸ਼ਲ ਸਾਇੰਸਿਜ਼ ਅਤੇ ਡੀਨ ਕਾਲਜ ਡਿਵੈਲਪਮੈਂਟ ਕੌਂਸਲ ਵਰਗੇ ਅਹਿਮ ਅਹੁਦਿਆਂ 'ਤੇ ਜ਼ਿੰਮੇਂਵਾਰੀ ਬਾਖ਼ੂਬੀ ਨਿਭਾਈ ਹੈ। ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿਚ ਸੇਵਾ ਕਰਦਿਆਂ ਮੈਨੂੰ ਉਨ੍ਹਾਂ ਨੂੰ ਕਈ ਵਾਰ ਮਿਲਣ ਅਤੇ ਉਨ੍ਹਾਂ ਦੇ ਕੀਤੇ ਹੋਏ ਕੰਮਾਂ ਨੂੰ ਨੇੜਿਉਂ ਤੱਕਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਦੀ ਲਿਆਕਤ, ਸਖ਼ਤ ਮਿਹਨਤ, ਇਮਾਨਦਾਰੀ ਅਤੇ ਦਿਆਨਤਦਾਰੀ ਦੀ ਉਦੋਂ ਵੀ ਚਰਚਾ ਹੁੰਦੀ ਸੀ ਅਤੇ ਇਹ ਅਜੇ ਵੀ ਹੁੰਦੀ ਹੈ। ਸਕੂਲ ਅਧਿਆਪਕ ਵਜੋਂ ਸੇਵਾ ਆਰੰਭ ਕਰਕੇ ਅਲੀਗੜ੍ਹ ਮੁਸਲਿਮ ਯੂਨੀਵਸਿਟੀ ਵਿੱਚ ਮਨੋਵਿਗਿਆਨ ਦੀ ਮਾਸਟਰ ਡਿਗਰੀ ਦੇ ਪਹਿਲੇ ਨਾਨ-ਮੁਸਲਿਮ ਗੋਲਡ-ਮੈਡਲਿਸਟ ਬਣਨ ਵਾਲੇ ਅਤੇ ਉੱਥੋਂ ਹੀ ਇਸ ਖੇਤਰ ਵਿੱਚ ਪੀਐੱਚ.ਡੀ. ਕਰਨ ਵਾਲੇ ਸੰਨੀ ਦੇ ਪਿਤਾ ਜੀ ਮਹਾਨ ਸ਼ਖਸ ਡਾ. ਅਮਰ ਸਿੰਘ ਧਾਲੀਵਾਲ ਹੀ ਹਨ।ਸੰਨੀ ਧਾਲੀਵਾਲ ਦੀ ਕਵਿਤਾ ਯਥਾਰਥ ਦੇ ਬਹੁਤ ਨੇੜੇ ਹੈ। ਉਹ ਕਵਿਤਾ ਵਿੱਚ ਓਹੀ ਹਾਵ-ਭਾਵ ਪ੍ਰਗਟ ਕਰਦਾ ਹੈ ਜੋ ਉਸ ਨੇ ਆਪ ਹੱਢੀਂ ਹੰਢਾਏ ਹਨ ਜਾਂ ਸਮਾਜ ਵਿੱਚ ਵਿਚਰਦਿਆਂ ਬੜੇ ਨੇੜਿਉਂ ਤੱਕੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਫਿਜ਼ਿਕਸ ਵਿੱਚ ਐੱਮ.ਐੱਸ.ਸੀ. ਆਨਰਜ਼ ਕਰਨ ਤੋਂ ਬਾਅਦ ਉਹ ਕੈਨੇਡਾ ਦੇ ਸ਼ਹਿਰ ਵਿਨੀਪੈੱਗ ਵਿਖੇ ਪ੍ਰਵਾਸ ਕਰ ਗਿਆ ਅਤੇ ਉੱਥੇ ਅਧਿਆਪਨ ਲਈ ਲੋੜੀਂਦੀ ਟੀਚਰ-ਟ੍ਰੇਨਿੰਗ ਕਰਕੇ ਸਕੂਲ ਅਧਿਆਪਕ ਬਣ ਗਿਆ। ਸਖ਼ਤ ਮਿਹਨਤ ਅਤੇ ਲਗਨ ਸਦਕਾ ਉਹ ਵਾਈਸ-ਪ੍ਰਿੰਸੀਪਲ ਦੇ ਅਹੁਦੇ ਤੀਕ ਅੱਪੜਿਆ। ਇਸ ਤੋਂ ਪਹਿਲਾਂ ਸ਼ੁਰੂਆਤੀ ਦੌਰ ਵਿੱਚ ਉਸ ਨੂੰ ਕੈਨੇਡਾ ਵਿੱਚ ਕੈਸ਼ੀਅਰ, ਕਲੱਰਕ, ਰੀਸਰਚ ਅਸਿਸਟੈਂਟ, ਆਦਿ ਨੌਕਰੀਆਂ ਵੀ ਕਰਨੀਆਂ ਪਈਆਂ ਅਤੇ ਪਾਰਟ-ਟਾਈਮ ਟੈਕਸੀ ਵੀ ਚਲਾਉਣੀ ਪਈ। ਇਸ ਤਰ੍ਹਾਂ ਉਸ ਨੇ ਜ਼ਿੰਦਗੀ ਨੂੰ ਬੜਾ ਨੇੜੇ ਤੋਂ ਵੇਖਿਆ ਅਤੇ ਹੰਢਾਇਆ ਹੈ। ਤਾਂ ਹੀ ਕਈ ਵਾਰ 'ਜ਼ਿੰਦਗੀ' ਉਸ ਨੂੰ ਮੁਖਾਤਿਬ ਹੋ ਕੇ ਕਹਿੰਦੀ ਪ੍ਰਤੀਤ ਹੁੰਦੀ ਹੈ :

**ਮੈਂ ਚੱਲੀ ਹਾਂ**
**ਮੇਰੇ ਨਾਲ ਕਿੱਕਲੀ ਪਾ ਲੈ**
**ਮੈਨੂੰ ਘੁੱਟ-ਘੁੱਟ ਜੱਫੀਆਂ ਪਾ ਲੈ**
**ਮੇਰੇ ਬੁੱਲ੍ਹਾਂ ਦੀ ਲਿਪਸਟਿਕ ਲਾਹ**
**ਮੈਨੂੰ ਤੇਰੇ 'ਕੱਠੇ ਕੀਤੇ ਕਾਗਜ਼ਾਂ ਵਿੱਚੋਂ**
**ਕੋਈ ਖੁਸ਼ਬੂ ਨਹੀਂ ਆਉਂਦੀ।**

(ਪੰਨਾ-15)

ਪੁਸਤਕ ਦੇ ਟਾਇਟਲ ਵਾਲੀ ਕਵਿਤਾ 'ਖ਼ਾਲੀ ਆਲ੍ਹਣਾ' ਵਿੱਚ ਉਹ ਬਜ਼ੁਰਗ ਜੋੜੇ ਦੀ 'ਜ਼ਿੰਦਗੀ ਦੀ ਸ਼ਾਮ' ਨੂੰ ਬਾਖ਼ੂਬੀ ਚਿੱਤਰਦਾ ਹੈ :

**ਹੁਣ ਆਲ੍ਹਣੇ ਵਿੱਚ**
**ਤੂੰ ਤੇ ਮੈਂ ਰਹਿ ਗਏ ਹਾਂ**
**ਬੱਚਿਆਂ ਬਿਨ ਆਲ੍ਹਣਾ**
**ਖ਼ਾਲੀ ਹੋ ਗਿਆ।**

(ਪੰਨਾ-20)

ਉਸ ਦੀਆਂ ਕਈ ਕਵਿਤਾਵਾਂ ਵਿਚ ਉਸ ਦੇ ਯੂਨੀਵਰਸਿਟੀ ਪੜ੍ਹਦੇ ਸਮੇਂ ਦਾ ਜ਼ਿਕਰ ਆਉਂਦਾ ਹੈ ਜਿਨ੍ਹਾਂ ਵਿੱਚ ਉਹ ਭੌਤਿਕ ਵਿਗਿਆਨ ਦੇ 'ਇਲੈੱਕਟਰੋਨਾਂ ਤੇ ਪਰੋਟੋਨਾਂ, ਕੈਮਿਸਟਰੀ ਦੀਆ ਕੈਮੀਕਲ ਰੀਐਕਸ਼ਨਾਂ ਅਤੇ ਅਲਜਬਰੇ ਦੇ ਫਾਰਮੂਲਿਆਂ ਦੀ ਗੱਲ ਕਰਦਾ ਹੈ:

**ਮੇਰੇ ਸਰੀਰ ਵਿੱਚ**
**ਕੋਈ ਕੈਮੀਕਲ ਰੀਐਕਸ਼ਨ ਹੋਣ ਲੱਗਦਾ**
**ਬਹੁਤ ਸਾਰੇ ਸੁਆਲ ਮੇਰੇ ਦਿਮਾਗ਼ ਵਿੱਚ**
**ਇਲੈੱਕਟਰੋਨਜ਼ ਤੇ ਪਰੋਟੋਨਜ਼ ਦੀ ਤਰ੍ਹਾਂ**
**ਭੱਜਣ ਲੱਗਦੇ ਹਨ।**

(ਪੰਨਾ-45)

ਕੈਨੇਡਾ ਵਿੱਚ ਰਹਿੰਦਿਆਂ ਵੀ 'ਸੰਨੀ' ਆਪਣੀ ਮਾਤ-ਭੂਮੀ ਭਾਰਤ ਦੇ ਅਜੋਕੇ ਹਾਲਾਤ ਤੋਂ ਭਲੀ-ਭਾਂਤ ਵਾਕਿਫ਼ ਹੈ ਅਤੇ ਇੱਥੋਂ ਦੇ ਬਸ਼ਿੰਦਿਆਂ ਦੇ ਦੁੱਖਾਂ/ਤਕਲੀਫਾਂ ਨੂੰ ਪੂਰੀ ਤਰ੍ਹਾਂ ਸਮਝਦਾ ਹੈ। ਭਗਤ ਸਿੰਘ ਨੂੰ ਸਮਰਪਿਤ ਕਵਿਤਾ ਮੈਂ ਭਗਤ ਸਿੰਘ ਬੋਲਦਾ ਹਾਂ ਵਿੱਚ ਭਗਤ ਸਿੰਘ ਲੋਕਾਂ ਨੂੰ ਮੁਖਾਤਿਬ ਹੁੰਦਾ ਹੋਇਆ ਪੰਛੀਆਂ ਨਾਲ ਵਾਰਤਾਲਾਪ ਕਰਦਾ ਹੈ :

**ਤੁਹਾਡੇ ਨਾਲੋਂ ਤਾਂ ਪੰਛੀ ਚੰਗੇ ਆ**
**ਉਹ ਸੱਚ ਤਾਂ ਬੋਲਦੇ ਆ**
**ਮੇਰੇ ਬੁੱਤ 'ਤੇ ਬਿੱਠਾਂ ਕਰਦੇ ਆ**
**ਜਦੋਂ ਮੈਂ ਉਨ੍ਹਾਂ ਨੂੰ ਪੁੱਛਦਾ ਹਾਂ ਕਿ**
**ਕਿ ਮੇਰੇ 'ਤੇ ਬਿੱਠਾਂ ਕਿਉਂ ਕਰਦੇ ਹੋ ?**
**ਕਹਿੰਦੇ !**
**ਤੇਰੀ ਆਜ਼ਾਦੀ ਨੂੰ ਚੱਟਣਾ**
**ਨਾ ਪੀਣ ਨੂੰ ਪਾਣੀ**
**ਨਾ ਆਲ੍ਹਣਾ ਪਾਉਣ ਨੂੰ ਰੁੱਖ**
**ਨਾ ਸਾਹ ਲੈਣ ਨੂੰ ਸਾਫ਼ ਹਵਾ**
**ਖਾਣ ਲਈ**
**ਸਿਰਫ਼ ਜ਼ਹਿਰੀਲੇ ਦਾਣੇ**
**ਬਰਾਊਨ ਚਮੜੀ ਨਾਲੋਂ ਤਾਂ**
**ਚਿੱਟੀ ਚੰਗੀ ਸੀ**
**ਜੇ ਬਿੱਠਾਂ ਨਾ ਕਰੀਏ ਤਾਂ**
**ਹੋਰ ਕੀ ਕਰੀਏ ?**

(ਪੰਨਾ-37)

ਸੰਨੀ ਧਾਲੀਵਾਲ ਸਮਾਜ ਵਿੱਚ ਕੀਤੇ ਜਾਂਦੇ ਮੁੰਡੇ ਤੇ ਕੁੜੀ ਵਿਚਲੇ 'ਫ਼ਰਕ' ਨੂੰ ਆਪਣੀ ਕਵਿਤਾ 'ਕ੍ਰਿਸਮਸ ਗਿਫ਼ਟ' ਵਿਚ ਬਹੁਤ ਵਧੀਆ ਤਰ੍ਹਾਂ ਦਰਸਾਉਂਦਾ ਹੈ ਜਦੋਂ ਕ੍ਰਿਸਮਸ ਦੇ ਤਿਓਹਾਰ ਮੌਕੇ ਜਦੋਂ ਮਾਪਿਆਂ ਵੱਲੋਂ ਬੇਟੇ ਨੂੰ 'ਟੈਲੀਸਕੋਪ' ਅਤੇ ਬੇਟੀ ਨੂੰ 'ਸੋਨੇ ਦੀਆਂ ਝਾਂਜਰਾਂ' ਤੋਹਫਿਆਂ ਵਿੱਚ ਮਿਲਦੀਆਂ ਹਨ ਤਾਂ ਬੇਟੀ ਝਾਂਜਰਾਂ ਲੈਣ ਤੋਂ ਇਹ ਕਹਿੰਦਿਆਂ ਇਹ ਕਹਿ ਕੇ ਇਨਕਾਰ ਕਰਦੀ ਹੈ ਕਿ ਉਹ ਵੀ ਵੀਰੇ ਵਾਂਗ 'ਚੰਦ-ਮਾਮੇ' ਨੂੰ ਨੇੜਿਉਂ ਵੇਖਣਾ ਚਾਹੁੰਦੀ ਹੈ। ਇਸ ਦੇ ਨਾਲ ਹੀ ਉਹ ਝਾਂਜਰਾਂ ਨੂੰ ਗ਼ੁਲਾਮੀ ਦਾ ਪ੍ਰਤੀਕ ਵੀ ਸਮਝਦੀ ਹੈ:

ਨਹੀਂ ਮੰਮ, ਮੈਂ ਵੀ ਮਾਣ ਨਾਲ ਉਤਾਂਹ ਨੂੰ ਦੇਖਣਾ
**ਮੈਂ ਵੀ ਵੀਰੇ ਵਾਂਗਰ**
**ਚੰਦ-ਮਾਮੇ ਨੂੰ ਨੇੜਿਉਂ ਦੇਖਣਾ ਚਾਹੁੰਦੀ ਹਾਂ**
**ਮੈਂ ਵੀ ਤਾਰਿਆਂ ਨਾਲ ਲੁਕਣ-ਮੀਟੀ ਖੇਡਣੈ**
**ਮੈਂ ਵੀ ਉਨ੍ਹਾਂ ਨਾਲ ਨੱਚਣਾ ਟੱਪਣਾ।**

(ਪੰਨਾ-25)

'ਸੰਨੀ' ਅਜੋਕੇ ਕਵੀਆਂ ਦੇ 'ਖੋਖਲੇਪਨ' ਦੇ ਬਖੀਏ ਵੀ ਬਾਖ਼ੂਬੀ ਉਧੇੜਦਾ ਹੈ। 'ਮੈਨੂੰ ਨਹੀਂ ਚਾਹੀਦਾ ਕਵੀ-ਪਤੀ' ਕਵਿਤਾ ਵਿੱਚ ਅਜਿਹੇ ਹੀ ਇੱਕ ਕਵੀ ਦੀ ਪੀੜਤ ਪਤਨੀ ਦੁਖੀ ਹੋ ਕੇ ਲੋਕਾਂ ਨੂੰ ਕਹਿੰਦੀ ਹੈ :

**ਪਤਾ ਨਹੀਂ ! ਉਹਦੇ ਕੋਲ**
**ਕਿੰਨੇ ਦਿਲਾਂ ਦੀਆਂ ਚਾਬੀਆਂ ਹਨ**
**ਮੇਰੇ ਦਿਲ ਵਾਲੀ ਚਾਬੀ ਤਾਂ**
**ਉਨ੍ਹਾਂ ਚਾਬੀਆਂ ਵਿੱਚ**
**ਕਿਤੇ ਗਵਾਚ ਗਈ ਹੈ।**

(ਪੰਨਾ-79)

ਇਸ ਤਰ੍ਹਾਂ ਹੋਰ ਕਈ ਕਵਿਤਾਵਾਂ ਵਿੱਚ ਉਹ ਸਮਾਜਿਕ ਮੁੱਦੇ ਬਾਖ਼ੂਬੀ ਉਭਾਰਦਾ ਹੈ। ਛੋਟੇ ਜਿਹੇ ਇਸ ਲੇਖ ਵਿੱਚ ਉਪਰੋਕਤ ਟੂਕਾਂ ਰਾਹੀਂ ਤਾਂ 'ਸੰਨੀ' ਦੀਆਂ ਕਵਿਤਾਵਾਂ ਦੀ ਝਲਕ ਹੀ ਵਿਖਾਈ ਜਾ ਸਕੀ ਹੈ। ਪੁਸਤਕ ਦੀਆਂ ਸਾਰੀਆਂ ਹੀ ਕਵਿਤਾਵਾਂ ਪੜ੍ਹਨ ਤੇ ਮਾਨਣਯੋਗ ਹਨ ਅਤੇ ਇਨ੍ਹਾਂ ਦਾ ਅਨੰਦ ਪੁਸਤਕ ਪੜ੍ਹ ਕੇ ਹੀ ਲਿਆ ਜਾ ਸਕਦਾ ਹੈ। ਇਨ੍ਹਾਂ ਵਿੱਚ ਜੀਵਨ ਦੀ ਸੱਚਾਈ ਸਾਹਮਣੇ ਨਜ਼ਰ ਆਉਂਦੀ ਹੈ ਅਤੇ ਇਹ ਜ਼ਿੰਦਗੀ ਦੇ ਯਥਾਰਥ ਨੂੰ ਸਮਝਣ ਵਿੱਚ ਵੀ ਕੁੱਝ ਹੱਦ ਤੀਕ ਸਹਾਈ ਹੋ ਸਕਦੀਆਂ ਹਨ।



**ਸੰਨੀ ਧਾਲੀਵਾਲ**

'ਪੰਜ ਆਬ ਪ੍ਰਕਾਸ਼ਨ, ਜਲੰਧਰ ਵੱਲੋਂ ਪੁਸਤਕ ਬੜੀ ਰੀਝ ਨਾਲ ਛਾਪੀ ਗਈ ਹੈ।ਮੈਂ ਸੰਨੀ ਧਾਲੀਵਾਲ ਨੂੰ ਇਹ ਪਲੇਠੀ ਪੁਸਤਕ ਪਾਠਕਾਂ ਦੇ ਸਨਮੁੱਖ ਕਰਨ 'ਤੇ ਹਾਰਦਿਕ ਮੁਬਾਰਕਬਾਦ ਪੇਸ਼ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਉਸ ਦੀ ਕਲਮ ਅੱਗੋਂ ਵੀ ਇੰਜ ਹੀ ਸਮਾਜ ਦਾ ਚਿਤਰਣ ਕਰਦੀ ਰਹੇਗੀ।



# ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮੀਟਿੰਗ ਦੌਰਾਨ ਸੁਰਿੰਦਰ ਗੀਤ ਨੇ ਆਖਿਆ-

# ਮੈਂ ਮਹਿੰਗਾ ਸੂਟ ਵਾਪਿਸ ਕਰ ਦਿੰਦੀ ਹਾਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮੀਟਿੰਗ 28 ਮਈ ਨੂੰ ਹੋਈ ਜਿਸ ਦੀ ਪ੍ਰਧਾਨਗੀ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ, ਪਰਸ਼ੋਤਮ ਭਾਰਦਵਾਜ ਅਤੇ ਸਰਬਜੀਤ ਕੌਰ ਉੱਪਲ ਨੇ ਕੀਤੀ। ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਨਵੇਂ ਆਏ ਮੈਂਬਰਾਂ ਦਾ ਉਚੇਚੇ ਤੌਰ ਤੇ ਸਵਾਗਤ ਕੀਤਾ ਅਤੇ ਪੰਜਾਬੀ ਦੇ ਉੱਘੇ ਵਿਦਵਾਨ ਸਾਹਿਤਕਾਰ ਪਿਆਰਾ ਸਿੰਘ ਭੋਗਲ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਘਟਾਵਾ ਕੀਤਾ ਤੇ ਉਹਨਾਂ ਦੇ ਜੀਵਨ ਅਤੇ ਸਾਹਿਤਕ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।

ਸਭਾ ਦੇ ਸੀਨੀਅਰ ਮੀਤ ਪ੍ਰਧਾਨ ਜਰਨੈਲ ਤੱਗੜ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ, ਮਾਂ-ਦਿਵਸ ਅਤੇ ਮਜ਼ਦੂਰ ਦਿਵਸ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਉਹਨਾਂ ਨੇ ਸਾਡੇ ਸਮਾਜ ਵਿੱਚ ਆਰਥਿਕਤਾ ਦੇ ਵਧ ਰਹੇ ਪਾੜੇ ਤੇ ਚਿੰਤਾ ਪ੍ਰਗਟ ਕੀਤੀ।

ਸੁਰਿੰਦਰ ਢਿੱਲੋਂ ਨੇ ਭਾਰਤ ਦੇ ਨਵੇਂ ਸੰਸਦ ਭਵਨ ਦੀ ਨਿਰਮਾਣ ਕਲਾ ਤੇ ਕਈ ਪੱਖਾਂ ਤੇ ਚਾਨਣਾ ਪਾਇਆ। ਮੰਗਲ ਚੱਠਾ ਨੇ ਸਿਆਸੀ ਚੋਣਾਂ ਬਾਰੇ ਕਟਾਖ਼ਸ਼ ਕਰਦੀ ਕਵਿਤਾ ਪੜ੍ਹੀ- ਨੀ ਮੈਂ ਆਇਆ ਵੋਟਾਂ ਚੋਂ-ਆ ਕੇ ਫਿਰ ਵੋਟਾਂ ਵਿੱਚ ਅੜ ਗਿਆ।

ਸੁਰਿੰਦਰ ਗੀਤ ਨੇ ਆਪਣੀ ਬਹੁ-ਚਰਚਿਤ ਕਵਿਤਾ 'ਮਹਿੰਗਾ ਸੂਟ' ਸੁਣਾਈ ਜਿਸ ਨੇ ਗਹਿਰਾ ਪ੍ਰਭਾਵ ਛੱਡਿਆ। ਕਵਿਤਾ ਦੇ ਬੋਲ ਸਨ:

ਮੈਂ ਮਹਿੰਗਾ ਸੂਟ
ਵਾਪਿਸ ਕਰ ਦਿੰਦੀ ਹਾਂ
ਤੇ ਆਖਦੀ ਹਾਂ
ਨਹੀਂ ਭੈਣੇ
ਮੇਰੇ ਪੰਜਾਬ ਨੇ
ਕੋਈ ਤਰੱਕੀ ਨਹੀਂ ਕੀਤੀ!

ਇਸ ਤੋਂ ਇਲਾਵਾ ਸੁਰਿੰਦਰ ਗੀਤ ਨੇ ਪਿਆਰਾ ਸਿੰਘ ਭੋਗਲ ਹੋਰਾਂ ਦੇ ਕਥਨ ਦਾ ਹਵਾਲਾ ਦਿੱਤਾ ਕਿ ਉਹ ਕਹਿੰਦੇ ਸਨ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਸੋਚਵਾਨਾਂ ਅਤੇ ਸਾਹਿਤ ਵਿਗਿਆਨਾਂ ਦੀਆਂ ਧਾਰਨਾਵਾਂ ਵੀ ਏਹੀ ਦੱਸਦੀਆਂ ਹਨ ਕਿ ਸਮਾਜ ਵਿਚਲੇ ਕੋਹਝ ਦੇ ਗੋਹਝ ਨੂੰ ਸਮਾਜ ਹੀ ਪ੍ਰਗਟ ਕਰਦਾ ਹੈ। ਸਾਹਿਤ ਦਾ ਸਮਾਜ ਤੇ ਬਹੁਤ ਪ੍ਰਭਾਵ ਪੈਂਦਾ ਹੈ ਤੇ ਸਮਾਜ ਸਾਹਿਤ ਦਾ ਪ੍ਰਭਾਵ ਕਬੂਲਦਾ ਹੈ। ਲੋਕ-ਪੱਖੀ ਪਤਰਕਾਰ ਅਤੇ ਸਾਹਿਤਕਾਰ ਆਪਣੀ ਨਿਗਰ ਅਤੇ ਨਿਰੋਏ ਵਿਚਾਰਾਂ ਨੂੰ ਤਰਕ ਹਥਿਆਰਾਂ ਦੀ ਤਰ੍ਹਾਂ ਵਰਤ ਕੇ ਸਮਾਜ ਵਿੱਚ ਗਿਆਨ ਵਿਗਿਆਨ ਦੀਆਂ ਜੋਤਾਂ ਜਗਾਉਂਦੇ ਰਹੀਦੇ ਹਨ ਅਤੇ ਇਹ ਵੀ ਗੱਲ ਪੱਕੀ ਹੈ ਕਿ ਦੁਨੀਆਂ ਦੇ ਜਿਸ ਖਿਤੇ ਦੇ ਲੋਕਾਂ ਤੇ ਵੱਧ ਤਸ਼ਦੱਦ ਅਤੇ ਜਾਬਰਾਂ ਦੇ ਵੱਧ ਜ਼ੁਲਮ ਹੋਏ ਹੋਣ, ?ਥੋਂ ਦੇ ਲੋਕ ਹੀ ਵੱਧ ਹੌਸਲੇ ਵਾਲੇ ਤੇ ਸਿਰੜੀ ਹੁੰਦੇ ਹਨ।

ਤਰਕਸ਼ੀਲ ਆਗੂ ਬੀਰਬਲ ਭਦੌੜ ਨੇ ਪੰਜਾਬੀਆਂ ਦੁਆਰਾ ਪੰਜਾਬੀ ਜ਼ਬਾਨ ਪ੍ਰਤੀ ਉਦਾਸੀਨਤਾ ਤੇ ਚਿੰਤਾ ਪ੍ਰਗਟ ਕੀਤੀ ਅਤੇ ਪੰਜਾਬ ਦੀ ਆਰਥਿਕਤਾ, ਸਮਾਜਿਕ ਵਿਵਸਥਾ ਉਪਰ ਦੂਜੇ ਸੂਬਿਆਂ ਤੋਂ ਆਏ ਕਾਮਿਆਂ-ਮਜ਼ਦੂਰਾਂ ਦੇ ਪੈ ਰਹੇ ਅਸਰਾਂ ਬਾਰੇ ਤਰਕਸੰਗਤ ਵਿਚਾਰ ਰੱਖੇ। ਡਾ : ਜੋਗਾ ਸਿੰਘ ਸਹੋਤਾ ਨੇ ਅਰਪਨ ਲਿਖਾਰੀ ਸਭਾ ਦੇ 24 ਜੂਨ ਨੂੰ ਟੈਂਪਲ ਕਮਿਊਨਿਟੀ ਹਾਲ ਵਿਚ ਹੋਣ ਵਾਲੇ ਸਾਲਾਨਾ ਸਮਾਗਮ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਵਿਚ ਸ਼ਾਮਲ ਹੋਣ ਦੀ ਬੇਨਤੀ ਵੀ ਕੀਤੀ। ਇਸ ਤੋਂ ਇਲਾਵਾ ਜੋਗਾ ਸਿੰਘ ਹੋਰਾਂ ਗੁਰੂ ਅਰਜਨ ਦੇਵ ਜੀ ਨੂੰ ਸ਼ਹਾਦਤ ਨੂੰ ਸ਼ਹਾਦਤ ਦਾ ਸਿਖ਼ਰ ਦੱਸਿਆ। ਜੋਗਾ ਸਿੰਘ ਹੋਰਾਂ ਸ਼ਹੀਦ ਭਾਈ ਦਿਆਲਾ ਜੀ ਦੀ ਸ਼ਹਾਦਤ ਨਾਲ ਸੰਬੰਧਤ ਆਪਣੀ ਬਹੁਤ ਹੀ ਸੁਰੀਲੀ ਆਵਾਜ਼ ਵਿੱਚ ਇਕ ਗੀਤ ਸੁਣਾਇਆ। ਭਾਈ ਦਿਆਲਾ ਜੀ ਨੂੰ ਸਮੇਂ ਦੀ ਹਕੂਮਤ ਨੇ ਸਾਹਿਬ ਗੁਰੂ ਤੇਗ ਬਹਾਦਰ ਦੀਆਂ ਅੱਖਾਂ ਸਾਹਮਣੇ ਜਿੰਦਾ ਦੇਗ ਵਿੱਚ ਉਬਾਲ ਕੇ ਸ਼ਹੀਦ ਕੀਤਾ ਸੀ। ਉਪਰੰਤ ਸੁਰਿੰਦਰ ਗੀਤ ਦੀ ਇਕ ਗ਼ਜ਼ਲ, ਤਿੜਕੇ ਸੁਪਨੇ ਨੈਂਣੀ ਰੜਕਣ ਦੱਸ ਕਿਸੇ ਨੂੰ ਕੀ ਲੈਣਾ-- ਸਰੋਤਿਆਂ ਨਾਲ ਸਾਂਝੀ ਕੀਤੀ। ਸਰਬਜੀਤ ਕੌਰ ਉਪਲ ਨੇ ਸ਼ਿਵ ਕੁਮਾਰ ਬਟਾਲਵੀ ਦਾ ਲਿਖਿਆ ਗੀਤ ਸੁਣਾਇਆ - ਜਿੱਥੇ ਇਤਰਾਂ ਦੇ ਵਗਦੇ ਨੇ ਚੋਅ ?ਥੇ ਮੇਰਾ ਯਾਰ ਵਸਦਾ'। ਪਰਸ਼ੋਤਮ ਭਾਰਦਵਾਜ ਨੇ ਖ਼ੂਬਸੂਰਤ ਅੰਦਾਜ਼ ਵਿੱਚ ਨਜ਼ਮ ਕੁੱਝ ਨਾ ਕੁੱਝ ਤਾਂ ਸਾਥ ਦੇਣਗੇ ਕਾਲ਼ੀਆਂ ਰਾਤਾਂ ਵਿਚ, ਤਾਰਿਆਂ ਦੇ ਨਾਲ ਵੀ ਰਿਸ਼ਤਾ ਰੱਖਿਆ ਕਰੋ।ਸੁਣਾ ਕੇ ਵਿਚਾਰ-ਮਗਨ ਕਰ ਦਿੱਤਾ। ਗੁਰ ਦਿਲਰਾਜ ਸਿੰਘ ਦਾਨੇਵਾਲੀਆ ਨੇ ਅੱਜ ਕੱਲ੍ਹ ਦੇ ਮਨੁੱਖੀ ਵਿਹਾਰ ਵਿਚ ਆਈ ਦੁਚਿੱਤੀ ਅਤੇ ਦੁਬਿਧਾ ਨੂੰ ਬੜੇ ਭਾਵਪੂਰਤ ਸ਼ਬਦਾਂ ਰਾਹੀਂ ਬਿਆਨ ਕੀਤਾ - ਕਹਿਣ ਨੂੰ ਠੀਕ-ਠਾਕ ਹੈ। ਪਰਮਜੀਤ ਪੈਰੀ ਮਾਹਲ ਨੇ ਗੁਰਦਿਆਲ ਸਿੰਘ ਖਹਿਰਾ ਦੁਆਰਾ ਮੰਚ ਸੰਚਾਲਨ ਕਰਨ ਦੀ ਮੁਹਾਰਤ ਨੂੰ ਸਲਾਹਿਆ। ਉਹਨਾਂ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਤੇ ਗੁਰੂ ਘਰ ਵਿੱਚ ਚੱਲ ਰਹੀ ਲੰਗਰ ਦੀ ਪ੍ਰਥਾ ਅੱਗੇ ਸਿਜਦਾ ਕੀਤਾ। ਉਹਨਾਂ ਦਾ ਕਹਿਣਾ ਸੀ ਵੱਖ ਵੱਖ ਦੇਸ਼ਾਂ ਤੋਂ ਕੈਨੇਡਾ ਆਏ ਵਿਦਿਆਰਥੀਆਂ ਦੀ ਸਾਡੇ ਗੁਰਦਵਾਰੇ ਬਹੁਤ ਮੱਦਦ ਕਰ ਰਹੇ ਹਨ। ਮਾਹਲ ਨੇ ਪੰਜਾਬ ਤੋਂ ਆਏ ਕੁੱਝ ਨੌਜਵਾਨਾਂ ਦੇ ਅਸਮਾਜਿਕ, ਅਪਹੁਦਰੇ ਅਤੇ ਹੁੱਲੜ੍ਹਬਾਜ਼ ਵਤੀਰੇ ਤੇ ਅਫ਼ਸੋਸ ਪ੍ਰਗਟ ਕੀਤਾ ਅਤੇ ਉਹਨਾਂ ਅੱਗੇ ਅਪੀਲ ਕੀਤੀ ਕਿ ਉਹਨਾਂ ਨੂੰ ਗੁਰੂ ਘਰ ਆਕੇ ਗੁਰੂ ਘਰ ਦੀ ਮਰਿਯਾਦਾ ਦਾ ਖ਼ਿਆਲ ਰੱਖਣਾ ਚਾਹੀਂਦਾ ਹੈ। ਦਿਲਾਵਰ ਸਮਰਾ ਨੇ ਕੁਝ ਆਮ ਵਰਤੇ ਜਾਂਦੇ ਲਫ਼ਜ਼ਾਂ ਦੇ ਅਰਥਾਂ ਅਤੇ ਉਚਾਰਨ ਦੇ ਫ਼ਰਕ ਬਾਰੇ ਦਿਲਚਸਪ ਮਿਸਾਲਾਂ ਦਿੱਤੀਆਂ। ਸੁਖਵਿੰਦਰ ਤੂਰ ਨੇ ਆਪਣੇ ਨਿਵੇਕਲੇ ਅੰਦਾਜ਼ ਵਿਚ ਇਸ ਗੀਤ ਨੂੰ ਪੇਸ਼ ਕਰ ਕੇ ਤਰੱਨਮ ਦੀਆਂ ਲਹਿਰਾਂ ਬਿਖੇਰੀਆਂ - ਲਿਖਦੇ ਕੋਈ ਪੁਸਤਕ ਅੜੀਏ ਪਿੰਡਾਂ ਦੇ ਜਾਇਆਂ ਤੇ। ਜਗਦੇਵ ਸਿੱਧੂ ਨੇ ਕੈਨੇਡਾ ਦੀ ਨੇਟਿਵ ਕੁੜੀ ਨੂੰ ਮੁਖਾਤਬ ਆਪਣੀ ਤਾਜ਼ਾ ਕਵਿਤਾ ਦਾ ਉਚਾਰਨ ਕੀਤਾ -

ਆ ਮੇਰੀਏ ਨੇਟਿਵ ਭੈਣੇ
ਗੱਲਾਂ ਕਰੀਏ
ਦੁੱਖ-ਸੁਖ ਕਰੀਏ

ਤਰਕਸ਼ੀਲ ਆਗੂ ਦਰਸ਼ਨ ਔਜਲਾ ਨੇ 4 ਜੂਨ ਨੂੰ ਫਾਲਕਨ ਕਮਿਊਨਿਟੀ ਹਾਲ ਵਿਚ ਹੋਣ ਵਾਲੇ ਨਾਟਕ ਮੇਲੇ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਅਤੇ ਇਸ ਮੇਲੇ ਬਾਰੇ ਪੂਰੀ ਜਾਣਕਾਰੀ ਵੀ ਦਿੱਤੀ।


ਅਖੀਰ ਵਿਚ ਸੁਰਿੰਦਰ ਗੀਤ ਨੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ ਅਤੇ ਮੀਟਿੰਗ ਨੂੰ ਯਾਦਗਾਰੀ ਬਨਾਉਣ ਲਈ ਹਾਜ਼ਰੀਨ ਦਾ ਧੰਨਵਾਦ ਕੀਤਾ।













ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅੱਜ ਦੇ ਵਿਗਿਆਨਕ ਯੁੱਗ ਵਿੱਚ ਮਨੁੱਖ ਨੇ ਆਪਣੀ ਐਸ਼ੋ ਆਰਾਮ ਲਈ ਬੜੀਆਂ ਘਾੜਤਾਂ ਘੜ ਲਈਆਂ, ਪਰ ਜੇ ਗੰਭੀਰਤਾ ਨਾਲ ਸੋਚੀਏ ਤਾਂ ਮਨੁੱਖ ਨੇ ਬਹੁਤ ਕੁੱਝ ਗੁਆ ਵੀ ਲਿਆ ਹੈ।

ਇਸ ਤੇਜ ਤਰਾਰ ਜ਼ਿੰਦਗੀ ਦੀ ਦੌੜ ਵਿੱਚ ਮਨੁੱਖ ਖੁਦ ਇੱਕ ਮਸ਼ੀਨ ਬਣਕੇ ਰਹਿ ਗਿਆ। ਕੁਦਰਤ ਤੋਂ ਦੂਰ ਹੋ ਗਿਆ। ਬਣਾਉਟੀ ਪੁਣਾ ਮਨੁੱਖ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ,, ਦਫ਼ਤਰ ਦੇ ਮੇਜ ਉੱਤੇ ਕੱਚ ਦੇ ਗੁਲਦਾਨ ਵਿੱਚ ਰੰਗਬਰੰਗੇ ਪਲਾਸਟਿਕ ਦੇ ਫੁੱਲ ਰੱਖਣੇ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਗਿਆ। ਇਹਨਾਂ ਨਕਲੀ ਨਾਲ ਕਿਤੇ ਵੇਲੇ ਕੁਵੇਲੇ ਮਨੁੱਖ ਦੀਆਂ ਅੱਖਾਂ ਤਾਂ ਧੋਖਾ ਖਾ ਜਾਂਦੀਆਂ ਹਨ,,ਪਰ ਇਹਨਾਂ ਦੁਆਲੇ ਭੌਰੇ ਕਦੇ ਨਹੀਂ ਮੰਡਰਾਉਂਦੇ, ਤੇ ਨਾ ਹੀ ਇਹਨਾਂ ਚੋਂ ਉਹ ਮਹਿਕ ਆਉਂਦੀ ਹੈ।




ਇਸ ਤਰ੍ਹਾਂ ਅੱਜ ਦਾ ਸੰਗੀਤ ਵੀ ਸ਼ੋਰ ਵਿੱਚ ਬਦਲ ਗਿਆ। ਅੱਜ ਦੇ ਸੰਗੀਤ ਵਿੱਚ ਰੂਹ ਨੂੰ ਸਰਸ਼ਾਰ ਕਰਨ ਵਾਲੇ ਸਾਜ਼ ਅਲੋਪ ਹੋ ਗਏ। ਦਿਲ ਨੂੰ ਧੂਹ ਪਾਉਣ ਵਾਲੀ ਕਵਿਤਾ ਵੀ ਖ਼ਤਮ ਹੋ ਗਈ। ਬੱਸ ਪੱਛਮੀਂ ਧੂਮ ਧੜੱਕਾ ਤੇ ਅੰਗਰੇਜ਼ੀ ਦੇ ਲਫ਼ਜ਼,, ਅੱਜ ਦੇ ਪੰਜਾਬੀ ਗੀਤਾਂ ਦਾ ਪੱਧਰ ਬਣ ਗਿਆ ਹੈ।

ਬੇਸ਼ੱਕ ਇਹਨਾਂ ਗੀਤਾਂ ਦਾ ਦਾਇਰਾ ਅੰਤਰਰਾਸ਼ਟਰੀ ਪੱਧਰ ਤੱਕ ਦਾ ਹੈ ਪਰ ਯਾਦ ਰੱਖਿ? ਚਿਰਜੀਵੀ ਨਹੀਂ। ਕਿਸੇ ਜ਼ਮਾਨੇ ਵਿੱਚ ਇੱਕ ਗੀਤ ਆਇਆ ਸੀ

ਮਧਾਣੀਆਂ! ਹਾਏ ? ਮੇਰੇ ਡਾਢਿਆ ਰੱਬਾ  
ਕਿੰਨ੍ਹਾਂ ਜੰਮੀਆਂ ਕਿਨ੍ਹਾਂ ਨੇ ਲੈ ਜਾਣੀਆਂ।

ਇਸੇ ਤਰ੍ਹਾਂ ਇੱਕ ਹੋਰ ਗੀਤ ਸੀ

ਨਵੀਂ ਬਹੂ ਮੁਕਲਾਵੇ ਆਈ  
ਸੱਸ ਧਰਤੀ ਪੈਰ ਨਾ ਲਾਵੇ  
ਮੂੰਹ ਵਿੱਚ ਭਾਬੀ ਦੇ  
ਨਣਦ ਬੁਰਕੀਆਂ ਪਾਵੇ

ਇੱਕ ਹੋਰ ਵੰਨਗੀ ਵੀ ਸਭ ਦੇ ਚੇਤਿਆਂ ਵਿੱਚ ਹੋਵੇਗੀ

ਮੈਂ ਕੱਲੀ ਨਹੀਂ ਕਹਿੰਦੀ ਚੋਬਰਾ,  
ਦੁਨੀਆਂ ਸਾਰੀ ਕਹਿੰਦੀ  
ਨੱਚਾਂ ਮੈਂ ਲੁਧਿਆਣੇ,  
ਮੇਰੀ ਧਮਕ ਜਲੰਧਰ ਪੈਂਦੀ।

ਇਹਨਾਂ ਸਤਰਾਂ ਦੀ ਕਲਪਨਾ ਕਰਨ ਵੇਲੇ ਕਵੀ ਨੇ ਸਿਰਫ ਸੱਠ ਸੱਤਰ ਮੀਲਾਂ ਦੇ ਪੈਂਡੇ ਦੀ ਕਲਪਨਾ ਕੀਤੀ ਹੋਵੇਗੀ ਪਰ ਇਹ ਲੁਧਿਆਣੇ ਤੋਂ ਜਲੰਧਰ ਨਹੀਂ ਬਲਕਿ ਸਿਡਨੀ ਮੈਲਬੌਰਨ ਨਿਊਯਾਰਕ ਤੱਕ ਧਮਕ ਪੈਂਦੀ ਨੂੰ ਅੱਧੀ ਸਦੀ ਤੋਂ ਵੱਧ ਦਾ ਸਮਾਂ ਹੋ ਗਿਆ।

ਤੁਸੀਂ ਸਮਝ ਗਏ ਹੋਵੋਗੇ ਕਿ ਮੈਂ ਪੰਜਾਬੀ ਬੋਲੀ ਦੇ ਗਲ ਵਿੱਚ ਪਾਏ ਰਾਣੀ ਹਾਰਾਂ ਵਰਗੇ ਇਹਨਾਂ ਗੀਤਾਂ ਦੇ ਘਾੜੇ ਤਰਲੋਚਨ ਸਿੰਘ ਚੰਨ ਜੰਡਿਆਲਵੀ ਯੂ ਕੇ ਦੀ ਗੱਲ ਕਰ ਰਿਹਾ ਹਾਂ।

ਚੰਨ ਜੰਡਿਆਲਵੀ ਬੇਸ਼ੱਕ ਮੇਰੇ ਦਾਦੇ ਦਾ ਹਾਣੀ ਐ,,ਪਰ ਮੇਰਾ ?ਹ ਆੜੀ ਐ, ਚੰਨ ਬੇਸ਼ੱਕ ਸੱਤ ਸਮੁੰਦਰੋਂ ਪਾਰ ਗੋਰਿਆਂ ਦੇ ਮੁਲਕ ਇੰਗਲੈਂਡ ਵਿੱਚ ਰਹਿੰਦੇ ਪਰ ਉਹ ਹਮੇਸ਼ਾਂ ਹੀ ਮੇਰੇ ਦਿਲ ਵਿੱਚ ਵਸਦੈ। ਚੰਨ ਇਕੱਲੇ ਮੇਰੇ ਹੀ ਨਹੀਂ ਕਾਇਨਾਤ ਦੇ ਜਿਸ ਕੋਨੇ ਵਿੱਚ ਵੀ ਕੋਈ ਪੰਜਾਬੀ ਵਸਦੈ, ਚੰਨ ਨਿੱਤ ਉੱਥੇ ਚੜ੍ਹਦੈ,, ਤੇ ਚੰਨ ਨਿੱਤ ਅਰਜ਼ੋਈਆਂ ਕਰਦੈ

ਵਾਹਗੇ ਦੀਏ ਸਰਹੱਦੇ  
ਤੈਨੂੰ ਤੱਤੀ ਵਾਅ ਨਾ ਲੱਗੇ  
ਲੱਗਣ ਫੁੱਲ ਗੁਲਾਬ ਦੇ  
ਤੇਰੇ ਦੋਹੀਂ ਪਾਸੀ ਵਸਦੇ  
ਅੜੀਏ ਪੁੱਤ ਪੰਜਾਬ ਦੇ

ਜੇ ਮੈਂ ਚੰਨ ਦੇ ਸਾਰੇ ਰਿਕਾਰਡ ਹੋਏ ਗੀਤਾਂ ਦੀ ਗੱਲ ਕਰਾਂਗਾ ਤਾਂ ਗੱਲਬਾਤ ਬਹੁਤ ਲੰਮੀ ਹੋ ਜਾਵੇਗੀ। ਚੰਨ ਦੀ ਨਵੀਂ ਪੁਸਤਕ ਆਈ ਹੈ। "ਪੰਜਾਬ ਹੈ ਪੰਜਾਬ" ਮੈਨੂੰ ਪੂਰਨ ਉਮੀਦ ਹੈ ਕਿ ਪਾਠਕ ਇਸ ਵਿਚਲੇ ਗੀਤਾਂ ਦਾ ਖ਼ੂਬ ਆਨੰਦ ਮਾਨਣਗੇ। ਚੜ੍ਹਦੇ ਤੇ ਲਹਿੰਦੇ ਦੇ ਗਾਇਕ ਕਲਾਕਾਰ ਇਸ ਕਿਤਾਬ ਵਿਚਲੇ ਗੀਤਾਂ ਨੂੰ ਆਪਣੀਆਂ ਆਵਾਜਾਂ ਵਿੱਚ ਰਿਕਾਰਡ ਕਰਨਗੇ।

ਮੈਨੂੰ ਇਸ ਗੱਲ ਦੀ ਅਥਾਹ ਖੁਸ਼ੀ ਐ ਕਿ ਚੰਨ ਜੰਡਿਆਲਵੀ ਨੇ ਆਪਣੀ ਇਸ ਨਵ ਪ੍ਰਕਾਸ਼ਿਤ ਕਿਤਾਬ ਵਿੱਚ ਮੇਰੇ ਵੱਲੋਂ ਲਿਖੇ ਮੁੱਖਬੰਧ ਨੂੰ ਸ਼ਾਮਿਲ ਕੀਤਾ ਹੈ।

# ਇਹ ਦੋ ਕਲਮੀਂ ਚੰਨ ਕੌਣ ਨੇ ?




ਅਤੁਲ ਕੰਬੋਜ (ਚੰਨ)

## ਚੰਨ ਬਠਿੰਡਵੀ ਜਦੋਂ ਸ਼ਬਦਾਂ ਦੀ ਕਚਿਹਰੀ ਲਾਉਂਦਾ ਐ !

ਸੰਵੇਦਨਾ ਤੋਂ ਬਿਨਾਂ ਮਨੁੱਖ,, ਮਨੁੱਖ ਨਹੀਂ,,,, ਜਾਂ ਮਸ਼ੀਨ ਐ,,,, ਜਾਂ ਬੁੱਤ,,,ਇਹ ਜ਼ਰੂਰੀ ਨਹੀਂ ਕਿ ਸੰਵੇਦਨਸ਼ੀਲ ਵਿਅਕਤੀ ਦੀਆਂ ਭਾਵਨਾਵਾਂ ਕਾਗਜ਼ਾਂ ਦੀ ਹਿੱਕ ਤੇ ਉੱਕਰੀਆਂ ਹੁੰਦੀਆਂ ਨੇ,, ਸੰਵੇਦਨਸ਼ੀਲ ਵਿਅਕਤੀ ਮੂਕ ਵੀ ਹੋ ਸਕਦੇ ਹਨ ਜੋ ਉਹਨਾਂ ਦੀ ਜ਼ੁਬਾਨ ਤੇ ਸੁਭਾਅ ਵਿੱਚ ਸਾਫ ਝਲਕਦੀਆਂ ਹਨ,,,ਪਰ ਜਿਸ ਵਿਅਕਤੀ ਦੇ ਅੰਦਰ ਸਾਹਿਤ, ਕਵਿਤਾ, ਭਾਵਨਾਵਾਂ, ਦਿਆ, ਨਹੀਂ ਉਹ ਮਨੁੱਖੀ ਜਾਮੇ ਵਿੱਚ ਸਿਰਫ ਤੇ ਸਿਰਫ ਮਸ਼ੀਨ ਐ।

ਭਾਵਨਾਵਾਂ ਦਾ ਵੱਖਰਾ ਵਹਿਣ ਹੁੰਦੈ,,, ਰੁਤਬੇ ਅਹੁਦੇ,ਅਮੀਰੀ,ਗਰੀਬੀ,, ਜ਼ਾਤ ਗੋਤ, ਧਰਮਾਂ ਮਜ਼ਹਬਾਂ ਦੇ ਪਹਾੜ ਕਦੇ ਵੀ ਇਹਨਾਂ ਵਹਿਣਾਂ ਵਿੱਚ ਅੜਿਕਾ ਨਹੀਂ ਬਣਦੇ ,, ਸਗੋਂ ਇਹਨਾਂ ਵਹਿਣਾਂ ਵਿੱਚ ਢਹਿ ਢੇਰੀ ਹੋਕੇ ਵਿੱਚੇ ਵਿੱਚ ਸਮਾਅ ਜਾਂਦੇ ਹਨ।

ਜੇਕਰ ਲਹਿੰਦੇ ਪੰਜਾਬ ਦੇ ਸਮੁੰਦਰੀ ਕਸਬੇ ਵਿੱਚ ਫੁੱਟਪਾਥ ਤੇ ਬੈਠ ਕੇ ਜੁੱਤੀਆਂ ਗੰਢਣ ਵਾਲਾ ਨਦੀਮ ਕਾਦਰੀ ਤੇ ਲਾਹੌਰ ਦੀ ਆਟੋ ਮਾਰਕੀਟ ਵਿੱਚ ਕਾਰਾਂ ਦੀਆਂ ਸੀਟਾਂ ਬਣਾਉਣ ਵਾਲਾ ਬਾਬਾ ਨਜਮੀ ਤੇ ਇੱਕ ਮੁਲਕ ਦਾ ਸੰਸਥਾਪਕ ਅਲਾਮਾ ਇਕਬਾਲ ਤੇ ਦੂਸਰੇ ਮੁਲਕ ਦਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਉੱਚ ਕੋਟੀ ਦੇ ਸ਼ਾਇਰਾਂ ਵਿਚ ਆਪਣਾ ਮੁਕਾਮ ਰੱਖਦੇ ਹਨ ਤਾਂ ਇਹ ਸੰਵੇਦਨਸ਼ੀਲ ਵਿਅਕਤੀਆਂ ਦੀ ਨਿਸ਼ਾਨੀ ਐ ਕਿ ਰੁਤਬੇ ਅਹੁਦੇ ਗਰੀਬੀ ਅਮੀਰੀ ਉਹਨਾਂ ਲਈ ਕੋਈ ਮਾਇਨੇ ਨਹੀਂ ਰੱਖਦੀ।

ਅਤੁਲ ਕੰਬੋਜ ਉਰਫ ਚੰਨ ਬਠਿੰਡਵੀ ਇੱਕ ਐਸਾ ਸ਼ਾਇਰ ਐ ਜੋ ਕਿੱਤੇ ਵੱਜੋਂ ਭਾਰਤੀ ਨਿਆਂਪਾਲਿਕਾ ਦਾ ਹਿੱਸਾ ਐ,, ਨਿਆਂ ਦੀ ਤੱਕੜੀ ਹੱਥ ਵਿੱਚ ਫੜਕੇ ?ਹ ਆਪਣੀ ਸੂਝ ਬੂਝ ਦੀਆਂ ਨਜ਼ਰਾਂ ਨਾਲ ਹਾੜਦੈ। ਇਸ ਵੱਡੇ ਅਹੁਦੇ ਤੇ ਬਿਰਾਜਮਾਨ ਹੋਣ ਦੇ ਬਾਵਜੂਦ ਉਸ ਦੇ ਅੰਦਰ ਭਾਵਨਾਵਾਂ ਦਾ ਵਹਿਣ ਵਹਿੰਦਾ ਹੈ। ਜਦੋਂ ਉਹ ਭਾਵਨਾਵਾਂ ਨੂੰ ਕਾਗਜ਼ ਦੇ ਹਿੱਕ ਤੇ ਉਤਾਰਦਾ ਹੈ ਤਾਂ ਉੱਚਕੋਟੀ ਦੇ ਕਵੀਆਂ ਵਿੱਚ ਸ਼ੁਮਾਰ ਹੋ ਜਾਂਦਾ ਹੈ। ਉਸਦੀਆਂ ਕਵਿਤਾਵਾਂ ਵਿੱਚ ਉਸਦੇ ਮਿੱਟੀ ਨਾਲ ਜੁੜੇ ਹੋਣ ਦਾ ਸਬੂਤ ਮਿਲਦਾ ਹੈ। ਹੁਣ ਤੱਕ ਚੰਨ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਹਮਸ਼ਾਇਰ ,,,, ਉਡੀਕਾਂ ਤੇਰੀਆਂ ,,,, ਤਰਾਟਾਂ,,,,, ਮਿਸ਼ਰੀ,,,,,, ਪੁਸਤਕਾਂ ਪਾ ਚੁੱਕਾ ਹੈ। ਉਸਦੀ ਨਵ ਪ੍ਰਕਾਸ਼ਿਤ ਪੁਸਤਕ ਅਰਮਾਨ ਨੂੰ ਪਾਠਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਚੰਨ ਬਠਿੰਡਵੀ ਦੀ ਕਵਿਤਾ ਦਾ ਇੱਕ ਨਮੂਨਾ

ਤੇਰੇ ਸ਼ਹਿਰ ਦੀਆਂ ਕਿਆ ਬਾਤਾਂ ਨੇ,  
ਜਿੱਥੇ ਦਿਨ ਵਰਗੀਆਂ ਰਾਤਾਂ ਨੇ  
ਭਾਵੇਂ ਸਭ ਕੁੱਝ ਇੱਥੇ ਮਿਲ ਜਾਂਦਾ  
ਇੱਥੇ ਖ਼ੁਸ਼ੀਆਂ ਦੀਆਂ ਪਰ ਘਾਟਾਂ ਨੇ  
ਅਸੀਂ ਇੱਕੋ ਮਿੱਟੀ ਤੋਂ ਬਣੇ ਸਾਰੇ,  
ਪਰ ਵੰਡੀਆਂ ਪਾਉਂਦੀਆਂ ਜਾਤਾਂ ਨੇ  
ਅੱਜ ਕਿੰਨਾ ਕੁੱਝ ਹੈ ਉਜਾੜ ਦਿੱਤਾ  
ਇੱਥੇ ਨਫ਼ਰਤ ਦੀਆਂ ਬਰਸਾਤਾਂ ਨੇ  
ਉਮਰਾਂ ਹੋ ਗਈਆਂ ਤੁਰਦੀਆਂ ਨੂੰ,  
ਨਾ ਮੁੱਕਦੀਆਂ ਸਾਡੀਆਂ ਵਾਟਾਂ ਨੇ  
ਭਾਵੇਂ ਚੰਨ ਨੂੰ ਸਭ ਮਿਲ ਗਿਆ ਹੈ,  
ਬਸ ਰਹਿਆਂ ਤੇਰੀਆਂ ਘਾਟਾਂ ਨੇ

# ਮੱਥਾ ਟੇਕਣ ਵਕਤ ਜਰਦੇ ਦੀ ਪੁੜੀ ਇੱਟ ਹੇਠ ਰੱਖਣ ਵਾਲੇ ਲੋਕ ਅਸਲ ਵਿੱਚ ਮੂਰਖ ਕਿਸਨੂੰ ਬਣਾ ਰਹੇ ਹਨ ?




ਨਸ਼ੇ ਦੇ ਕਾਰਨ ਕੋਈ ਹੋਰ ਵੀ ਨੇ ਪੜਤਾਲ ਕਰੋ! ਠੇਕੇ ਦਾ ਕਰਿੰਦਾ ਸਾਰੀ ਰਾਤ ਇਕੱਲਾ ਸ਼ਰਾਬ ਦੀਆਂ ਬੋਤਲਾਂ 'ਚ ਸੌਂਦੈ ਪਰ ਸ਼ਰਾਬੀ ਬਣ ਘਰ ਨਹੀਂ ਉਜਾੜਦਾ,ਮੈਡੀਕਲ ਸਟੋਰਾਂ ਵਾਲੇ ਹਰ ਰੋਜ ਹਜਾਰਾਂ ਗੋਲੀ ਨਸ਼ਾ ਵੇਚਦੇ ਹਨ ਪਰ ਖੁਦ ਨਹੀਂ ਵਰਤਦੇ, ਚਿੱਟੇ ਕਾਲੇ ਦੇ ਸਮਗਲਰ ਪੂਰੀ ਸੁੱਧ ਬੁੱਧ ਨਾਲ ਅਗਿਆਤ ਥਾਵਾਂ 'ਤੇ ਨਸ਼ੇ ਵੀ ਵੇਚਦੇ ਹਨ ਤੇ ਮਾਇਆ ਵੀ ਇਕੱਠੀ ਕਰਦੇ ਹਨ ਪਰ ਨਸ਼ੇੜੀ ਨਹੀਂ ਬਣਦੇ ਤੇ ਸਾਡੇ ਵੱਡੇ ਛੋਟੇ ਪੈਸੇ ਚੋਰੀ ਕਰ ਕਰ ਵੀ ਨਸ਼ੇ ਕਰਦੇ ਹਨ।

ਸਾਨੂੰ ਇਕੱਲਾ ਹੋਰਾਂ ਨੂੰ ਦੋਸ਼ੀ ਕਹਿ ਕਹਿ ਸੁਰਖ਼ੁਰੂ ਨਹੀਂ ਹੋਣਾ ਚਾਹੀਦਾ । ਸਾਨੂੰ ਸਾਡੇ ਲੋਕਾਂ ਵੱਲੋਂ ਨਸ਼ਾ ਕਰਨ ਦੇ ਕਾਰਨ ਲੱਭਣੇ ਪੈਣਗੇ। ਖੋਜ ਕਰਨੀ ਪਵੇਗੀ ਕਿ ਸਾਡੀ ਨੌਜਵਾਨ ਪੀੜੀ ਦੇ ਨਸ਼ੇ ਵੱਲ ਖਿੱਚੇ ਜਾਣ ਦੀ ਕੀ ਮਜਬੂਰੀ ਹੈ? ਪੂਰਾ ਜੀਵਨ ਪਰਿਵਾਰ ਨੂੰ ਆਰਥਿਕ ਮਜਬੂਰੀ ਦਾ ਰੋਣਾ ਰੋਣ ਵਾਲਾ ਕਦੇ ਇੱਕ ਕਿੱਲੋ ਸੇਬ ਲਿਆ ਕੇ ਨਹੀਂ ਦਿੰਦਾ ਪਰ ਹਰ ਰੋਜ ਹਜਾਰਾਂ ਰੁਪੈ ਦਾ ਚਿੱਟਾ ਕਿਸ ਜਿਗਰੇ ਨਾਲ ਖਰੀਦ ਲੈਂਦਾ ਹੈ। ਹਰ ਪੱਖੋਂ ਸਰੀਰਕ ਤੌਰ 'ਤੇ ਤੰਦਰੁਸਤ ਬੱਚਿਆਂ ਨੂੰ ਨਸ਼ੇ ਕਰਨ ਦੀ ਕੀ ਮਜਬੂਰੀ ਹੈ? ਧਾਰਮਿਕ ਸਥਾਨਾਂ 'ਤੇ ਮੱਥਾ ਟੇਕਣ ਵਕਤ ਜਰਦੇ ਦੀ ਪੁੜੀ ਇੱਟ ਹੇਠ ਰੱਖਣ ਵਾਲੇ ਲੋਕ ਅਸਲ ਵਿੱਚ ਮੂਰਖ ਕਿਸਨੂੰ ਬਣਾ ਰਹੇ ਹਨ ਰੱਬ ਨੂੰ ਜਾਂ ਖੁਦ ਨੂੰ? ਰਾਜਨੀਤਿਕ ਲੋਕਾਂ ਤੇ ਪੰਚੀ ਸਰਪੰਚੀ ਦੇ ਉਮੀਦਵਾਰਾਂ ਵੱਲੋਂ ਮੁਫਤ 'ਚ ਵੰਡੀ ਜਾਂਦੀ ਸ਼ਰਾਬ ਤੇ ਹੋਰ ਨਸ਼ੇ ਚੁੱਪ ਚਾਪ ਕੌਣ ਫੜਦਾ ਹੈ ?



ਕਦੇ ਕਦੇ ਮੈਨੂੰ ਲੱਗਦੈ ਨਸ਼ੇ ਵੇਚਣ ਵਾਲੇ ਓਨੇ ਤਾਕਤਮੰਦ, ਦਲੇਰ ਤੇ ਮਾੜੇ ਨਹੀਂ ਜਿੰਨੇ ਕੰਮਜੋਰ,ਡਰਪੋਕ ਤੇ ਨਿਕੰਮੇ ਅਸੀਂ ਖੁਦ ਹਾਂ। ਅਸੀਂ ਉਹ ਲੋਕ ਹਾਂ ਜਿਹੜੇ ਸ੍ਰੀ ਗੁਰੂ ਗਰੰਥ ਸਾਹਬ ਦੀ ਤਾਬਿਆ 'ਚ ਵੀ ਝੂਠ ਬੋਲ ਕੇ ਮੰਦੇ ਕੰਮੀ ਮਰਨ ਵਾਲੇ ਨੂੰ ਸਰਧਾਜਲੀ ਮੌਕੇ ਇਮਾਨਦਾਰ,ਸੱਚਾ ਸੁੱਚਾ, ਗੁਰੂ ਦਾ ਸਿੱਖ ਕਹਿ ਦਿੰਦੇ ਹਾਂ।

ਆਓ ਆਪਣੀਆਂ ਕੰਮਜੋਰੀਆਂ ਲੱਭੀਏ,ਵਿਖਾਵੇ ਤੇ ਝੂਠ ਤੁਫਾਨ ਦੀ ਜਿੰਦਗੀ ਛੱਡ ਅਸਲੀ ਰੂਪ ਵਿੱਚ ਆਈਏ,ਮਾੜੀ ਸੰਗਤ 'ਚ ਉਲਝੇ ਹੋਰਨਾਂ ਦੇ ਧੀਆਂ ਪੁੱਤਰਾਂ ਨੂੰ ਵੀ ਆਪਣਾ ਸਮਝੀਏ ਤੇ ਵਰਜੀਏ। ਪਿੰਡਾਂ ਤੇ ਸ਼ਹਿਰਾਂ ਦੀ ਰੌਣਕ ਕਦੇ ਵੀ ਇਕੱਲੇ ਇਕਹਿਰੇ ਨਾਲ ਨਹੀਂ ਬਣਦੀ । ਜੇ ਮੇਲੇ ਲਗਦੇ ਵੇਖਣੇ ਨੇ ਤਾਂ ਸਰਬੱਤ ਦੇ ਭਲੇ ਦੀ ਅਰਦਾਸ 'ਤੇ ਅਮਲ ਵੀ ਕਰੋ।

### ਬਹੁਤ ਮੰਦਭਾਗਾ ਦ੍ਰਿਸ਼ ਹੈ ਇਹ !

ਅੱਜ ਕੂੜੇ ਦੇ ਢੇਰ ਕੋਲ ਖੜ੍ਹ ਕੇ ਨਸ਼ੇ ਦਾ ਟੀਕਾ ਲਗਾ ਰਹੇ ਇਸ ਬੱਚੇ ਦੀ ਜਿਹੜੀ ਵੀਡੀਓ ਸ਼ੋਸ਼ਲ ਮੀਡੀਆ 'ਤੇ ਘੁੰਮ ਰਹੀ ਹੈ ਇਹ ਦ੍ਰਿਸ਼ ਬਹੁਤ ਹੀ ਚਿੰਤਾ ਵਾਲਾ ਤੇ ਦਿਲ ਕੰਬਾਊ ਹੈ। ਇੱਥੇ ਇਕੱਲਾ ਇਹ ਮਸਲਾ ਨਹੀਂ ਕਿ ਕੋਈ ਨਸ਼ੇ ਦਾ ਟੀਕਾ ਲਗਾ ਰਿਹਾ ਹੈ ਇੱਥੇ ਸਭ ਤੋਂ ਵੱਡਾ ਮਸਲਾ ਇਹ ਹੈ ਕਿ ਟੀਕਾ ਲਗਾਉਣ ਵਾਲਾ ਬੱਚਾ ਅਣਭੋਲ ਤੇ ਸਕੂਲੀ ਵਿਦਿਆਰਥੀ ਹੈ । ਇਹ ਗੱਲ ਹੋਰ ਵੀ ਭਿਆਨਕ ਹੈ ਕਿ ਬੱਚਾ ਹੋਣ ਦੇ ਬਾਵਜੂਦ ਵੀ ਇਹ ਕਿੰਨਾ ਬੇਖੌਫ ਹੈ ਕਿ ਸ਼ਰੇਆਮ ਆਵਾਜਾਈ ਵਾਲੀ ਸੜਕ 'ਤੇ ਹੀ ਘਟਨਾ ਨੂੰ ਅੰਜਾਮ ਦੇ ਰਿਹਾ ਹੈ। ਕਿੰਨਾ ਖਤਰਨਾਕ ਰੁਝਾਨ ਹੈ ਕਿ ਸਕੂਲੀ ਵਿਦਿਆਰਥੀਆਂ ਨੂੰ ਹੀ ਵਰਜਿਤ ਸਰਿੰਜਾਂ ਤੇ ਟੀਕੇ ਵੇਚੇ ਜਾ ਰਹੇ ਹਨ। ਸਰਕਾਰ ਕੋਲ ਹੈ ਕੋਈ ਜਵਾਬ ਕਿ ਬਿਨਾਂ ਕਿਸੇ ਹਸਪਤਾਲ ਹੀ ਥਾਂ ਥਾਂ ਮੈਡੀਕਲ ਸਟੋਰ ਕਿਉਂ ਖੋਲ੍ਹੇ ਜਾ ਰਹੇ ਹਨ।

ਮੇਰੇ ਸਤਿਕਾਰਤ ਭੈਣੋ ਭਰਾਵੋ ਕੁੱਤੀ , ਚੋਰ ਤੇ ਪਹਿਰੇਦਾਰ ਸਭ ਰਲ ਚੁੱਕੇ ਹਨ। ਆਪਾਂ ਨੂੰ ਆਪਣੇ ਬੱਚੇ, ਆਪਣੇ ਘਰ ਖੁਦ ਹੀ ਬਚਾਉਣੇ ਪੈਣਗੇ। ਜੋ ਮਰਜੀ ਰੌਲਾ ਪਾਓ , ਜਿਸ ਮੰਤਰੀ ਜਾਂ ਮੁੱਖ ਮੰਤਰੀ ਤੋਂ ਜਿਹੜੀ ਮਰਜੀ ਸਹੁੰ ਚੁਕਾ ਲਓ ਮਸਲਾ ਕਿਸੇ ਨੇ ਹੱਲ ਨਹੀਂ ਕਰਨਾ।

ਭੁੱਲਣ ਨਸ਼ੇ ਵੰਡਣ ਤੇ ਵੇਚਣ ਵਾਲੇ ਵੀ ਨਾ, ਅੱਜ ਪੈਸੇ ਦੇ ਲਾਲਚ ਵਿੱਚ ਅੰਨ੍ਹੇ ਹੋ ਕੇ ਉਹ ਜੋ ਨਰਜੀ ਜੋੜੀ ਜਾਣ ਪਰ ਖਤਮ ਸਭ ਕੁੱਝ ਉਨ੍ਹਾਂ ਦਾ ਵੀ ਹੋਵੇਗਾ। ਬੱਸ ਅੰਤਰ ਐਨਾ ਹੀ ਹੈ ਕਿ ਕੁੱਝ ਦੇਰ ਜਰੂਰ ਹੋ ਸਕਦੀ ਹੈ। ਇਹ ਅੱਗ ਇਕੱਲੇ ਦੋ ਚਾਰ ਘਰਾਂ ਦੀ ਨਹੀਂ ਹਰ ਘਰ ਪੁੱਜੇਗੀ।

ਸੋ ਭਰਾਵੋ ਡਰਿਆ ਨਾ ਕਰੋ ਜੇ ਕਿਸੇ ਜਾਣ ਪਹਿਚਾਣ ਵਾਲੇ ਮਾਂ ਬਾਪ ਦਾ ਕੋਈ ਧੀ ਪੁੱਤਰ ਮਾੜੇ ਰਸਤੇ ਪੈ ਗਿਆ ਹੈ ਤਾਂ ਉਨਾਂ ਨੂੰ ਹਲੀਮੀ ਨਾਲ ਜਾਣਕਾਰੀ ਜਰੂਰ ਦਿਓ। ਪੰਜਾਬ ਦੀ ਅੱਗ ਬੁਝਾਉਣ ਲਈ ਹਰ ਚੁੰਝ ਨੂੰ ਪਾਣੀ ਪਾਉਣਾ ਪਵੇਗਾ। ਚਲੋ ਉੱਠੋ ਤੇ ਬੱਚੇ ਬਚਾਓ।

ਹਰਦੀਪ ਸਿੰਘ ਜਟਾਣਾ  
9417254517

## ਓਹ ਵੇਲ਼ਾ ਯਾਦ ਕਰ

ਡਾ. ਬਲਵਿੰਦਰ ਕੌਰ ਬਰਾੜ  
403-590-9629



# ਤੈਂ ਕੀ ਲੈਣੈ, ਵੱਡਿਆਂ ਦੀਆਂ ਗੱਲਾਂ ਨੀਂ ਸੁਣੀਦੀਆਂ ਹੁੰਦੀਆਂ

ਬੇ-ਪਨਾਹ ਮਾਸੂਮੀਅਤ, ਪਾਕੀਜ਼ਗੀ ਕਿਧਰ ਗਈ  
ਬਾਂਸ ਦੇ ਜੰਗਲ ਖੜ੍ਹੇ ਹਾਂ ਬੰਸਰੀ ਕਿਧਰ ਗਈ।  
ਆਪਣੇਪਣ ਦੀ ਚਿਖਾ ਚੌਰਾਹਿਆਂ ਵਿਚ ਬਾਲ਼ ਕੇ  
ਸ਼ਹਿਰ ਦੀ ਇਸ ਭੀੜ ਵਿੱਚੋਂ ਦੋਸਤੀ ਕਿਧਰ ਗਈ।  
--ਕਵਿੰਦਰ ਚਾਂਦ

ਬਹੁਤ ਸਮੇ ਦੀ ਗੱਲ ਹੈ ਜਦ ਮਾਪੇ ਆਪਣੀ ਔਲਾਦ ਤੋਂ ਵਿੱਥ ਸਿਰਜ ਕੇ ਰਖਦੇ ਸੀ। ਸ਼ਾਇਦ ਇਸ ਦਾ ਕਾਰਣ ਬੱਚੇ ਦੀ ਮਾਸੂਮੀਅਤ ਨੂੰ ਬਰਕਰਾਰ ਰੱਖਣਾ ਹੋਵੇ। ਮੇਰੀ ਉਮਰ ਉਂਗਲ ਦੇ ਪਹਿਲੇ ਪੋਟਿਆਂ ਤਕ ਹੀ ਮਸਾਂ ਹੋਵੇਗੀ। ਮੇਰੇ ਮਾਂ ਜੀ (ਦਾਦੀ ਜੀ) ਮੈਨੂੰ ਉਂਗਲ ਲਾ ਕੇ ਪਿੰਡ ਦੇ ਦੂਜੇ ਸਿਰੇ ਲੈ ਕੇ ਗਏ, ਜਿੱਥੇ ਉਨ੍ਹਾਂ ਦੀ ਭੈਣ ਬੀਮਾਰ ਸੀ। ਮੈਨੂੰ ਕੋਲ ਹੀ ਮੰਜੇ ਤੇ ਬਿਠਾ ਕੇ ਉਹ ਦੋਵੇਂ ਭੈਣਾਂ ਦੁਖ-ਸੁਖ ਕਰਨ ਲੱਗੀਆਂ। ਮੈਂ ਦੁਆਲੇ ਪਈਆਂ ਸਭ ਵਸਤਾਂ ਨੂੰ ਆਪਣੀਆਂ ਸੋਚਾਂ ਦੇ ਮੇਚ ਕਰ ਰਹੀ ਸੀ। ਮੇਰਾ ਗੱਲਾਂ ਸੁਣਣ ਵੱਲ ਪਹਿਲਾਂ ਕੋਈ ਧਿਆਨ ਨਹੀਂ ਸੀ। ਜਦ ਮੇਰਾ ਧਿਆਨ ਗਿਆ ਮਾਂ ਜੀ ਦੀ ਭੈਣ ਚੁਗਲੀ ਕਰਨ ਵਾਂਗ ਕੋਲ ਨੂੰ ਮੂੰਹ ਕਰ ਕੇ ਧੀਮੀ ਸੁਰ ਵਿਚ ਕਹਿ ਰਹੀ ਸੀ, `ਇਹਨੇ ਤਾਂ ਭਾਂਡੇ ਮਾਂਜਣ ਵਾਲੀਆਂ ਵੀ ਨੀਂ ਛੱਡੀਆਂ ਜਿੰਨ੍ਹਾਂ ਤੋਂ ਕੱਚਾ ਬੇਰ ਲੈ ਕੇ ਖਾਣ ਨੂੰ ਜੀਅ ਨਹੀਂ ਕਰਦਾ।` ਇਸ ਦੇ ਜਵਾਬ ਵਿਚ ਮਾਂ ਜੀ ਆਪਣੇ ਦੋਵੇਂ ਹੱਥ ਮਲ਼ਦੇ ਹੈਰਾਨ ਹੋ ਕੇ ਵਾਹਿਗੁਰੂ ਵਾਗਿਗੁਰੂ ਕਰਨ ਲੱਗੇ। ਮੈਂ ਪੂਰੀ ਗਹੁ ਨਾਲ ਵਿਹੜੇ ਵਿਚ ਭਾਂਡੇ ਮਾਂਜਦੀ ਅਮਰੋ ਵੱਲ ਵੇਖਿਆ। ਉਹ ਤਾਂ ਚੰਗੀ ਭਲੀ ਬੈਠੀ ਸੀ। ਮੇਰੀ ਸਮਝ ਦੇ ਖਾਨੇ ਕੁੱਝ ਨਾ ਪਿਆ। ਮੇਰੇ ਅੰਦਰ ਸਵਾਲ-ਦਰ-ਸਵਾਲ ਇਕ ਦੂਜੇ ਵਿਚ ਵੱਜਣ ਲੱਗੇ। ਕਾਫ਼ੀ ਅਰਸਾ ਆਪਣੇ ਆਪ ਨਾਲ ਖੌਝਲਦੀ ਰਹੀ। ਘਰ ਵਾਪਸੀ ਸਮੇ ਮੈਂ ਪੁੱਛਿਆ ਕਿ `ਇਹ ਮਾਂ ਜੀ ਨੂੰ ਕੀ ਹੋ ਗਿਆ।`ਮੈਨੂੰ ਘੂਰ ਕੇ ਚੁੱਪ ਕਰਾ ਦਿੱਤਾ ਗਿਆ -` ਤੈਂ ਕੀ ਲੈਣੈ, ਵੱਡਿਆਂ ਦੀਆਂ ਗੱਲਾਂ ਨੀਂ ਸੁਣੀਦੀਆਂ ਹੁੰਦੀਆਂ`। ਮੇਰੇ ਤਾਂ ਸਿੱਧੇ ਸਵਾਲ ਦਾ ਜਵਾਬ ਵੀ ਪੁੱਠਾ ਪੈ ਰਿਹਾ ਸੀ। ਅੱਜ ਉਸ ਥਾਂ ਤੇ ਖੜ੍ਹ ਕੇ ਸੋਚਦੀ ਹਾਂ ਇਹ ਵਿੱਥ ਠੀਕ ਨਹੀਂ ਸੀ। ਬਾਲ-ਮਨ ਨੂੰ ਸੋਚਾਂ ਦੇ ਵਣਾਂ ਵਿਚ ਭਟਕਣ ਲਾ ਦੇਣਾ ਕਿੱਥੋਂ ਦੀ ਸਿਆਣਪ ਹੋਈ। ਪਰ ਇਸ ਤੋਂ ਉਲਟ ਹੁਣ ਮਾਪਿਆਂ ਨੇ ਇਸ ਵਿੱਥ ਨੂੰ ਮੇਟ ਕੇ ਚਾਰੇ ਕੰਨੀਆਂ ਹੀ ਚੱਕ ਧਰੀਆਂ ਹਨ। ਮੈਨੂੰ ਹੁਣ ਇਹ ਵੀ ਠੀਕ ਨਹੀਂ ਲਗਦਾ। ਖਾਸ ਕਰ ਕੇ ਜਦ ਮੈਂ ਕਿਸੇ ਦੰਪਤੀ ਜੀਵਨ ਵਿਚਲੇ ਕਲੇਸ਼ ਵਿਚਕਾਰ ਸਹਿਮੇ ਹੋਏ ਬੱਚੇ ਪਲਦੇ ਵੇਖਦੀ ਹਾਂ। ਇਸ ਔਲਾਦ ਵਿਚ ਦੀ ਮਾਪੇ ਸਾਹ ਲੈਣ ਤੱਕ ਅਪੜਦੇ ਰਹੇ ਹੋਣ। ਦੁਨੀਆਂ ਦੀਆਂ ਕੁੱਝ ਨਿਆਮਤਾਂ ਉਨ੍ਹਾਂ ਲਈ ਬਟੋਰਦੇ ਆਪ ਤੰਗੀਆਂ ਤੁਰਸ਼ੀਆਂ ਤੇ ਕੰਜੂਸੀਆਂ ਵਾਲੀ ਜੂਨ ਭੋਗਦੇ ਹੋਏ ਵੀ ਆਪੋ ਵਿਚ ਉਲਝਦੇ ਉਨ੍ਹਾਂ ਦੀ ਮਾਸੂਮੀਅਤ ਹੀ ਮਧੋਲ ਧਰਦੇ ਹਨ। ਉਨ੍ਹਾਂ ਮਾਸੂਮਾਂ ਦੀਆਂ ਜ਼ਖ਼ਮੀ ਸੋਚਾਂ, ਵਲੂੰਧਰੇ ਸੁਪਨੇ, ਪੱਛੀਆਂ ਭਾਵਨਾਵਾਂ ਉੱਤੇ ਮਲ੍ਹਮ ਲਾਉਣ ਦੀ ਥਾਂ ਫੂਹੀ-ਫੂਹੀ ਕਰ ਕੇ ਜੋੜੇ ਘਰ ਦੀਆਂ ਛੱਤਾਂ ਹੀ ਉਡਾ ਲੈਂਦੇ ਹਨ। ਰਿਸ਼ਤਿਆਂ ਵਿਚਲਾ ਕਾਨੂੰਨੀ ਦਖਲ ਘਰ ਦੀਆਂ ਸਭ ਹੋਈਆਂ ਬੀਤੀਆਂ ਚੁਰਾਹੇ ਖਲ੍ਹਾਰ ਕੇ ਬਚਪਨ ਨੂੰ ਖਾਰਜ ਕਰਦਾ ਹੈ। ਇੱਕ ਹਿੰਦੀ ਕਵੀ ਦੇ ਸ਼ਬਦ ਗੌਲਣਯੋਗ ਹਨ –

`ਬੜੋਂ ਕੀ ਦੇਖ ਕੇ ਦੁਨੀਆਂ ਮੇਰੇ ਅੰਦਰ ਕਾ ਬੱਚਾ ਬੜਾ ਹੋਨੇ ਸੇ ਡਰਤਾ ਹੈ।`

ਸਾਡੀਆਂ ਮਾਵਾਂ ਹੋ ਰਹੀ ਲੜਾਈ ਵਿਚ ਆਪਾ ਡਾਹ ਕੇ ਵੱਖਰੀ ਹੀ ਪਿਰਤ ਪਾ ਗਈਆਂ, ਇਸ ਦੀ ਆਂਚ ਵੀ ਸਾਡੇ ਤੱਕ ਨਾ ਅਪੜਦੀ। ਅੱਜ ਬੱਚੇ ਹਥਿਆਰ ਬਣੇ ਹੋਏ ਹਨ, ਪਰਾਪਰਟੀ ਦੀਆਂ ਹੋਰਨਾਂ ਵਸਤਾਂ ਵਾਂਗ ਵੰਡ-ਵੰਡਾਈ ਦੀ ਵਸਤ ਬਣ ਰਹੇ ਹਨ। ਹੁਣ ਮਾਪੇ ਬੱਚਿਆਂ ਨੂੰ ਵਧੀਆ ਇਨਸਾਨ ਬਨਣ ਦੀ ਥਾਂ ਆਲਮੀ ਮੰਡੀ ਦੀ ਵਧੀਆ ਵਸਤ ਬਨਾਉਣ ਵੱਲ ਰੁੱਝੇ ਹਨ। ਫੇਰ ਉਹ ਸਾਨੂੰ ਵੀ ਵਸਤ ਹੀ ਜਾਨਣਗੇ। ਏਥੋਂ ਹੀ ਉਮਰ ਦਾ ਸਤਿਕਾਰ ਕਿਰ ਜਾਂਦਾ ਹੋਣਾ, ਇਹੋ ਜਿਹੇ ਮਾਪੇ ਔਲਾਦ ਲਈ ਰੋਲ ਮਾਡਲ ਨਹੀਂ ਬਣ ਸਕਦੇ। ਕਈ ਘਰਾਂ ਵਿਚ ਮਾਵਾਂ ਡਿੱਗ ਰਹੀਆਂ ਦੀਵਾਰਾਂ ਓਹਲੇ ਬੈਠੀਆਂ ਤਸੀਹੇ ਭਰੀ ਜੂਨ ਨਿਭਾ ਰਹੀਆਂ ਹਨ। ਟੁਟਦੇ ਬਿਖਰਦੇ ਇਹੋ ਜਿਹੇ ਘਰਾਂ ਵਿਚ ਪਲ਼ਦੇ ਇਹ ਮਾਸੂਮ ਕਦੇ ਮਾਂ ਦੀ ਉਂਗਲ ਫੜਦੇ ਹਨ, ਕਦੇ ਪਿਓ ਦੇ ਮੋਢੇ ਜਾ ਲਗਦੇ ਹਨ। ਕਦੇ ਆਪਣੇ ਆਪ ਨੂੰ ਫਾਲਤੂ ਹੋਣ ਦਾ ਅਹਿਸਾਸ ਜਰਦੇ ਬਿਨਾ ਖ਼ਤਮ ਹੋਣ ਵਾਲੀ ਇਸ ਜ਼ਿੰਦਗੀ ਦੀਆਂ ਝਰੀਟਾਂ ਆਪਣੀ ਰੂਹ ਤੇ ਜਰਦੇ ਹਨ। ਇਹੋ ਜਿਹੇ ਜੋੜੇ ਆਪੋ ਆਪਣੀ ਹਉਮੈ ਨੂੰ ਪੱਠੇ ਪਾਉਂਦੇ ਇਸ ਸਾਂਝੇ ਪਿਆਰ ਦੀ ਨਿਸ਼ਾਨੀ ਦੇ ਸਭ ਅਰਮਾਨ ਕੁਰਬਾਨ ਕਰਦੇ ਹਨ। ਬਹੁਤੇ ਫ਼ੀ ਸਦੀ ਇਸ ਪੀੜ੍ਹੀ ਦੇ ਮਾਪੇ ਦੂਹਰਾ ਲੈਣ ਵਾਲੇ ਪੂਰਨੇ ਨਹੀਂ ਪਾ ਸਕੇ। ਫਲ ਸਰੂਪ ਉਸਰ ਰਹੀ ਪਨੀਰੀ ਵਿਆਹ ਜਿਹੀ ਸੰਸਥਾ ਤੋਂ ਮੁਨਕਰ ਹੋ ਰਹੀ ਹੈ। ਇਹ ਅਸੀਂ ਕਿਸ ਤਰ੍ਹਾਂ ਦੀ ਤਰੱਕੀ ਕਰ ਰਹੇ ਹਾਂ, ਜਿੱਥੇ ਰਸਤਾ ਸੜਕਾਂ ਦੀ ਥਾਂ ਜੰਗਲ ਵੱਲ ਨੂੰ ਹੀ ਵਾਪਸ ਜਾਂਦਾ ਹੈ, ਜਿੱਥੋਂ ਇਹ ਅੱਜ ਤੱਕ ਦਾ ਸਫਰ ਅਰੰਭਿਆ ਸੀ। ਪਾਕਿਸਤਾਨੀ ਕਵੀ ਦੀ ਸਲਾਹ ਹੈ -

ਤੂੰ ਚਾਹੁਨੈਂ ਇਹ ਤੇਰੀ ਛਾਂ ਵਿਚ ਉਮਰ ਗੁਜ਼ਾਰ ਲਵੇ  
ਆਪਣੇ ਪੱਤਿਆਂ ਨੂੰ ਹਰਿਆ ਰੱਖ, ਕੀ ਰੱਖ ਪਾਵੇਂਗਾ।  
ਜਾਂ ਤਾਂ ਇਹ ਦੀ ਉਂਗਲ ਫੜ ਲੈ ਜਾਂ ਫਿਰ ਮੂਹਰੇ ਤੋਰ  
ਬੱਚਾ ਹੈ ਇਹ ਨੇ ਮਗਰ ਨੀ ਆਉਣਾ, ਫੇਰ ਪਛਤਾਵੇਂਗਾ।  
(ਅਕਰਮ)


# ਖੇਤਾਂ ਦੀ ਅੱਗ

ਲੋਕਾਂ ਨੇ ਚਾਰੇ ਪਾਸੇ ਖੇਤਾਂ ਵਿੱਚ ਕਣਕ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਈ ਹੋਈ ਸੀ ਜਿਸ ਕਾਰਨ ਸਵਾਹ ਉੱਡ ਉੱਡ ਕੇ ਲੋਕਾਂ ਦੇ ਸਿਰਾਂ ਵਿੱਚ ਪੈ ਰਹੀ ਸੀ। ਕੁਕੜ ਖੇਹ ਉਡਾਈ ਤੇ ਆਪਣੇ ਸਿਰ ਵਿੱਚ ਪਾਈ, ਵਾਲੀ ਕਹਾਵਤ ਸ਼ਤ ਪ੍ਰਤੀਸ਼ਤ ਸੱਚ ਸਾਬਤ ਹੋ ਰਹੀ ਸੀ। ਬੱਚਿਆਂ, ਬਜ਼ੁਰਗਾਂ ਅਤੇ ਸਾਹ ਦੀ ਬਿਮਾਰੀ ਵਾਲੇ ਬੰਦਿਆਂ ਦਾ ਖੰਘ ਖੰਘ ਕੇ ਬੁਰਾ ਹਾਲ ਹੋ ਰਿਹਾ ਸੀ। ਖੇਤਾਂ ਅਤੇ ਸੜਕਾਂ ਦੇ ਕਿਨਾਰੇ ਪੰਜ ਕੁ ਮਹੀਨੇ ਪਹਿਲਾਂ ਝੋਨੇ ਦੀ ਪਰਾਲੀ ਦੀ ਅੱਗ ਤੋਂ ਬਚੇ ਥੋੜ੍ਹੇ ਬਹੁਤੇ ਦਰਖਤਾਂ ਵਿੱਚੋਂ ਕੁਝ ਸੜ ਚੁੱਕੇ ਸਨ ਤੇ ਕੁਝ ਅਜੇ ਧੁਖ ਰਹੇ ਸਨ। ਦਾਵਾਨਲ ਕਾਰਨ ਉਹਨਾਂ 'ਤੇ ਪਾਏ ਪੰਛੀਆਂ ਦੇ ਆਲ੍ਹਣਿਆਂ ਵਿੱਚੋਂ ਮਾਸੂਮ ਬੋਟ ਫੁੜਕ ਫੁੜਕ ਕੇ ਧਰਤੀ 'ਤੇ ਡਿੱਗ ਰਹੇ ਸਨ। ਆਪਣੇ ਬੇਕਸੂਰ ਬੱਚਿਆਂ ਦੀ ਹੋ ਰਹੀ ਅਣਿਆਈ ਮੌਤ ਵੇਖ ਕੇ ਪੰਛੀਆਂ ਵੱਲੋਂ ਪਾਇਆ ਜਾ ਰਿਹਾ ਵਿਰਲਾਪ ਪੱਥਰ ਦਿਲਾਂ ਨੂੰ ਵੀ ਪਾੜ ਰਿਹਾ ਸੀ। ਕਿਉਂਕਿ ਟਟੀਹਰੀ ਧਰਤੀ 'ਤੇ ਆਲ੍ਹਣਾ ਬਣਾ ਕੇ ਬੱਚੇ ਦੇਂਦੀ ਹੈ, ਇਸ ਲਈ ਉਸ ਦਾ ਤਾਂ ਬੀਜ਼ ਨਾਸ ਹੋ ਰਿਹਾ ਸੀ। ਚੱਬੇ ਪਿੰਡ ਦੇ ਦਸ ਪੰਦਰਾਂ ਬੰਦੇ ਪੰਚਾਇਤ ਘਰ ਵਿਚਲੇ ਬੋਹੜ ਦੀ ਠੰਡੀ ਛਾਂ ਹੇਠ ਤਾਸ਼ ਖੇਡ ਰਹੇ ਸਨ। ਨੰਗਾਂ ਦੇ ਸੁੱਚੇ ਨੇ ਗੱਲ ਛੇੜੀ, "ਇਸ ਵਾਰ ਤਾਂ ਰੱਬ ਪਿੱਛੇ ਈ ਪੈ ਗਿਆ ਸੀ ਆਪਣੇ। ਰੋਜ ਮੀਂਹ, ਰੋਜ ਮੀਂਹ। ਬੜੀ ਮੁਸ਼ਕਿਲ ਨਾਲ ਕਣਕ ਸਾਂਭੀ ਇਸ ਵਾਰ ਤਾਂ। ਝਾੜ ਵੀ ਘਟ ਆਇਆ ਮੇਰਾ।" ਮਾਸਟਰ ਅਵਤਾਰ ਸਿੰਘ ਨੇ ਪੱਤੇ ਫੈਂਟਦੇ ਹੋਏ ਜਵਾਬ ਦਿੱਤਾ, "ਜਦੋਂ ਆਪਾਂ ਰੱਬ ਦੇ ਪਿੱਛੇ ਪਏ ਆਂ ਫਿਰ ਰੱਬ ਨੇ ਤਾਂ ਆਪਣੇ ਪਿੱਛੇ ਪੈਣਾ ਈ ਆਂ। ਨਾਲੇ ਇਹ ਮੌਸਮੀ ਬਦਲਾਅ ਕੁਦਰਤ ਨਾਲ ਛੇੜ ਛਾੜ ਦਾ ਨਤੀਜਾ ਆ। ਰੱਬ ਪਤਾ ਨਈਂ ਹੈ ਆ ਜਾਂ ਨਈਂ।" ਪਿਆਰਾ ਸਿੰਘ ਨੇ ਮੁੰਡੇ ਤੇਲੇ ਨੇ ਹੈਰਾਨੀ ਨਾਲ ਪੁੱਛਿਆ, "ਉਹ ਕਿਵੇਂ ਤਾਇਆ?" "ਉਹ ਇਸ ਤਰਾਂ ਕਿ ਜੇ ਇਨਸਾਨ ਕੁਦਰਤ ਨੂੰ ਨੁਕਸਾਨ ਪਹੁੰਚਾਵੇਗਾ ਤਾਂ ਫਿਰ ਕੁਦਰਤ ਨੇ ਵੀ ਤਾਂ ਇਨਸਾਨ ਨੂੰ ਨੁਕਸਾਨ ਪਹੁੰਚਾਉਣਾ ਹੋਇਆ। ਚਲੋ ਕਿਸਾਨਾਂ ਦੀ ਇਹ ਗੱਲ ਤਾਂ ਕਿਸੇ ਹੱਦ ਤਕ ਮੰਨੀ ਜਾ ਸਕਦੀ ਹੈ ਕਿ ਝੋਨੇ ਦੀ ਰਹਿੰਦ ਖੂੰਹਦ ਸੰਭਾਲਣੀ ਔਖੀ ਹੁੰਦੀ ਆ। ਪਰ ਲੋਕ ਤਾਂ ਕਣਕ ਵੇਲੇ ਵੀ ਹੱਦ ਕਰੀ ਜਾਂਦੇ ਆ। ਤੂੜੀ ਵਾਲੀ ਮਸ਼ੀਨ ਚਲਾਉਣ ਤੋਂ ਬਾਅਦ ਤਾਂ ਸਿਰਫ ਦੋ ਦੋ ਇੰਚ ਦੇ ਬੁੱਥੇ (ਕਰਚੇ) ਬਚਦੇ ਆ ਪਿੱਛੇ। ਉਹਨਾਂ ਨੂੰ ਅੱਗ ਲਗਾਉਣ ਦੀ ਕੀ ਲੋੜ ਆ? ਉਹ ਕਿਹੜੇ ਪੈਲੀ ਵਾਹੁਣ ਵੇਲੇ ਹੱਲਾਂ ਵਿੱਚ ਫਸਦੇ ਆ? ਅੱਗ ਲਾਉਣ ਨਾਲ ਇੱਕ ਤਾਂ ਆਰਗੈਨਿਕ ਤੱਤ ਤੇ ਮਿੱਤਰ ਕੀੜੇ ਸੜਦੇ ਆ ਤੇ ਦੂਸਰਾ ਜ਼ਮੀਨ ਬਰਬਾਦ ਹੁੰਦੀ ਆ। ਹੋਰ ਦਸਾਂ ਸਾਲਾਂ ਨੂੰ ਪੰਜਾਬ ਦੀ ਧਰਤੀ ਐਨੀ ਕਰੜੀ ਹੋ ਜਾਣੀ ਆ ਕਿ ਭੱਠੇ ਤੋਂ ਇੱਟਾਂ ਖਰੀਦਣ ਦੀ ਜਰੂਰਤ ਈ ਨਹੀਂ ਪਿਆ ਕਰਨੀ। ਸਿੱਧੀਆਂ ਖੇਤਾਂ ਵਿੱਚੋਂ ਈ ਪੁੱਟ ਲਿਆ ਕਰਿਉ ਭਾਵੇਂ।" "ਤਾਇਆ ਤੂੰ ਤਾਂ ਬੱਸ ਕਿਸਾਨਾਂ ਦੇ ਪਿੱਛੇ ਈ ਪਿਆ ਰਿਹਾ ਕਰ। ਆ ਜਿਹੜਾ ਕਰੋੜਾਂ ਟਨ ਧੂੰਆਂ ਗੱਡੀਆਂ, ਕਾਰਖਾਨਿਆਂ ਤੇ ਭੱਠਿਆਂ ਵਿੱਚੋਂ ਨਿਕਲਦਾ ਆ, ਉਹ ਨਈਂ ਦਿਸਦਾ ਤੈਨੂੰ," ਬੁੱਚਿਆਂ ਦੇ ਲਾਲੂ ਨੇ ਖਿਝ ਕੇ ਕਿਹਾ। ਅਵਤਾਰ ਮਾਸਟਰ ਨੇ ਹਾਉਕਾ ਭਰ ਕੇ ਬੋਲਿਆ, "ਕਾਕਾ ਇਹੋ ਤਾਂ ਦੁੱਖ ਆ। ਅਸੀਂ ਹਮੇਸ਼ਾਂ ਦੂਸਰਿਆਂ ਦੀਆਂ ਭੈੜੀਆਂ ਆਦਤਾਂ ਅਪਨਾਉਣ ਨੂੰ ਪਹਿਲ ਦੇਂਦੇ ਆਂ ਤੇ ਚੰਗੇ ਬੰਦਿਆਂ ਦੇ ਕੰਮਾਂ ਵੱਲੋਂ ਅੱਖਾਂ ਬੰਦ ਕਰ ਲੈਂਦੇ ਆਂ। ਕਦੇ ਬਾਬੇ ਸੇਵਾ ਸਿੰਘ ਖਡੂਰ ਸਾਹਿਬ ਤੇ ਬਾਬੇ ਬਲਬੀਰ ਸਿੰਘ ਸੀਚੇਵਾਲ ਵਰਗਿਆਂ ਵਾਂਗ ਪੌਦੇ ਲਗਾ ਕੇ ਕੁਦਰਤ ਨੂੰ ਬਚਾਉਣ ਦੀ ਰੀਸ ਵੀ ਕਰ ਲਿਆ ਕਰੋ। ਤੇਰੇ ਵਰਗੇ ਜ਼ਾਹਿਲਾਂ ਨੇ ਪੌਦੇ ਲਗਾਉਣੇ ਤਾਂ ਕੀ ਸਨ, ਸਗੋਂ ਇਹਨਾਂ ਬਾਬਿਆਂ ਵੱਲੋਂ ਸੜਕਾਂ ਕਿਨਾਰੇ ਲਗਾਏ ਗਏ ਬੂਟੇ ਵੀ ਸੜ ਕੇ ਸਵਾਹ ਕਰ ਦਿੱਤੇ ਹਨ। ਕਈ ਤਾਂ ਐਨੇ ਮਹਾਂਮੂਰਖ ਹਨ ਜੋ ਪਹਿਲਾਂ ਨਾੜ ਸਾੜ ਕੇ ਧਰਤੀ ਦੀ ਹਿੱਕ ਫੂਕਦੇ ਹਨ ਤੇ ਫਿਰ ਉਹਨਾਂ ਖੇਤਾਂ ਨੂੰ ਠੰਡੇ ਕਰਨ ਦੇ ਨਾਂ ਹੇਠ ਮੋਟਰਾਂ ਚਲਾ ਕੇ ਦੁਨੀਆਂ ਦੀ ਸਭ ਤੋਂ ਅਣਮੋਲ ਚੀਜ ਪਾਣੀ ਦੀ ਬਰਬਾਦੀ ਕਰ ਰਹੇ ਹਨ।" ਮਾਸਟਰ ਦੀ ਗੱਲ ਸੁਣ ਕੇ ਸਾਰੇ ਆਸੇ ਪਾਸੇ ਝਾਕਣ ਲੱਗ ਪਏ।

ਬਲਰਾਜ ਸਿੰਘ ਸਿੱਧੂ ਕਮਾਂਡੈਂਟ  
ਪੰਡੋਰੀ ਸਿੱਧਵਾਂ  
9501100062

# ਤੰਬਾਕੂ ਨਹੀਂ , ਜ਼ਿੰਦਗੀ ਚੁਣੋ

ਹਰ ਸਾਲ 31 ਮਈ ਨੂੰ, ਤੰਬਾਕੂ ਦੀ ਵਰਤੋਂ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ, ਨੀਤੀਆਂ ਨੂੰ ਉਤਸਾਹਿਤ ਕਰਨ ਅਤੇ ਇਸ ਦੇ ਸੇਵਨ ਨਾਲ ਸੰਬੰਧਿਤ ਬਿਮਾਰੀਆਂ ਨੂੰ ਘਟਾਉਣ ਲਈ ਵਿਸਵ ਤੰਬਾਕੂ ਰਹਿਤ ਦਿਵਸ ਮਨਾਇਆ ਜਾਂਦਾ ਹੈ। ਵਿਸਵ ਸਿਹਤ ਸੰਗਠਨ () ਦਾ ਅੰਦਾਜਾ ਹੈ ਕਿ ਤੰਬਾਕੂ ਦੀ ਵਰਤੋਂ ਹਰ ਸਾਲ ਵਿਸਵ ਪੱਧਰ 'ਤੇ 7 ਮਿਲੀਅਨ ਤੋਂ ਵੱਧ ਲੋਕਾਂ ਦੀ ਮੌਤ ਦਾ ਕਾਰਨ ਬਣਦੀ ਹੈ, ਅਤੇ ਜੇਕਰ ਤੰਬਾਕੂ ਦੀ ਵਰਤੋਂ ਮੌਜੂਦਾ ਦਰ 'ਤੇ ਜਾਰੀ ਰਹੀ ਤਾਂ 2030 ਤੱਕ ਇਹ ਗਿਣਤੀ ਵਧ ਕੇ 8 ਮਿਲੀਅਨ ਤੱਕ ਪਹੁੰਚਣ ਦੀ ਉਮੀਦ ਹੈ। ਵਿਸਵ ਤੰਬਾਕੂ ਰਹਿਤ ਦਿਵਸ 2023 ਦਾ ਥੀਮ ਹੈ "ਸਾਨੂੰ ਭੋਜਨ ਦੀ ਲੋੜ ਹੈ ਤੰਬਾਕੂ ਦੀ ਨਹੀਂ" ਹੈ। ਤੰਬਾਕੂ ਦੀ ਵਰਤੋਂ ਨਾ ਸਿਰਫ ਵਿਅਕਤੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ ਬਲਕਿ ਉਨ੍ਹਾਂ ਦੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਤੰਬਾਕੂਨੋਸ਼ੀ ਦੌਰਾਨ ਛੱਡੇ ਜਾਣ ਵਾਲੇ ਹਾਨੀਕਾਰਕ ਰਸਾਇਣ ਹਵਾ ਪ੍ਰਦੂਸਣ ਵਿੱਚ ਯੋਗਦਾਨ ਪਾਉਂਦੇ ਹਨ, ਜੋ ਵਾਤਾਵਰਣ ਅਤੇ ਲੋਕਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ, ਟਿਕਾਊ ਵਿਕਾਸ, ਖਤਰਨਾਕ ਰਸਾਇਣਾਂ ਦੇ ਸੰਪਰਕ ਨੂੰ ਘਟਾਉਣ ਅਤੇ ਸਮੁੱਚੀ ਜਨਤਕ ਸਿਹਤ ਨੂੰ ਬਿਹਤਰ ਬਣਾਉਣ ਲਈ ਤੰਬਾਕੂ-ਮੁਕਤ ਭਾਈਚਾਰਿਆਂ ਦਾ ਨਿਰਮਾਣ ਕਰਨਾ ਜਰੂਰੀ ਹੈ। ਵਿਸਵ ਤੰਬਾਕੂ ਰਹਿਤ ਦਿਵਸ 2023 ਦੀ ਥੀਮ ਸਕੂਲਾਂ, ਕੰਮ ਦੇ ਸਥਾਨਾਂ, ਜਨਤਕ ਖੇਤਰਾਂ ਅਤੇ ਘਰਾਂ ਸਮੇਤ ਤੰਬਾਕੂ-ਮੁਕਤ ਵਾਤਾਵਰਨ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਉਤਸਾਹਿਤ ਕਰਨ ਦੀ ਲੋੜ 'ਤੇ ਜੋਰ ਦਿੰਦੀ ਹੈ। ਇਸ ਦਿਨ ਦਾ ਉਦੇਸ ਨੀਤੀਆਂ ਅਤੇ ਰਣਨੀਤੀਆਂ ਨੂੰ ਉਤਸਾਹਿਤ ਕਰਨਾ ਹੈ ਜੋ ਤੰਬਾਕੂ-ਮੁਕਤ ਭਾਈਚਾਰਿਆਂ ਨੂੰ ਸਥਾਪਤ ਕਰਨ ਵਿੱਚ ਮਦਦ ਕਰਨਾ ਹੈ। ਸਿਗਰਟਨੋਸੀ ਛੱਡਣ ਨਾਲ, ਵਿਅਕਤੀ ਤੰਬਾਕੂ ਨਾਲ ਸਬੰਧਤ ਕਈ ਸਿਹਤ ਸਮੱਸਿਆਵਾਂ ਜਿਵੇਂ ਕਿ ਕੈਂਸਰ, ਦਿਲ ਦੀ ਬਿਮਾਰੀ, ਸਟ੍ਰੋਕ, ਅਤੇ ਸਾਹ ਦੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾ ਸਕਦੇ ਹਨ। ਸਿਗਰਟਨੋਸੀ ਨਾ ਸਿਰਫ ਲੋਕਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ ਸਗੋਂ ਵਾਤਾਵਰਣ ਨੂੰ ਵੀ ਪ੍ਰਭਾਵਿਤ ਕਰਦੀ ਹੈ। ਤੰਬਾਕੂ ਉਦਯੋਗ ਜੰਗਲਾਂ ਦੀ ਕਟਾਈ, ਪ੍ਰਦੂਸਣ ਅਤੇ ਬਹੁਤ ਜਾ?ਆਦਾ ਪਾਣੀ ਦੀ ਵਰਤੋਂ ਲਈ ਜਾ?ਮੇਵਾਰ ਹੈ। ਤੰਬਾਕੂ ਦਾ ਉਤਪਾਦਨ ਗ੍ਰੀਨਹਾਉਸ ਗੈਸਾਂ ਦੇ ਨਿਕਾਸ ਵੱਲ ਵੀ ਅਗਵਾਈ ਕਰਦਾ ਹੈ ਅਤੇ ਜਲਵਾਯੂ ਤਬਦੀਲੀ ਵਿੱਚ ਯੋਗਦਾਨ ਪਾਉਂਦਾ ਹੈ। ਇਸ ਲਈ ਤੰਬਾਕੂ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਜਨਤਕ ਸਿਹਤ ਅਤੇ ਵਾਤਾਵਰਣ ਦੋਵਾਂ ਦੀ ਰੱਖਿਆ ਲਈ ਬਹੁਤ ਜਰੂਰੀ ਹੈ। ਵਿਸਵ ਤੰਬਾਕੂ ਰਹਿਤ ਦਿਵਸ 'ਤੇ ਵਿਸਵ ਭਰ ਦੀਆਂ ਵੱਖ-ਵੱਖ ਸੰਸਥਾਵਾਂ ਦੇ ਮਾਹਿਰ ਸਿਹਤ ਮੁਹਿੰਮਾਂ ਅਤੇ ਪਹਿਲਕਦਮੀਆਂ ਰਾਹੀਂ ਤੰਬਾਕੂਨੋਸੀ ਬੰਦ ਕਰਨ ਦਾ ਪ੍ਰਚਾਰ ਕਰਦੇ ਹਨ। ਉਦਾਹਰਨ ਲਈ ਹੈਲਥਕੇਅਰ ਪੇਸਾਵਰ ਮਰੀਜਾਂ ਨੂੰ ਤੰਬਾਕੂ ਛੱਡਣ ਲਈ ਉਤਸਾਹਿਤ ਕਰਦੇ ਹਨ, ਅਤੇ ਵੱਖ-ਵੱਖ ਜਨਤਕ ਸਿਹਤ ਸੰਸਥਾਵਾਂ ਲੋਕਾਂ ਨੂੰ ਸਿਗਰਟ ਛੱਡਣ ਵਿੱਚ ਮਦਦ ਕਰਨ ਲਈ ਸਰੋਤ ਅਤੇ ਸਹਾਇਤਾ ਪ੍ਰਦਾਨ ਕਰਦੀਆਂ ਹਨ। ਦੁਨੀਆ ਭਰ ਦੀਆਂ ਸਰਕਾਰਾਂ ਤੰਬਾਕੂ ਦੀ ਖਪਤ ਨੂੰ ਘਟਾਉਣ ਲਈ ਨੀਤੀਆਂ ਵੀ ਲਾਗੂ ਕਰਦੀਆਂ ਹਨ, ਜਿਵੇਂ ਕਿ ਤੰਬਾਕੂ ਟੈਕਸ ਵਧਾਉਣਾ, ਤੰਬਾਕੂ ਉਤਪਾਦਾਂ 'ਤੇ ਚੇਤਾਵਨੀ ਲੇਬਲ ਲਗਾਉਣਾ ਅਤੇ ਜਨਤਕ ਖੇਤਰਾਂ ਵਿੱਚ ਸਿਗਰਟਨੋਸੀ 'ਤੇ ਪਾਬੰਦੀ ਲਗਾਉਣਾ। ਅੰਤ ਵਿੱਚ, ਵਿਸਵ ਤੰਬਾਕੂ ਰਹਿਤ ਦਿਵਸ ਸਾਨੂੰ ਜਨਤਕ ਸਿਹਤ ਅਤੇ ਵਾਤਾਵਰਣ ਉੱਤੇ ਤੰਬਾਕੂ ਦੇ ਵਿਨਾਸਕਾਰੀ ਪ੍ਰਭਾਵਾਂ ਦੀ ਯਾਦ ਦਿਵਾਉਂਦਾ ਹੈ। ਇਹ ਦਿਨ ਵਿਅਕਤੀਆਂ ਨੂੰ ਤੰਬਾਕੂ ਮੁਕਤ ਜੀਵਨ ਲਈ ਵਚਨਬੱਧ ਕਰਨ ਲਈ ਉਤਸਾਹਿਤ ਕਰਦਾ ਹੈ ਅਤੇ ਤੰਬਾਕੂ ਦੀ ਵਰਤੋਂ ਨੂੰ ਘਟਾਉਣ ਲਈ ਸਰਕਾਰੀ ਨੀਤੀਆਂ ਦਾ ਸਮਰਥਨ ਕਰਦਾ ਹੈ। ਤੰਬਾਕੂਨੋਸੀ ਛੱਡਣਾ ਇੱਕ ਸਿਹਤਮੰਦ ਅਤੇ ਖੁਸਹਾਲ ਜੀਵਨ ਵੱਲ ਪਹਿਲਾ ਕਦਮ ਹੈ ਅਤੇ ਵਿਅਕਤੀਆਂ ਨੂੰ ਤੰਬਾਕੂ ਨਾਲ ਸਬੰਧਤ ਬਿਮਾਰੀਆਂ ਨੂੰ ਰੋਕਣ ਅਤੇ ਜਾਨਾਂ ਬਚਾਉਣ ਲਈ ਲਾਜਮੀ ਕਦਮ ਚੁੱਕਣੇ ਚਾਹੀਦੇ ਹਨ।





ਚਾਨਣ ਦੀਪ ਸਿੰਘ ਔਲਖ

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

ਵਿਜ਼ਟਿਰ ਵੀਜ਼ੇ ਉੱਪਰ ਕਨੇਡਾ ਆਈ ਰਾਮਗੜੀਆ ਸਿੱਖ ਪਰਿਵਾਰ ਦੀ ਲੜਕੀ ਜਨਮ 1992, (ਬੋਲਣ ਅਤੇ ਸੁਣਨ ਵਿੱਚ ਥੋੜੀ ਸਮੱਸਿਆ ਹੈ) ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਦੋਵੇਂ ਭਰਾ ਕਨੇਡਾ ਵੈੱਲ ਸੈਟਲਡ ਹਨ। ਪਰਿਵਾਰ ਵੈਸ਼ਨੂੰ ਹੈ। ਬਿਨਾ ਬੱਚੇ ਤੋਂ ਤਲਾਕ ਸੁਦਾ ਵੀ ਫੋਨ ਕਰ ਸਕਦੇ ਹਨ।ਕੋਈ ਜਾਤੀ ਬੰਧਨ ਨਹੀਂ ਹੈ। ਪਰ ਲੜਕਾ ਵੈਸ਼ਨੂੰ ਹੋਵੇ। ਸੰਪਰਕ: 403 415 4824 ਜਾਂ 403 952 4949 "**228**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਮਾਂਗਟ ਪਰਿਵਾਰ ਦੇ ਲੜਕੇ ਉਮਰ 28 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ ਪਲੱਸ 2 ਲਈ ਸੋਹਣੀ ਸੁਨੱਖੀ ,ਪੜੀ ਲਿਖੀ,ਸਾਊ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 431 338 0570 ਜਾਂ 1 204 504 8723 ***226***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ, ਨਾਨ ਡਰਿੰਕਰ,ਕਨੇਡਾ ਬੌਰਨ ਲੜਕੇ ਉਮਰ 31 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਦੀ ਡਿਗਰੀ ਹੈ। ਇਸ ਵੇਲੇ ਸਾਫਟਵੇਅਰ ਕੰਪਨੀ ਵਿੱਚ ਬਿਜਨਿਸ ਅਨੈਲਸਿਸ ਦੀ ਜੌਬ ਕਰ ਰਿਹਾ ਹੈ। ਸੰਪਰਕ: 403 561 6016 ***226***

### ਲੜਕੀ ਦੀ ਲੋੜ

ਕਨੇਡੀਅਨ ਜੱਟ ਸਿੱਖ ਉਮਰ 40 ਸਾਲ ਪੜਾਈ 10+1ਗਰੇਡ, ਫਾਈਵ ਟਨ ਟਰੱਕ ਡਰਾਈਵਰ ,ਸਾਊ,ਨਸ਼ਾ ਰਹਿਤ, ਡਾਇਵੋਰਸ ਲੜਕੇ ਲਈ ਘੱਟ ਤੋਂ ਘੱਟ ਪੜ੍ਹੀ, ਘਰੇਲੂ ਅਤੇ ਸਿਆਣੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ 10 ਜਾਂ 12 ਤੋਂ ਵੱਧ ਪੜੀ ਨਹੀਂ ਚਾਹੀਦੀ। ਵਿਨੀਪੈਗ ਨੂੰ ਪਹਿਲ। ਸੰਪਰਕ 1 204 697 4736 ***226***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਵਾਲੀਆ ਪਰਿਵਾਰ ਦੀ ਕੈਲਗਰੀ ਵਿੱਚ ਵੈਲ ਸੈਟਲਡ ਸੋਹਣੀ ਸੁਨੱਖੀ ਪੜੀ ਲਿਖੀ ਲੜਕੀ, 1987,ਕੱਦ 5 ਫੁੱਟ 5 ਇੰਚ, ਲਈ ਹਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਇਸ ਵੇਲੇ ਬੈਂਕ ਨਾਲ ਫਾਈਨੈਂਸੀਅਲ ਪਲੈਨਰ ਦੀ ਜੌਬ ਕਰ ਰਹੀ ਹੈ। ਸੰਪਰਕ: 587 837 4330 , ਵਟਸ ਐਪ: 8527485888 ***226***

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਰਾਏ ਪਰਿਵਾਰ ਦੇ ਲੜਕੇ ,ਉਮਰ 31 ਸਾਲ, ਕੱਦ 5 ਫੁੱਟ 11 ਇੰਚ, ਹਾਰਡਵੇਅਰ ਐਂਡ ਨੈਟਵਰਕਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੋਈ ਜਾਤੀ ਬੰਧਨ ਨਹੀਂ ਹੈ। ਪਰਿਵਾਰ ਕੈਲਗਰੀ/ ਚੈਸਟਰਮੀਅਰ ਰਹਿੰਦਾ ਹੈ। ਸੰਪਰਕ: 1 204 583 7222 ***226***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, 1986,ਕੱਦ 5 ਫੁੱਟ 5 ਇੰਚ, ਐਮ ਏ ਬੀ ਐੱਡ ਪੜੀ ਲਿਖੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਸਹਿਰ ਦੇ ਰਿਸ਼ਤੇ ਨੂੰ ਪਹਿਲ ਹੋਵੇਗੀ। ਸੰਪਰਕ: 1 306 715 3191 ***222***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਸ਼ਰਮਾ ਪਰਿਵਾਰ ਦੀ ਲੜਕੀ,ਉਮਰ 30 ਸਾਲ,ਕੱਦ 5 ਫੁੱਟ 2 ਇੰਚ, Education: Engineering in Design & Drafting. Occupation: Government Official in Victoria, BC ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ ਹਿੰਦੂ ਬ੍ਰਾਹਮਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 979 7000 ਜਾਂ +91-77430-28110 / rahulkorpal@icloud.com ***226***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੀ ਆਰਥਿਕ ਤੌਰ ਤੇ ਵੈੱਲ ਸੈਟਲਡ, ਵੈਟਨਰੀ ਸਰਜਨ ਤਲਾਕਸੁਦਾ ਲੜਕੀ ,ਉਮਰ 33 ਸਾਲ,ਕੱਦ 5 ਫੁੱਟ 3 ਇੰਚ,ਲਈ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਹਿਲੇ ਵਿਆਹ ਤੋਂ 3 ਮਹੀਨੇ ਬਾਦ ਹੀ ਤਲਾਕ ਹੋ ਗਿਆ ਸੀ। ਲੜਕਾ ਕਨੇਡਾ ਤੋਂ ਹੀ ਹੋਣਾ ਚਾਹੀਦਾ ਹੈ। ਹੋਰ ਜਾਣਕਾਰੀ ਲਈ ਸੰਪਰਕ : 403 837 4194 ***226***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 29 years old daughter. She is a Engineering Graduate from Canadian University and working as a Professional Engineer (P.Eng) within a reputed company. Boy should be born or raised in Canada. Seeking Canadian University Educated Doctor, Engineer, Lawyer, Accountant. Only Jatt Sikh families contact. Contact: (403) 828 7973 or acheema8811@gmail.com. ***226***

### ਲੜਕੇ ਦੀ ਲੋੜ

ਪੰਜਾਬ ਯੂਨੀਵਰਿਸਟੀ ਤੋਂ ਗਰੈਜੂਏਟ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਸੈਣੀ ਸਿੱਖ ਪਰਿਵਾਰ ਦੀ ਨਿਰਪੱਖ ਅਤੇ ਸੁੰਦਰ ਅਨਮੈਰਿਡ ਮੋਹਾਲੀ ਸ਼ਹਿਰ ਦੀ ਜੰਮਪਲ ਲੜਕੀ,ਜਨਮ 1984,ਕੱਦ 5 ਫੁੱਟ 4 ਇੰਚ,ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 204 698 3247 ਜਾਂ ਈ ਮੇਲ : paramjitkaur0603@gmail.com ***221***

### ਲੜਕੀ ਦੀ ਲੋੜ

ਜਲੰਧਰ ਵਿਖੇ ਆਪਣਾ ਬਿਜਨਿਸ ਕਰਦੇ ਸੁਮਨ (ਐਸ ਸੀ) ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਲਵਲੀ ਯੂਨੀਵਰਿਸਟੀ ਤੋਂ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ ਹੈ। ਸੰਪਰਕ: 0091 9464336311, 587 889 5900 ਜਾਂ 587 437 0902 E mail: vijaykumarsuman25@yahoo.co.in ***225***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕਨੇਡਾ ਦੇ ਦੋ ਸੂਬਿਆਂ ਵਿੱਚ ਸਫਲ ਸਥਾਪਿਤ ਕਾਰੋਬਾਰ, ਵੈਲ ਸੈਟਲਡ ਪਰਿਵਾਰ ਦੇ ਕਨੇਡਾ ਵਿੱਚ 16 ਸਾਲ ਤੋਂ ਰਹਿ ਰਹੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 204 510 7658 ਜਾਂ 1 437 881 7282 ***221***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 5 ਫੁੱਟ 5 ਇੰਚ, ਲੀਗਲ ਅਸਿਸਟੈਂਟ ਦੀ ਜੌਬ ਕਰਦੀ ਲੜਕੀ ਲਈ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ।ਫੋਨ ਕਾਲ ਨਹੀਂ ਕਰਨੀ ਜੀ। ਟੈਕਸਟ ਮੈਸੇਜ ਜਾਂ ਵਟਸਐਪ ਮੈਸੇਜ ਹੀ ਕੀਤਾ ਜਾਵੇ। ਸੰਪਰਕ: 403 836 4560 ***224***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਬਰਾੜ ਪਰਿਵਾਰ ਦੇ ਨਸ਼ਾ ਰਹਿਤ ਤਲਾਕਸੁਦਾ, ਵੈੱਲ ਸੈਟਲਡ,ਲੜਕੇ ਉਮਰ 40 ਸਾਲ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 587 716 6319 ***224***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ ਪਰਿਵਾਰ ਦੀ ਤਲਾਕਸੁਦਾ ਲੜਕੀ ਉਮਰ 38 ਸਾਲ, ਕੱਦ 5 ਫੁੱਟ 2 ਇੰਚ,ਵਿਦਿਅਕ ਯੋਗਤਾ: ਬੀ ਐਸ ਸੀ,ਬੀ ਐੱਡ,ਐਮ ਐਸ ਸੀ ਮੈਥ,ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਅੱਪਰ ਕਾਸਟ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਲੜਕਾ ਵਿਨੀਪੈਗ ਜਾਂ ਟਰਾਂਟੋ (ਕਨੇਡਾ ਵਿੱਚ ਹੀ) ਰਹਿੰਦਾ ਹੋਵੇ। ਸੰਪਰਕ: 1 431 278 6060 ਜਾਂ 91 842 7800142 ***224***

### ਜੀਵਨ ਸਾਥੀ ਦੀ ਲੋੜ

ਕਨੇਡੀਅਨ ਪੀ ਆਰ ਲੜਕੀ, ਉਮਰ 45 ਸਾਲ, ਨੂੰ ਜੀਵਨ ਸਾਥੀ ਦੀ ਲੋੜ ਹੈ ਜੋ ਨਸ਼ਾ ਰਹਿਤ ਅਤੇ ਜੱਟ ਸਿੱਖ ਪਰਿਵਾਰ ਨਾਲ ਸਬੰਧਿਤ 48 ਤੋਂ 52 ਸਾਲ ਦੀ ਉਮਰ ਤੱਕ ਕਨੇਡੀਅਨ ਪੀ ਆਰ ਹੀ ਹੋਵੇ। ਲੜਕੀ ਦੇ ਦੋ ਬੱਚੇ ਹਨ, ਲੜਕੇ ਦੀ ਉਮਰ 17 ਸਾਲ ਹੈ, ਇੱਕ ਲੜਕੀ ਸਾਦੀਸ਼ੁਦਾ ਹੈ,ਲੜਕੇ ਅਤੇ ਪਰਿਵਾਰ ਦੇ ਦੇਖ ਰੇਖ ਕਰਨ ਵਾਲਾ ਜੀਵਨਸਾਥੀ ਚਾਹੀਦਾ ਹੈ। ਸੰਪਰਕ : 1 825 419 2236***220***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਢਿੱਲੋਂ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਲਈ, ਉਮਰ 29 ਸਾਲ, ਕੱਦ 6 ਫੁੱਟ,ਸਿਵਲ ਡਿਪਲੋਮਾਂ ਹੋਲਡਰ,ਜੌਬ ਇੰਸੋਰੈਂਸ ਐਡਵਾਈਜ਼ਰ ਲਈ ਸੋਹਣੀ ਸੁਨੱਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਬਠਿੰਡੇ ਸਹਿਰ ਤੋਂ ਸ਼ਹਿਰੀ ਅਤੇ ਪੇਂਡੂ ਜਮੀਨ ਜਾਇਦਾਦ ਦਾ ਮਾਲਕ ਹੈ। ਲੜਕਾ ਅਤੇ ਉਸਦਾ ਪਰਿਵਾਰ ਪਿਛਲੇ 15 ਸਾਲਾਂ ਤੋਂ ਕਨੇਡਾ ਵਿੱਚ ਰਹਿ ਰਿਹਾ ਹੈ। ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ: 1 204 880 2867 ***223***

### ਲੜਕੀ ਦੀ ਲੋੜ

ਲੁਬਾਣਾ ਸਿੱਖ ਪਰਿਵਾਰ ਦੇ ਅਮਰੀਕਨ ਗਰੀਨ ਕਾਰਡ ਹੋਲਡਰ ਲੜਕੇ ,ਕੱਦ 5 ਫੁੱਟ 9 ਇੰਚ,ਉਮਰ 33 ਸਾਲ,ਵਿਦਿਅਕ ਯੋਗਤਾ ਪਲੱਸ 2,ਆਪਣਾ ਟਰੱਕਿੰਗ ਦਾ ਬਿਜਨਿਸ ਕਰਦੇ ਲਈ ਕਨੇਡਾ ਜਾਂ ਯੂ ਐਸ ਏ ਤੋਂ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਨੇਡਾ ਰਹਿੰਦੀ ਲੜਕੀ ਭਾਵੇਂ ਸਟੂਡੈਂਟ ਵੀਜੇ ਵਾਲੀ ਹੀ ਹੋਵੇ ਲੜਕਾ ਇੱਥੇ ਆਕੇ ਵੀ ਵਿਆਹ ਕਰਵਾ ਸਕਦਾ ਹੈ। ਸੰਪਰਕ : ਯੂ ਐਸ ਏ 0018184515927 ਜਾਂ ਈ ਮੇਲ : karmbadesha82@gmail.com ***219***

### ਲੜਕੀ ਦੀ ਲੋੜ

Khatri divorcee, issulessboy,37 Year, 5 ft 7 inch, BA, own IELTS Academy, All Family Canada Settled, early simple marriage, Cast no bar. Call: 1 431 337 3224 ***223***

### ਲੜਕੀ ਦੀ ਲੋੜ

ਕੈਨੇਡਾ ਵਿਜਟਰ ਵੀਜੇ ਉੱਪਰ ਆਏ ਰਾਮਗੜੀਆ ਵਿਰਕ ਪਰਿਵਾਰ ਦੇ ਲੜਕੇ ਉਮਰ 42 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਬੀ ਏ, ਲਈ ਹਾਣ ਪ੍ਰਵਾਣ ਦੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਜਿਸਦੀ ਪੀ ਆਰ ਲਈ ਫਾਈਲ ਲੱਗੀ ਹੋਵੇ ਜਾਂ ਬਿਨਾ ਬੱਚੇ ਤੋਂ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਪਰਿਵਾਰ ਯੂ ਐਸ ਏ ਰਹਿੰਦਾ ਹੈ ਪਰ ਲੜਕਾ ਨਾਨਕਾ ਪਰਿਵਾਰ ਕੋਲ ਕਨੇਡਾ ਆਇਆ ਹੋਇਆ ਹੈ। ਜਮੀਨ ਖੇਤੀ ਅਤੇ ਘਰ ਪਟਿਆਲਾ ਦੋਵੇਂ ਜਗਾਹ ਹਨ। ਸੰਪਰਕ: 403 618 5464 ਜਾਂ 403 629 7162 ***223***

### ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਕਨੇਡਾ ਰਹਿ ਰਹੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 4 ਇੰਚ, ਲਈ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 639 382 0872 ***223***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਕਲੇਰ ਪਰਿਵਾਰ ਦੀ ਸੋਹਣੀ ਸੁਨੱਖੀ,ਉਮਰ 27 ਸਾਲ, ਕੱਦ 5 ਫੁੱਟ 7 ਇੰਚ, ਮੈਡੀਕਲ ਆਫਿਸ ਐਡਮਨਿਸਟ੍ਰੇਸ਼ਨ ਦੀ ਵਿਦਿਅਕ ਯੋਗਤਾ ਵਾਲੀ ਲੜਕੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੋਲ ਮਾਰਗੇਜ ਬਰੋਕਰੇਜ ਦਾ ਲਾਇਸੈਂਸ ਵੀ ਹੈ। ਸੰਪਰਕ: 1 780 903 5524***221***

### ਲੜਕੀ ਦੀ ਲੋੜ

ਵਿਜਿਟਰ ਵੀਜੇ ਉੱਪਰ ਕਨੇਡਾ ਰਹਿੰਦੇ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 30 ਸਾਲ, ਵਿਦਿਅਕ ਯੋਗਤਾ ਬੀ ਏ, ਆਈ ਟੀ ਆਈ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪਹਿਲੀ ਪਤਨੀ ਦੀ ਕਨੇਡਾ ਵਿੱਚ ਸੜਕ ਦੁਰਘਟਨਾ ਵਿੱਚ ਮੌਤ ਹੋ ਚੁੱਕੀ ਹੈ। ਇੱਕ 5 ਸਾਲ ਦੀ ਬੱਚੀ ਵੀ ਹੈ। ਸੰਪਰਕ: 1 647 244 4131 ***221***

### ਲੜਕੇ ਦੀ ਲੋੜ

Canadian citizen Jatt Sikh 29 year old, 5ft 6inches tall girl employed with Alberta's largest healthcare employer, working through her LPN to RN bridging program and also preparing for Canadian Medical school Entrance to pursue medicine; looking for at least 6ft tall, well educated, cultured groom who is either a Doctor, Engineer, Smart businessman or a Lawyer. Preference will be given to Edmonton and Calgary area. Substance abusers refrain from contacting. Contact: 1 780 707 1280 ***221***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਸਿੱਧੂ ਪਰਿਵਾਰ ਦੇ ਕੈਲਗਰੀ ਰਹਿੰਦੇ ਸੋਹਣੇ ਸੁਨੱਖੇ ਲੜਕੇ,ਉਮਰ 29 ਸਾਲ, ਕੱਦ 5 ਫੁੱਟ 8 ਇੰਚ, ਐਜੂਕੇਸ਼ਨ ਗਰੇਡ 12, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 404 6602 ***221***

### ਲੜਕੇ ਦੀ ਲੋੜ

DOB-1980 Education- M.A ( English literature), M. A ( sociology, Gold medalist, PU, Chandigarh), B. Ed., M.Ed., Phd ( Education), UGC NET ( Education), UGC NET ( Sociology) Experience- 15 years of teaching Experience .At Canada, since October 2021.Caste No Bar."Keen to settle abroad, preferably , Ontario, Canada. Phone: 0091 94171 78487 **220**

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਕਨੇਡਾ ਦੇ ਹੀ ਜੰਮਪਲ, ਉਮਰ 39 ਸਾਲ, ਕੱਦ 5 ਫੁੱਟ 9 ਇੰਚ, ,ਫਾਇਨਾਂਸ ਦੀ ਬਿਜਨਿਸ ਡਿਗਰੀ ਹੋਲਡਰ ਅਤੇ ਹੁਣ ਸੀ ਆਰ ਏ ਨਾਲ ਐਡੀਟਰ ਦੀ ਜੌਬ ਕਰਦੇ ਲੜਕੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਜੱਟ ਸਿੱਖ ਪਰਿਵਾਰ ਦੀ ਕਨੇਡੀਅਨ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਰੀਅਲ ਅਸਟੇਟ ਅਤੇ ਹੋਰ ਸਥਾਪਿਤ ਬਿਜਨਸਾਂ ਦਾ ਵੀ ਮਾਲਿਕ ਹੈ। ਸੰਪਰਕ: 403 681 0557 ***220***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਕਨੇਡਾ ਆਏ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 27 ਸਾਲ, ਕੱਦ 6 ਫੁੱਟ, ਪਲੱਸ ਟੂ ਲੜਕੇ ਲਈ ਕਨੇਡਾ ਤੋਂ ਹੀ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਕੋਲ ਲੁਧਿਆਣਾ ਜਿਲੇ ਵਿੱਚ 5 ਏਕੜ ਸਹਿਰੀ ਜਾਇਦਾਦ ਹੈ। ਲੜਕੇ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ, ਇਸ ਵੇਲੇ ਪਰਿਵਾਰ ਵਿੱਚ ਲੜਕਾ ਅਤੇ ਉਸਦੀ ਮਾਤਾ ਜੀ ਹੀ ਹਨ। ਸੰਪਰਕ :403 401 5308 ***220***

### ਲੜਕੀ ਦੀ ਲੋੜ

ਵਿਜਟਿਰ ਵੀਜ਼ੇ ਤੇ ਕੈਨੇਡਾ ਆਏ ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਵਿੱਦਿਅਕ ਯੋਗਤਾ ਐਮ ਏ ਲਈ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ ਹੋਰ ਜਾਣਕਾਰੀ ਲਈ ਸੰਪਰਕ ਨੰਬਰ : 403 923 7020 ***220***

## ਇੰਗਲੈਂਡ ਦੇ ਪ੍ਰਧਾਨ ਮੰਤਰੀ ਦੀ ਰਿਹਾਇਸ਼ ਨੂੰ ਇੱਕ ਕਾਰ ਨੇ ਟੱਕਰ ਮਾਰੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਅਮਰੀਕਾ ਵਿਚ ਇੱਕ ਭਾਰਤੀ ਮੂਲ ਦੇ ਨੌਜਵਾਨ ਵੱਲੋਂ ਵਾਈਟ ਹਾਊਸ ਦੇ ਬੈਰੀਅਰ ਨੂੰ ਟਰੱਕ ਨਾਲ ਟੱਕਰ ਮਾਰੀ ਸੀ ਅਤੇ ਹੁਣ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੀ ਸਰਕਾਰੀ ਰਿਹਾਇਸ਼ 'ਤੇ ਇੱਕ ਵਿਅਕਤੀ ਵੱਲੋਂ ਕਾਰ ਨਾਲ ਟੱਕਰ ਮਾਰੀ ਗਈ ਹੈ। ਕਾਰ ਟਕਰਾਉਣ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਵਰਨਣਯੋਗ ਹੈ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼ ਨੂੰ 10 ਡਾਊਨਿੰਗ ਸਟ੍ਰੀਟ ਕਰਕੇ ਜਾਣੀ ਜਾਂਦੀ ਹੈ। ਇੱਕ ਨਿਊਜ਼ ਏਜੰਸੀ ਮੁਤਾਬਕ ਸਕਾਟਲੈਂਡ ਯਾਰਡ ਦੀ ਟੀਮ ਨੇ ਤੁਰੰਤ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ। ਉਸ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਹਾਲਾਂਕਿ, ਕੁਝ ਰਿਪੋਰਟਾਂ ਅਨੁਸਾਰ ਇਹ ਸਿਰਫ ਇੱਕ ਹਾਦਸਾ ਸੀ।

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ।
ਕੈਲਗਰੀ-403 640 2000
ਐਡਮਿੰਟਨ-780 599 2000 ਸੈਸਕਾਟੂਨ 639 999 1000
ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000

**ਵਰਕਰਾਂ ਦੀ ਲੋੜ**

ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖਤ ਜਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।

**ਕਾਲ ਦਿਲਾਵਰ ਤੂਰ**
**403 680 0436**

**Hiring**

Hair and face art salon islooking for hairdresser (NOC CODE 6341) Applicants should have minimum of 1-2 years of experience.
Number of Vacancies :2
Wage rate: 20/hour fulltime job
Interested candidates please send your resume at email: hairandfaceart994@gmail.com

**ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ**

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ। ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ।
**ਸੰਪਰਕ : 587 854 3124**

**ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ**

A1 Roofing & Siding Ltd.
• ROOFING
• SIDING
• SOFFIT
• STUCCO
• HARDIE
• FASCIA
• EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615




ਅੰਗਦਾਨ ਕਰਨ ਲਈ ਹੁਣ ਤੁਸੀਂ ਇਸ ਕਿਊ ਆਰ ਕੋਡ ਨੂੰ ਆਪਣੇ ਫੋਨ ਵਿੱਚ ਸਕੈਨ ਕਰਕੇ ਸਾਰੀ ਜਾਣਕਾਰੀ ਲੈ ਸਕਦੇ ਹੋ ਅਤੇ ਅੰਗਦਾਨ ਫਾਰਮ ਵੀ ਆਨ ਲਾਈਨ ਹੀ ਭਰ ਸਕਦੇ ਹੋ

## ਜਦੋਂ ਲੋਕਾਂ ਦੇ ਚੁਣੇ ਹੋਏ ਲੋਕ ਆਪਸ ਵਿੱਚ ਹੀ ਭਿੜ ਪਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦੱਖਣੀ ਅਮਰੀਕੀ ਦੇਸ਼ ਬੋਲੀਵੀਆ ਦੀ ਸੰਸਦ 'ਚ ਮਹਿਲਾ ਸੰਸਦ ਮੈਂਬਰਾਂ ਵਿਚਾਲੇ ਕਾਫੀ ਧੱਕਾ-ਮੁੱਕੀ ਹੋਈ। ਉਨ੍ਹਾਂ ਨੇ ਇੱਕ ਦੂਜੇ ਦੇ ਵਾਲ ਖਿੱਚ ਲਏ। ਦਰਅਸਲ, ਵਿਰੋਧੀ ਸੰਸਦ ਮੈਂਬਰ ਬੈਨਰ ਲੈ ਕੇ ਹੰਗਾਮਾ ਕਰ ਰਹੇ ਸਨ। ਸੱਤਾਧਾਰੀ ਪਾਰਟੀ ਦੇ ਸੰਸਦ ਮੈਂਬਰ ਉਸ ਨਾਲ ਭਿੜ ਗਏ। ਇਸ ਦਾ ਵੀਡੀਓ ਵੀ ਸਾਹਮਣੇ ਆਇਆ ਹੈ। ਇੱਕ ਨਿਊਜ਼ ਏਜੰਸੀ ਦੀ ਰਿਪੋਰਟ ਦੇ ਅਨੁਸਾਰ, ਸੱਤਾਧਾਰੀ ਪਾਰਟੀ ਦੇ ਮੰਤਰੀ ਐਡੁਆਰਡੋ ਡੇਲ ਕੈਸਟੀਲੋ ਦਸੰਬਰ ਵਿੱਚ ਸਾਂਤਾ ਕਰੂਜ਼ ਖੇਤਰ ਦੇ ਗਵਰਨਰ ਦੀ ਗ੍ਰਿਫਤਾਰੀ ਬਾਰੇ ਇੱਕ ਰਿਪੋਰਟ ਪੇਸ਼ ਕਰ ਰਹੇ ਸਨ ਕਿ ਇਸੇ ਦੌਰਾਨ ਵਿਰੋਧੀ ਨੇਤਾਵਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਵਿਰੋਧੀ ਨੇਤਾਵਾਂ ਨੇ ਮੰਤਰੀ ਕੈਸਟੀਲੋ ਦੀਆਂ ਤਸਵੀਰਾਂ ਵਾਲੇ ਬੈਨਰ ਵੀ ਪ੍ਰਦਰਸ਼ਿਤ ਕੀਤੇ। ਉਨ੍ਹਾਂ 'ਤੇ ਲਿਖਿਆ ਹੋਇਆ ਸੀ- ਮਨਿਸਟਰ ਆਫ ਟੈਰਰ। ਇਸ ਦੌਰਾਨ ਸੱਤਾਧਾਰੀ ਪਾਰਟੀ ਦੇ ਸੰਸਦ ਮੈਂਬਰਾਂ ਨੇ ਬੈਨਰ ਪਾੜਨਾ ਸ਼ੁਰੂ ਕਰ ਦਿੱਤਾ। ਇਸ ਨੂੰ ਦੇਖਦੇ ਹੋਏ ਕਰੀਬ 20 ਸੰਸਦ ਮੈਂਬਰ ਆਪਸ 'ਚ ਭਿੜ ਗਏ। ਵੀਡੀਓ 'ਚ ਕੁੱਝ ਸੰਸਦ ਮੈਂਬਰ ਵੀ ਦਖਲ ਦਿੰਦੇ ਨਜ਼ਰ ਆ ਰਹੇ ਹਨ।


## ਕੈਨੇਡਾ 'ਚ ਨਵੀਂ ਪੀੜੀ ਖੇਤੀਬਾੜੀ ਤੋਂ ਬੇਮੁੱਖ ਹੋ ਰਹੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਵੀਂ ਪੀੜ੍ਹੀ ਖੇਤੀਬਾੜੀ ਤੋਂ ਬੇਮੁੱਖ ਹੁੰਦੀ ਜਾ ਰਹੀ ਹੈ ਤੇ ਇਹ ਮਸਲਾ ਸਿਰਫ ਪੰਜਾਬ ਜਾਂ ਭਾਰਤ ਦਾ ਨਹੀਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਦਾ ਵੀ ਹੈ ਕੈਨੇਡਾ ਵਰਗੇ ਦੇਸ਼ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਉਹ ਪਰਿਵਾਰ ਜੋ ਕਈ ਪੀੜ੍ਹੀਆਂ ਤੋਂ ਖੇਤੀਬਾੜੀ ਨਾਲ ਜੁੜੇ ਹੋਏ ਹਨ ਉਹਨਾਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਹੁਣ ਖੇਤੀਬਾੜੀ ਕਰਨ ਤੋਂ ਟਾਲ਼ਾ ਵੱਟ ਰਹੀਆਂ ਹਨ ਅਤੇ ਹੋਰ ਕੰਮਾਂ-ਕਾਰਾਂ ਵੱਲ ਧਿਆਨ ਕੇਂਦਰਤ ਕਰ ਰਹੀਆਂ ਹਨ ਜਿਸ ਕਾਰਨ ਕਿਸਾਨਾਂ ਦੀ ਮੌਜੂਦਾ ਪੀੜ੍ਹੀ ਕਾਫੀ ਚਿੰਤਤ ਨਜ਼ਰ ਆ ਰਹੀ ਹੈ।

ਤਰਕਸ਼ੀਲ (ਰੈਸ਼ਨਾਲਿਸਟ) ਸੁਸਾਇਟੀ ਕੈਨੇਡਾ, ਕੈਲਗਰੀ ਵੱਲੋਂ



**ਤਰਕਸ਼ੀਲ ਨਾਟਕ ਮੇਲਾ**



4 ਜੂਨ 2023 ਦਿਨ ਐਤਵਾਰ
ਫਾਲਕਿਨਰਿਜ ਕਮਿਊਨਿਟੀ ਸੈਂਟਰ ਸ਼ਾਮ 5:00 ਵਜੇ

ਸਾਡੇ ਸਮਾਜ ਅੰਦਰ ਬਹੁ-ਗਿਣਤੀ ਲੋਕ ਸਖਤ ਮਿਹਨਤ ਕਰਨ ਦੇ ਬਾਵਜੂਦ ਵੀ ਘਰ ਦਾ ਗੁਜਾਰਾ ਮੁਸ਼ਕਲ ਨਾਲ ਚਲਾ ਰਹੇ ਹਨ। ਇਹ ਕਨੇਡਾ ਵਿੱਚ ਅੱਜ ਦੀਆਂ ਹਾਲਤਾ ਵਿੱਚ ਹੋਰ ਵੀ ਔਖਾ ਹੋਇਆ ਪਿਆ। ਪਰ ਕੁੱਝ ਵਿਹਲੜ ਸਾਡੀ ਅਗਿਆਨਤਾ ਦਾ ਫਾਇਦਾ ਉਠਾਉਂਦੇ ਹੋਏ ਸਾਡੀ ਕਿਰਤ ਦੀ ਲੁੱਟ ਕਰਦੇ ਹਨ। ਚੰਗੀ ਜ਼ਿੰਦਗੀ ਜਿਉਣ ਲਈ ਮਨੁੱਖ ਹਮੇਸ਼ਾ ਕੋਸ਼ਿਸ ਕਰਦਾ ਰਿਹਾ ਹੈ ਅਤੇ ਪਰਵਾਸ ਦਾ ਰਾਹ ਵੀ ਅਪਨਾਉਂਦਾ ਹੈ। ਬਹੁਤ ਵਾਰੀ ਸਮਾਜ ਦਾ ਵੱਡਾ ਹਿੱਸਾ ਆਪਣੀਆਂ ਜ਼ਿੰਦਗੀ ਦੀਆਂ ਮੁਸ਼ਕਲਾਂ ਨੂੰ ਧੁਰੋਂ ਲਿਖੀ ਤਕਦੀਰ ਜਾਂ ਪਿਛਲੇ ਜਨਮ ਦੇ ਚੰਗੇ ਮਾੜੇ ਕਰਮਾਂ ਨੂੰ ਮੰਨ, ਅਜਿਹੀਆਂ ਹਾਲਤਾਂ ਪਿੱਛੇ ਕੰਮ ਕਰਦੇ ਕਾਰਨਾਂ ਨੂੰ ਲੱਭਣ ਦੀ ਕੋਸ਼ਿਸ਼ ਨਹੀਂ ਕਰਦਾ। ਇਸ ਤਰ੍ਹਾਂ ਦੀਆਂ ਸਮੱਸਿਆਵਾਂ ਤੇ ਉਹਨਾਂ ਦੇ ਹੱਲ ਨੂੰ ਬਿਆਨ ਕਰਦਾ ਨਾਟਕ ਪੇਸ਼ ਕੀਤਾ ਜਾਵੇਗਾ।

ਮੁੱਖ ਬੁਲਾਰਾ : ਮਾ. ਰਜਿੰਦਰ ਭਦੌੜ
ਨਾਟਕ : ਮੈਂ ਕਿਤੇ ਨਹੀਂ ਗਿਆ
ਮੁੱਖ ਅਦਾਕਾਰ : ਸੁਰਿੰਦਰ ਸ਼ਰਮਾ
ਲੇਖਕ : ਕੁਲਵਿੰਦਰ ਖਹਿਰਾ
ਸੰਗੀਤ ਨਿਰਦੇਸ਼ਕ : ਆਰ. ਸ਼ੀਨ
ਜਾਦੂ ਦੇ ਟਰਿੱਕ : ਬੀਰਬਲ ਭਦੌੜ
ਨਿਰਦੇਸ਼ਕ : ਰਜਿੰਦਰ ਸਿੰਘ
ਗੀਤਕਾਰ : ਅਮੋਲਕ ਸਿੰਘ
ਗੀਤ, ਸੰਗੀਤ ਤੇ ਕੋਰੀਓਗ੍ਰਾਫੀ ਪੇਸ਼ ਕੀਤੀ ਜਾਵੇਗੀ।

Tarksheel (Rationalist) Society CANADA
TARKSHEEL NATAK MELA
Sunday, June 4th, 2023
Time : 5:00 PM Sharp
Ticket $5
Falconridge Community Center NE Calgary

| ਦਰਸ਼ਨ ਔਜਲਾ | ਬੀਰਬਲ ਭਦੌੜ | ਅਰਸ਼ ਮਾਨ | ਨਵਤੇਜ ਧਾਲੀਵਾਲ | ਗੋਪਾਲ ਕਾਉਂਕੇ | ਕੁਲਦੀਪ ਗਿੱਲ | ਜਗਜੀਤ ਤੇਜਾ |
|---|---|---|---|---|---|---|
| 403 606 6445 | 204 894 4371 | 306 450 1786 | 587 716 5026 | 403 970 3588 | 403 830 7577 | 403 852 0091 |

## ਪੁਸਤਕ ਸਮੀਖਿਆ

# ਰੈਜ਼ ਰੂਲਜ਼

ਸਮੀਖਿਆਕਾਰ
ਜਗਦੇਵ ਸਿੱਧੂ
403 351 1136



ਓਕਾਨਾਗਨ (ਬੀ. ਸੀ.) ਵਾਦੀ ਵਿਚਲੇ ਓਸੋਯੂਸ ਇੰਡੀਅਨ ਬੈਂਡ ਦੇ ਚੀਫ਼ ਕਲਾਰੈਂਸ ਲੂਈ ਦੁਆਰਾ ਲਿਖਿਤ ਪੁਸਤਕ `ਰੈਜ਼ ਰੂਲਜ਼` ਦੇ 330 ਪੰਨੇ ਹਨ, ਭੂਮਿਕਾ ਤੋਂ ਇਲਾਵਾ ਇਸ ਦੇ 20 ਚੈਪਟਰ ਹਨ। ਕੀਮਤ 22 ਕੈ. ਡਾਲਰ ਹੈ। ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਪਾਲ ਮਾਰਟਿਨ ਨੇ ਮੁੱਖ ਬੰਦ ਵਿਚ ਲਿਖਿਆ ਹੈ ਕਿ ਚੀਫ਼ ਲੂਈ ਨੇ ਆਪਣੇ ਰੈਜ਼ ਦਾ ਜੋ ਵਿਕਾਸ ਕੀਤਾ ਹੈ ਉਹ ਸੱਚੀਓਂ `ਰੇਗਿਸਤਾਨ ਵਿਚ ਕ੍ਰਿਸ਼ਮਾ` ਹੈ, ਕਿ ਭਵਿੱਖ ਵਿਚ ਲਿਖੀਆਂ ਜਾਣ ਵਾਲੀਆਂ ਕਿਤਾਬਾਂ ਵਿਚ ਲੂਈ ਦੀ ਇਸ ਪੁਸਤਕ ਵਿੱਚੋਂ ਹਵਾਲੇ ਦਿੱਤੇ ਜਾਇਆ ਕਰਨਗੇ। ਭਾਵੇਂ ਚੀਫ਼ ਲੂਈ ਨੇ ਇਸ ਕਿਤਾਬ ਦਾ ਮੰਤਵ ਕੈਨੇਡਾ ਤੇ ਅਮਰੀਕਾ ਨੂੰ ਉਨ੍ਹਾਂ ਦੁਆਰਾ ਮੂਲਨਿਵਾਸੀ ਲੋਕਾਂ ਖਿਲਾਫ਼ ਪ੍ਰਣਾਲੀਗਤ (ਸਿਸਟੈਮਿਕ) ਨਸਲੀ ਵਿਤਕਰੇ ਲਈ ਕਟਹਿਰੇ ਵਿਚ ਖੜ੍ਹੇ ਕਰਨਾ ਦੱਸਿਆ ਹੈ ਪਰ ਉਸ ਨੇ ਨੇਟਿਵ ਲੋਕਾਂ ਦੇ ਇਤਿਹਾਸ ਸਮੇਤ ਹੁਣ ਦੇ ਮਸਲੇ, ਸਰੋਕਾਰ, ਪ੍ਰਬੰਧ, ਮੁੱਦੇ ਅਤੇ ਵਿਕਾਸ ਬਾਰੇ ਬਹੁ-ਪੱਖੀ ਸੰਦਰਭਾਂ ਨੂੰ ਬੜੀ ਕਾਬਲੀਅਤ ਨਾਲ ਉਜਾਗਰ ਕੀਤਾ ਹੈ। ਕੇਨੇਡਾ ਅਤੇ ਅਮਰੀਕਾ ਨੇ ਸੰਧੀਆਂ ਕਰ ਕੇ ਜਿਹੜੇ ਖਿੱਤੇ ਨੇਟਿਵ ਲੋਕਾਂ ਨੂੰ ਦਿੱਤੇ, ਉਨ੍ਹਾਂ ਨੂੰ ਕੈਨੇਡਾ ਵਿਚ ਰਿਜ਼ਰਵ ਤੇ ਅਮਰੀਕਾ ਵਿਚ ਰਿਜ਼ਰਵੇਸ਼ਨ ਕਹਿੰਦੇ ਹਨ ਪਰ ਲੂਈ ਨੇ ਇਨ੍ਹਾਂ ਲਈ ਆਮ ਵਰਤਿਆ ਜਾਣ ਵਾਲਾ ਸ਼ਬਦ `ਰੈਜ਼` ਚੁਣਿਆ ਹੈ। ਕਲਾਰੈਂਸ ਲੂਈ 1984 ਵਿਚ, 24 ਸਾਲ ਦੀ ਉਮਰ ਵਿਚ ਪਹਿਲੀ ਵਾਰ ਓਸੋਯੂਸ ਇੰਡੀਅਨ ਬੈਂਡ ਦਾ ਚੀਫ਼ ਚੁਣਿਆ ਗਿਆ ਸੀ ਤੇ ਹੁਣ ਤੱਕ ਲਗਾਤਾਰ ਚੀਫ਼ ਚੁਣਿਆ ਜਾਂਦਾ ਰਿਹਾ ਹੈ। ਉਸ ਨੂੰ ਸਕੂਲ ਦੇ ਸਮੇਂ ਤੋਂ ਹੀ ਕਿਤਾਬਾਂ ਪੜ੍ਹਨ ਦਾ ਸ਼ੌਕ ਹੈ। ਮੋਟਰਸਾਈਕਲ ਦੀ ਸਵਾਰੀ ਉਸ ਦਾ ਜਨੂੰਨ ਹੈ। ਉਸ ਦੇ ਲੋਕ ਪਹਿਲਾਂ ਭੁੱਖਮਰੀ ਅਤੇ ਗ਼ਰੀਬੀ ਦਾ ਸ਼ਿਕਾਰ ਰਹੇ ਹਨ ਪਰ ਹੁਣ ਇਹ ਕਬੀਲਾ ਉਸ ਦੀ ਰਹਿਨੁਮਾਈ ਸਦਕਾ ਸ਼ਾਨਦਾਰ ਆਰਥਿਕ ਉੱਨਤੀ ਪ੍ਰਾਪਤ ਕਰ ਚੁੱਕਿਆ ਹੈ। ਲੂਈ ਦਾ ਵਿਸ਼ਵਾਸ ਹੈ ਕਿ ਫ਼ਸਟ ਨੇਸ਼ਨ ਦੇ ਲੋਕਾਂ ਵਾਸਤੇ ਕਾਰੋਬਾਰੀ ਅਤੇ ਆਰਥਿਕ ਆਜ਼ਾਦੀ ਹੀ ਆਤਮ-ਨਿਰਭਰਤਾ, ਸੁਲਾਹ-ਸਫ਼ਾਈ ਅਤੇ ਇਨਸਾਫ਼ ਦੀ ਪ੍ਰਾਪਤੀ ਦੀ ਕੁੰਜੀ ਹੈ।

ਲੂਈ ਤਕਰੀਬਨ ਸਾਰੇ ਬਣਦੇ ਵਿਸ਼ਿਆਂ ਬਾਰੇ ਅਧਿਕਾਰਤ ਤੌਰ ਤੇ ਲਿਖਦਾ ਹੈ ਜਿਵੇਂ ਰੈਜ਼ ਅੰਦਰਲੀ ਜ਼ਿੰਦਗੀ, ਪ੍ਰਤੀ ਜੀਅ ਰਕਮ ਦਾ ਭੁਗਤਾਨ, ਚੁਣ ਕੇ ਆਏ ਚੀਫ਼ਾਂ ਦਾ ਰੋਲ, ਰਿਹਾਇਸ਼ੀ ਸਕੂਲਾਂ ਦਾ ਤਬਾਹਕੁਨ ਅਸਰ, ਸ਼ਾਸ਼ਨ ਤੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣ ਅਤੇ ਯੋਗ ਅਗਵਾਈ ਦੇਣ ਲਈ ਨੇਟਿਵ ਸਭਿਆਚਾਰ, ਤਿਉਹਾਰ ਅਤੇ ਰਹੁ-ਰੀਤਾਂ ਦਾ ਸਹਾਰਾ ਲੈਣ ਦੀ ਲੋੜ, ਪੇਸ਼ੇਵਰ ਖੇਡਾਂ ਦੀਆਂ ਟੀਮਾਂ ਦੁਆਰਾ ਨੇਟਿਵ ਨਾਮ ਅਤੇ ਲੋਗੋ ਦੇ ਬਿੱਲੇ ਲਾਉਣਾ, ਆਪਣੇ ਪੁਰਖਿਆਂ ਅਤੇ ਕਬੀਲਿਆਂ ਦੇ ਮਾਨ ਸਨਮਾਨ ਵਜੋਂ ਕਰਵਾਈਆਂ ਜਾਂਦੀਆਂ ਮੋਟਰਸਾਈਕਲ ਮੁਹਿੰਮਾਂ ਲਈ ਉਸ ਦਾ ਅਥਾਹ ਪਿਆਰ, ਸਭ ਤੋਂ ਵੱਧ ਇਹ ਕਿ ਇੱਕ ਚੰਗੇ ਆਗੂ (ਚੀਫ਼) ਵਿਚ ਕਿਹੜੇ ਗੁਣ ਹੋਣੇ ਚਾਹੀਦੇ ਹਨ। ਉਹ ਪ੍ਰਣਾਲੀਗਤ ਨਸਲਵਾਦ (ਸਿਸਟੈਮਿਕ ਰੇਸਿਜ਼ਮ) ਨੂੰ ਬੜੇ ਸਖਤ ਸ਼ਬਦਾਂ ਰਾਹੀਂ ਨਿਸ਼ਾਨਾ ਬਣਾਉਂਦਾ ਹੈ। ਇਸ ਦੇ ਖਿਲਾਫ਼ ਜੂਝਣ ਲਈ ਆਪਣੇ ਫ਼ਸਟ ਨੇਸ਼ਨ ਲੋਕਾਂ ਨੂੰ ਡਟ ਕੇ ਖੜੋਣ ਦਾ ਹੋਕਾ ਦਿੰਦਾ ਹੈ। ਉਨ੍ਹਾਂ ਨੂੰ ਖ਼ਬਰਦਾਰ ਕਰਦਾ ਹੈ ਕਿ ਕਦੇ ਵੀ ਆਪਣਾ ਪਿਛੋਕੜ ਤੇ ਵਿਰਸਾ ਨਾ ਭੁੱਲੋ। ਲੂਈ ਕੈਨੇਡਾ ਤੇ ਅਮਰੀਕਾ ਦੇ ਅਨੇਕਾਂ ਥਾਵਾਂ, ਰੈਜ਼ਾਂ ਅਤੇ ਹੋਰ ਸੰਸਥਾਵਾਂ ਤੇ ਜਾ ਕੇ ਲੀਡਰਸ਼ਿਪ ਬਾਰੇ, ਨੇਟਿਵ ਲੋਕਾਂ ਦੀ ਤਰੱਕੀ ਬਾਰੇ ਅਤੇ ਆਪਣੇ ਖੁੱਸੇ ਹੋਏ ਜ਼ਮੀਨੀ ਹੱਕ ਲੈਣ ਬਾਰੇ ਬੇ-ਬਾਕੀ ਨਾਲ ਭਾਸ਼ਣ ਦਿੰਦਾ ਹੈ। ਉਸ ਦਾ ਮੰਨਣਾ ਹੈ ਕਿ ਹੁਣ ਸਰਕਾਰ ਅੱਗੇ ਮੰਗਤੇ ਬਣ ਕੇ ਨਹੀਂ ਸਰਨਾ, ਸਰਕਾਰੀ ਮਾਇਕ ਬੁਰਕੀਆਂ ਦੀ ਲੋੜ ਨਹੀਂ, ਸਗੋਂ ਆਤਮ ਨਿਰਭਰ ਹੋਣਾ ਪਵੇਗਾ। ਸਰਕਾਰ ਦੀਆਂ ਭਲਾਈ ਸਕੀਮਾਂ ਦੀ ਆੜ ਹੇਠ ਆਪਣੀ ਅਣਖ ਤੇ ਗ਼ੈਰਤ ਗਵਾਚ ਜਾਂਦੀ ਹੈ। ਬਾਕੀ ਕੈਨੇਡੀਅਨਾਂ ਵਾਂਗ ਕਾਰੋਬਾਰ ਅਤੇ ਵਿਕਾਸ ਦੇ ਢੰਗ ਤਰੀਕੇ ਅਪਨਾਉਣੇ ਸਮੇਂ ਦੀ ਲੋੜ ਹੈ ਪਰ ਆਪਣੇ ਸਭਿਆਚਾਰ, ਆਪਣੀ ਜ਼ਬਾਨ, ਆਪਣੀਆਂ ਰਹੁ-ਰੀਤਾਂ, ਰਸਮੋ-ਰਿਵਾਜ, ਆਪਣੇ ਤਿੱਥ-ਤਿਉਹਾਰ, ਨਾਚ ਗਾਣੇ ਆਦਿ ਨੂੰ ਸੰਭਾਲ ਕੇ ਬਰਕਰਾਰ ਰੱਖਣਾ ਹੈ। ਚੀਫ਼ ਭਾਵੇਂ ਖ਼ਾਨਦਾਨੀ ਹੋਵੇ, ਰਵਾਇਤੀ ਹੋਵੇ ਜਾਂ ਵੋਟਾਂ ਰਾਹੀਂ ਚੁਣਿਆ ਹੋਵੇ, ਉਸ ਨੂੰ ਵੇਲਾ ਵਿਹਾ ਚੁੱਕੇ ਤਰੀਕਿਆਂ ਨੂੰ ਤਿਆਗ ਕੇ ਆਧੁਨਿਕ ਪ੍ਰਚਲਤ ਪ੍ਰਣਾਲ਼ੀ ਤਹਿਤ ਆਪਣੀ ਵਿਰਾਸਤ ਕਾਇਮ ਰਖਦਿਆਂ ਆਪਣੀ ਕੌਮ (ਨੇਸ਼ਨ) ਨੂੰ ਪੂਰੀ ਜ਼ਿੰਮੇਵਾਰੀ, ਤਨਦੇਹੀ, ਵਚਨਵੱਧਤਾ ਅਤੇ ਇਮਾਨਦਾਰੀ ਨਾਲ ਸੁਯੋਗ ਅਗਵਾਈ ਦੇਣੀ ਚਾਹੀਦੀ ਹੈ। ਆਪਣੇ ਰੈਜ਼ ਦਾ, ਲੋਕਾਂ ਦਾ, ਆਪਣੀ ਭੂਮੀ ਦਾ ਚੌਤਰਫਾ ਬਹੁਮੁਖੀ ਵਿਕਾਸ ਕਰਨਾ ਪਵੇਗਾ। ਆਪਣੇ ਜ਼ਮੀਨੀ ਹੱਕਾਂ ਲਈ ਇੱਕਮੁੱਠ ਹੋ ਕੇ ਸ਼ਾਂਤਮਈ ਸੰਘਰਸ਼ ਕਰਨਾ ਪਵੇਗਾ। ਸਰਕਾਰ ਵੱਲੋਂ ਮੁਆਫ਼ੀਆਂ ਮੰਗਣ ਜਾਂ ਸੁਲਾਹ-ਸਫ਼ਾਈ (ਰੀਕਾਨਸੀਲੀਏਸ਼ਨ) ਦੀਆਂ ਥੋਥੀਆਂ ਗੱਲਾਂ ਅਤੇ ਲੰਮੇ ਚੌੜੇ ਭਾਸ਼ਣਾਂ ਦੀ ਬਜਾਏ ਠੋਸ ਕਦਮ ਚੁੱਕਣ ਦੀ ਲੋੜ ਹੈ। ਅਸਲੀ ਸੁਲਾਹ ਸੰਧੀਆਂ ਦੀ ਪਾਲਣਾ ਕਰ ਕੇ, ਹਥਿਆਈਆਂ ਜ਼ਮੀਨਾਂ ਵਾਪਸ ਕਰ ਕੇ ਹੀ ਹੋ ਸਕਦੀ ਹੈ। ਟਰੁੱਥ ਐਂਡ ਰੀਕਾਨਸੀਲੀਏਸ਼ਨ ਕਮਿਸ਼ਨ ਸਮੇਤ ਮਿਸਿੰਗ ਐਂਡ ਮਰਡਰਡ ਵੁਮੈੱਨ ਐਂਡ ਗਰਲਜ਼ ਕਮਿਸ਼ਨ ਦੀਆਂ ਸਾਰੀਆਂ ਸਿਫ਼ਾਰਸ਼ਾਂ ਨੂੰ ਇੰਨ ਬਿੰਨ ਲਾਗੂ ਕੀਤਾ ਜਾਵੇ।

ਕਿਤਾਬ ਦੇ ਸ਼ੁਰੂ ਵਿਚ ਲੂਈ ਨੇਜ਼ ਪਰਸ ਦੇ ਚੀਫ਼ ਜੋਜ਼ਫ਼ ਦਾ ਹਵਾਲਾ ਦਿੰਦਾ ਹੈ ਜਿਸ ਦੇ ਪਿਤਾ ਨੇ ਅੰਤਮ ਸਾਹ ਲੈਣ ਤੋਂ ਪਹਿਲਾਂ ਕਿਹਾ ਸੀ, ` ਹਮੇਸ਼ਾ ਯਾਦ ਰੱਖਣਾ ਕਿ ਤੇਰੇ ਪਿਤਾ ਨੇ ਕਦੇ ਵੀ ਆਪਣਾ ਮੁਲਕ ਨਹੀਂ ਵੇਚਿਆ ... ਚਿੱਟੇ ਲੋਕ ਸਾਰੇ ਪਾਸੇ ਹੋਣਗੇ। ਉਨ੍ਹਾਂ ਦੀ ਅੱਖ ਇਸ ਭੂਮੀ ਤੇ ਹੈ।... ਇਸ ਵਿਚ ਤੇਰੇ ਪਿਤਾ ਦੀ ਦੇਹ ਸਮਾਈ ਹੋਈ ਹੈ। ਆਪਣੇ ਪਿਤਾ ਅਤੇ ਮਾਤਾ ਦੀਆਂ ਹੱਡੀਆਂ ਕਦੇ ਵੀ ਨਾ ਵੇਚੀਂ।` ਲੂਈ ਮੁਤਾਬਕ ਕੈਨੇਡਾ ਅੰਦਰ ਤਿੰਨ ਹਜ਼ਾਰ ਤੋਂ ਵੱਧ ਫੈਡਰਲ ਇੰਡੀਅਨ ਰਿਜ਼ਰਵ ਹਨ ਜਿੰਨ੍ਹਾਂ ਵਿੱਚੋਂ ਸਭ ਤੋਂ ਵੱਡਾ ਦੱਖਣੀ ਅਲਬਰਟਾ ਵਿਖੇ ਬਲੱਡ ਨਾਂ ਦੇ ਕਬੀਲੇ ਦਾ ਹੈ ਜੋ ਸਾਢੇ ਤਿੰਨ ਲੱਖ ਏਕੜ ਵਿਚ ਫੈਲਿਆ ਹੋਇਆ ਹੈ। ਅਮਰੀਕਾ ਅੰਦਰ 326 ਫੈਡਰਲ ਇੰਡੀਅਨ ਰਿਜ਼ਰਵੇਸ਼ਨਾਂ ਹਨ ਤੇ ਸਭ ਤੋਂ ਵੱਡਾ ਨਵਾਜੋ ਨੇਸ਼ਨ ਇੱਕ ਕਰੋੜ ਸੱਠ ਲੱਖ ਏਕੜ ਦਾ ਹੈ, ਜਿਸ ਦੇ ਤਿੰਨ ਲੱਖ ਮੈਂਬਰ ਹਨ।

ਲੂਈ ਦਸਦਾ ਹੈ ਕਿ ਕਿਵੇਂ ਨੇਟਿਵ ਲੋਕਾਂ ਨੇ ਮਹਿਕਮਾ ਇੰਡੀਅਨ ਅਫੇਅਰਜ਼ ਨੂੰ ਰਿਜ਼ਰਵ ਵਾਸਤੇ ਸਕੀਮਾਂ ਅਤੇ ਫੰਡ ਬੈਂਡ ਦਫਤਰਾਂ (ਕਬੀਲਿਆਂ ਦੇ ਆਪਣੇ ਕੰਟਰੋਲ ਹੇਠ) ਦੇ ਹਵਾਲੇ ਕਰਨ ਲਈ ਮਜਬੂਰ ਕੀਤਾ। ਪੈਂਟਿਕਟਨ ਇੰਡੀਅਨ ਬੈਂਡ ਦੇ ਚੀਫ਼, ਐਡਮ ਇਨੀਅਸ ਦੀ ਅਗਵਾਈ ਹੇਠ ਓਕਾਨਾਗਨ ਕਬੀਲਿਆਂ ਨੇ ਵਰਨਾਨ ਵਿਖੇ ਇੰਡੀਅਨ ਅਫੇਅਰਜ਼ ਦੇ ਦਫ਼ਤਰਾਂ ਨੂੰ ਹਫਤਾ ਭਰ ਆਪਣੇ ਕਬਜ਼ੇ ਵਿਚ ਕਰੀ ਰੱਖਿਆ ਸੀ। ਉਹ ਲਿਖਦਾ ਹੈ ਕਿ ਸਾਡੇ ਕਬੀਲੀਆਈ ਦਫ਼ਤਰਾਂ ਨੂੰ ਕਾਰਪੋਰੇਟ ਜਾਂ ਸਰਕਾਰੀ ਤੰਤਰ ਦੇ ਨਕਲਚੀ ਨਹੀਂ ਬਣਨਾ ਚਾਹੀਦਾ। ਭੂਰੀ ਅਫਸਰਸ਼ਾਹੀ ਚਿੱਟੀ ਅਫਸਰਸ਼ਾਹੀ ਤੋਂ ਕਿਸੇ ਤਰ੍ਹਾਂ ਵੀ ਬੇਹਤਰ ਨਹੀਂ ਜੇ ਉਸੇ ਦਮ-ਘੋਟੂ ਮਾਡਲ ਤੇ ਚਲਦੀ ਰਹੇ।(ਸ਼ਹੀਦੇ ਆਜ਼ਮ ਭਗਤ ਸਿੰਘ ਨੇ ਵੀ ਅਜਿਹਾ ਕਿਹਾ ਸੀ)। ਲੂਈ ਨੇ ਕਥਨ ਨੂੰ ਅਸਰਦਾਰ, ਦਿਲਚਸਪ ਤੇ ਜ਼ੋਰਦਾਰ ਬਨਾਉਣ ਲਈ ਕਹਾਵਤਾਂ, ਮੁਹਾਵਰੇ, ਕਿਤਾਬਾਂ ਚੋਂ ਟੋਟਕੇ ਅਤੇ ਹਵਾਲਿਆਂ ਦੀ ਵਰਤੋਂ ਕੀਤੀ ਹੈ। ਉਹ ਦੁਨੀਆਂ ਦੇ ਮਹਾਨ ਲੇਖਕਾਂ, ਦਾਨਿਸ਼ਵਰਾਂ, ਸਿਆਸਤਦਾਨਾਂ, ਬਹਾਦਰ ਆਗੂਆਂ, ਨੇਟਿਵ ਯੋਧਿਆਂ ਦੀਆਂ ਮਿਸਾਲਾਂ ਦਿੰਦਾ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਉਸ ਦਾ ਅਧਿਅਨ ਖੇਤਰ ਕਿੰਨਾ ਵਿਸ਼ਾਲ ਅਤੇ ਵਸੀਹ ਹੈ। ਇੱਕ ਥਾਂ ਮਾਰਟਿਨ ਲੂਥਰ ਕਿੰਗ ਜੂਨੀਅਰ ਦੀ ਟਿੱਪਣੀ ਹੈ, `ਕਾਇਰਤਾ ਪੁੱਛਦੀ ਹੈ ਕੀ ਇਉਂ ਕਰਨਾ ਸੁਰੱਖਿਅਤ ਹੈ, ਮੁਨਾਫ਼ਾ ਪੁੱਛਦਾ ਹੈ ਕੀ ਇਹ ਲਾਹੇਵੰਦ ਹੈ, ਘੁਮੰਡ ਪੁੱਛਦਾ ਹੈ ਕੀ ਇਉਂ ਕਰਨ ਨਾਲ ਹਰਮਨਪਿਆਰਾ ਹੋਣਾ ਹੈ, ਪਰ ਅੰਤਰਆਤਮਾ ਪੁੱਛਦੀ ਹੈ ਕੀ ਇਹ ਸਹੀ ਹੈ? ਇੱਕ ਸਮਾਂ ਆਉਂਦਾ ਹੈ ਜਦੋਂ ਸੁਰੱਖਿਆ, ਲਾਹੇਵੰਦੀ ਜਾਂ ਹਰਮਨਪਿਆਰਤਾ ਨੂੰ ਦਰਕਿਨਾਰ ਕਰ ਕੇ ਓਹੀ ਕਰਨਾ ਚਾਹੀਦਾ ਹੈ ਜੋ ਅੰਤਰਆਤਮਾ ਦੀ ਆਵਾਜ਼ ਮੁਤਾਬਕ ਸਹੀ ਹੋਵੇ।`

ਇਤਿਹਾਸ ਗਵਾਹ ਹੈ ਕਿ ਕੈਨੇਡਾ ਅਤੇ ਅਮਰੀਕਾ ਮੁਲਕਾਂ ਦੇ ਸੰਸਥਾਪਕਾਂ ਨੇ ਨੇਟਿਵ ਲੋਕਾਂ ਨੂੰ ਝੂਠ ਬੋਲਿਆ, ਮੱਕਾਰੀ ਨਾਲ ਨਸਲਵਾਦੀ ਕਾਨੂੰਨ ਘੜੇ ਅਤੇ ਉਨ੍ਹਾਂ ਨਾਲ ਸਿਰੇ ਦਾ ਦੁਰਵਿਹਾਰ ਕੀਤਾ। ਜਾਰਜ ਵਾਸ਼ਿੰਗਟਨ ਦੇ ਸ਼ਬਦ ਸਨ, `ਮੈਂ ਇੰਡੀਅਨਾਂ (ਨੇਟਿਵਾਂ) ਤੋਂ ਦੋ ਹੀ ਚੀਜ਼ਾਂ ਚਾਹੁੰਦਾ ਹਾਂ - ਪਹਿਲੀ ਅਮਨ ਸ਼ਾਂਤੀ ਅਤੇ ਦੂਜੀ ਉਨ੍ਹਾਂ ਦੀ ਭੂਮੀ।`ਸੰਵਿਧਾਨ ਵਿਚ ਬਰਾਬਰੀ ਦਾ ਗੱਜ ਵੱਜ ਕੇ ਢੰਡੋਰਾ ਪਿੱਟਣ ਵਾਲ਼ਿਆਂ ਕੋਲ ਸੈਂਕੜੇ ਗ਼ੁਲਾਮ ਸਨ। ਏਧਰ ਜਾਹਨ ਏ. ਮੈਕਡਾਨਲਡ ਨੇ ਰਿਹਾਇਸ਼ੀ ਸਕੂਲਾਂ ਦੁਆਰਾ ਨੇਟਿਵਾਂ ਦੀ ਨਸਲਕੁਸ਼ੀ ਕਰਨ ਵਿਚ ਕਸਰ ਨਹੀਂ ਛੱਡੀ। ਫੇਰ ਅਮਨ ਕਿਵੇਂ ਰਹਿ ਸਕਦਾ ਹੈ। ਰੀਵ. ਜੈਸੀ ਜੈਕਸਨ ਦੀ ਟਿੱਪਣੀ ਹੈ - ਜਦੋਂ ਤੱਕ ਇਨਸਾਫ਼ ਨਹੀਂ ਹੋਵੇਗਾ, ਕੋਈ ਅਮਨ ਜਾਂ ਖ਼ਾਮੋਸ਼ੀ ਨਹੀਂ ਹੋਵੇਗੀ। ਨੈਸ਼ਨਲ ਚੀਫ਼ ਫਿਲ ਫੌਂਟੇਨ ਦੀਆਂ ਕੋਸ਼ਿਸ਼ਾਂ ਸਦਕਾ ਟੀ. ਆਰ. ਸੀ. ਕਮਿਸ਼ਨ ਦੀਆਂ ਸਿਫਾਰਿਸ਼ਾਂ ਮੁਤਾਬਕ ਮਈ 2006 ਵਿਚ ਇਨ੍ਹਾਂ ਸਕੂਲਾਂ ਦੇ ਪੀੜਿਤ ਜਿਵਿਤਾਂ ਨੂੰ ਦੋ ਬਿਲੀਅਨ ਡਾਲਰ ਦਾ ਇਵਜ਼ਾਨਾ ਮਨਜ਼ੂਰ ਹੋਇਆ। ਲੂਈ ਨੇ ਉਸ ਸਮੇਂ ਦੇ ਨੇਟਿਵ ਚੀਫ਼ਾਂ ਅਤੇ ਮਾਪਿਆਂ ਉੱਤੇ ਵੀ ਇਤਰਾਜ਼ ਜਤਾਇਆ ਹੈ ਜਿੰਨ੍ਹਾਂ ਨੇ ਬੱਚਿਆਂ ਨਾਲ ਅਜਿਹਾ ਵਤੀਰਾ ਹੋਣ ਦਿੱਤਾ ਅਤੇ ਜ਼ਬਰਦਸਤ ਵਿਰੋਧ ਨਹੀਂ ਕੀਤਾ। ਅਜਿਹੇ ਇੱਕ ਪੀੜਿਤ, ਟੈਡ ਨੇ ਅੱਖੀਂ ਵੇਖਿਆ ਹਾਲ ਬਿਆਨ ਕੀਤਾ ਹੈ ਜਿਸ ਨੂੰ ਜਾਣ ਕੇ ਲੂੰਅ ਕੰਡੇ ਖੜ੍ਹੇ ਹੋ ਜਾਂਦੇ ਹਨ ਤੇ ਦਿਮਾਗ ਸੁੰਨ ਹੋ ਜਾਂਦਾ ਹੈ। ਇਨ੍ਹਾਂ ਸਕੂਲਾਂ ਤੋਂ ਪਰਤੇ ਪੀੜਿਤਾਂ ਨੇ ਘਰਾਂ ਅੰਦਰ ਵੀ ਓਹੀ ਹਿੰਸਾ, ਬਦਤਮੀਜ਼ੀ, ਧੱਕੇਸ਼ਾਹੀ ਅਤੇ ਬਲਾਤਕਾਰ ਦਾ ਰਵੱਈਆ ਅਪਣਾਈ ਰੱਖਿਆ ਜਿਸ ਨਾਲ ਘਰਾਂ ਦੇ ਕਲੇਸ਼ ਹੋਰ ਵਧੇ। ਲੂਈ ਆਪਣੇ ਗੁੱਸੇ ਦਾ ਇਜ਼ਹਾਰ ਕਰਦਾ ਕਹਿੰਦਾ ਹੈ ਕਿ ਜਦੋਂ ਵੀ ਮੈਂ ਕੈਨੇਡਾ ਜਾਂ ਅਮਰੀਕਾ ਦਾ ਰਾਸ਼ਟਰੀ ਗਾਨ ਸੁਣਦਾ ਹਾਂ ਤਾਂ ਗੋਡੇ ਭਾਰ ਹੋ ਕੇ ਮੁੱਕਾ ਵੱਟ ਕੇ ਉਲਾਰਦਾ ਹਾਂ।

ਲੂਈ ਇੱਕ ਯਾਦਗਾਰੀ ਘਟਨਾ ਦਾ ਜ਼ਿਕਰ ਕਰਦਾ ਹੈ ਜਿਸ ਨੂੰ ਉਹ ਕਦੇ ਨਹੀਂ ਭੁੱਲੇਗਾ। 5 ਜੂਨ, 2021 ਨੂੰ ਈਸਟ ਇੰਡੀਅਨ (ਸਿੱਖਾਂ) ਦੁਆਰਾ ਕਾਮਲੂਪਸ ਵਿਖੇ ਰਿਹਾਇਸ਼ੀ ਸਕੂਲ ਦੇ ਬੱਚਿਆਂ ਦੀਆਂ ਕਬਰਾਂ ਮਿਲਣ ਮਗਰੋਂ ਹਾਅ ਦਾ ਨਾਹਰਾ ਮਾਰਨ ਲਈ ਮੋਟਰਸਾਈਕਲ ਜਲੂਸ ਕੱਢਿਆ ਗਿਆ, ਜਿਸ ਵਿਚ ਲੂਈ ਆਪਣੇ ਲੋਕਾਂ ਸਮੇਤ ਸ਼ਾਮਲ ਹੋਇਆ। ਜਲੂਸ ਦੇ ਸ਼ੁਰੂ ਵਿਚ ਸਿੱਖਾਂ ਨੇ ਅਰਦਾਸ ਕੀਤੀ, ਸੈਂਕੜੇ ਨੇਟਿਵ ਲੋਕ ਢੋਲ ਵਜਾਉਂਦੇ, ਆਪਣੀ ਬੋਲੀ ਬੋਲਦੇ ਹੋਏ ਜੁਝਾਰੂ ਗੀਤ ਗਾ ਰਹੇ ਸਨ। ਉਹ ਬਦਨਾਮ ਸਕੂਲ ਦੀ ਤਿਮੰਜ਼ਲੀ ਇਮਾਰਤ ਦੇ ਝਰੋਖੇ ਬਾਰੀਆਂ ਵੱਲ ਵੇਖ ਰਹੇ ਸਨ ਜਿੱਥੋਂ ਕਦੇ ਸੈਂਕੜੇ ਬੇ-ਵੱਸ ਤਾੜੇ ਹੋਏ ਬੱਚੇ ਲਾਚਾਰਗੀ ਦੀ ਹਾਲਤ ਵਿਚ ਖਾਲੀ, ਖੌਫ਼ ਭਰੀਆਂ ਅੱਖਾਂ ਨਾਲ ਬਾਹਰ ਤਕਦੇ ਰਹੇ ਸਨ। ਲੂਈ ਇਹ ਨਜ਼ਾਰਾ ਵੇਖ ਕੇ ਕਹਿੰਦਾ ਹੈ ਕਿ ਉਨ੍ਹਾਂ ਦਰਿੰਦੇ ਵਹਿਸ਼ੀ ਪਾਦਰੀਆਂ ਤੇ ਚਰਚ-ਦਾਸੀਆਂ (ਨੱਨ) ਦੇ ਘਿਨਾਉਣੇ ਮਨਸੂਬੇ ਪੂਰੇ ਨਹੀਂ ਹੋਏ, ਅਸੀਂ ਤਾਂ ਅੱਜ ਵੀ ਆਪਣੀ ਬੋਲੀ ਬੋਲ ਰਹੇ ਹਾਂ, ਆਪਣੇ ਗੀਤ ਗਾ ਰਹੇ ਹਾਂ, ਢੋਲ ਵਜਾ ਰਹੇ ਹਾਂ।




ਅਸੀਂ ਅੱਜ ਉਸ ਲਾਲ ਇੱਟਾਂ ਦੀ ਇਮਾਰਤ ਸਾਹਮਣੇ ਬਤੌਰ ਫ਼ਸਟ ਨੇਸ਼ਨ ਸਾਬਤ ਸਬੂਤ ਖੜ੍ਹੇ ਹਾਂ, ਜਿਹੜੀ ਸਰਕਾਰ ਅਤੇ ਚਰਚ ਨੇ ਸਾਨੂੰ ਖ਼ਤਮ ਕਰਨ ਲਈ ਬਣਾਈ ਸੀ। ਇਨ੍ਹਾਂ ਕਬਰਾਂ ਵਿਚ ਪਏ 215 ਬੱਚਿਆਂ ਨੇ ਸਾਨੂੰ ਜਗਾ ਕੇ ਏਥੇ ਲੈ ਆਂਦਾ ਹੈ। ਸਾਡੇ ਵਿੱਚੋਂ ਇੰਡੀਅਨ ਨੂੰ ਮਾਰਨ ਦੀ ਮਨਸ਼ਾ ਰੱਖਣ ਵਾਲ਼ਿਓ, ਸਾਡੇ ਅੰਦਰਲਾ ਇੰਡੀਅਨ ਅੱਜ ਵੀ ਸਿਰ ਉੱਚਾ ਕਰ ਕੇ ਪੂਰੇ ਸ੍ਵੈਮਾਣ ਨਾਲ ਸਿੱਧਾ ਖੜ੍ਹਾ ਹੈ।

ਸ਼ਾਅਨੀ ਚੀਫ਼ ਟੈਕੁਮਸੇਹ ਦੇ ਸ਼ਬਦ ਦੁਹਰਾਏ ਹਨ, `ਜਦੋਂ ਜੀਸਸ ਕਰਾਈਸਟ ਧਰਤੀ ਤੇ ਆਇਆ, ਤੁਸੀਂ ਉਸ ਨੂੰ ਕਤਲ ਕੀਤਾ, ਆਪਣੇ ਰੱਬ ਨੂੰ ਕਿੱਲਾਂ ਨਾਲ ਵਿੰਨ੍ਹਿਆਂ।... ਅਤੇ ਸਿਰਫ਼ ਓਦੋਂ, ਜਦੋਂ ਤੁਹਾਨੂੰ ਸਮਝ ਆਈ ਕਿ ਤੁਸੀਂ ਉਸ ਨੂੰ ਮਾਰ ਦਿੱਤਾ ਹੈ, ਤੁਸੀਂ ਉਸ ਨੂੰ ਪੂਜਣ ਲੱਗੇ, ਅਤੇ ਉਨ੍ਹਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਜਿਹੜੇ ਉਸ ਨੂੰ ਨਹੀਂ ਮੰਨਦੇ ਜਾਂ ਪੂਜਦੇ। ਤੁਸੀਂ ਕਿਸ ਕਿਸਮ ਦੇ ਲੋਕ ਹੋ ਜਿੰਨ੍ਹਾਂ ਤੇ ਅਸੀਂ ਭਰੋਸਾ ਕਰੀਏ`। ਪੋਪ ਅਲੈਗਜ਼ੈਂਡਰ ਛੇਵੇਂ ਦੇ 1493 ਵਿਚ ਜਾਰੀ ਕੀਤੇ ਖੋਜ ਸਿਧਾਂਤ (ਡੌਕਟਰੀਨ ਆਫ ਡਿਸਕਵਰੀ) ਦਾ ਵੀ ਜ਼ਿਕਰ ਹੈ ਜਿਸ ਅਨੁਸਾਰ ਖੋਜੀਆਂ ਨੂੰ ਨਵੀਆਂ ਧਰਤੀਆਂ ਦੱਬਣ ਅਤੇ ਮੂਲਨਿਵਾਸੀਆਂ ਨੂੰ ਜਾਹਲ ਸਮਝ ਕੇ ਖ਼ਤਮ ਕਰਨ ਬਾਰੇ ਆਦੇਸ਼ ਸੀ। ਹੁਣ 2012 ਵਿਚ ਯੂ. ਐਨ. ਓ. ਦੇ ਫੋਰਮ ਨੇ ਇਸ ਐਲਾਨਨਾਮੇ ਨੂੰ ਸ਼ਰਮਿੰਦਗੀ ਭਰਿਆ ਕਰਾਰ ਦਿੱਤਾ ਤੇ ਕਿਹਾ ਕਿ ਇਹੋ ਨੇਟਿਵ ਲੋਕਾਂ ਦੀ ਦੁਰਗਤੀ ਅਤੇ ਸਾਰੀਆਂ ਵਧੀਕੀਆਂ ਦੀ ਜੜ੍ਹ ਹੈ। ਕੈਨੇਡਾ ਦੀ ਪਹਿਲੀ ਸ਼ਤਾਬਦੀ ਦੇ ਜਸ਼ਨਾਂ ਮੌਕੇ ਚੀਫ਼ ਡੌਨ ਜਾਰਜ ਦਾ ਧੜੱਲੇਦਾਰ ਭਾਸ਼ਣ ਵੀ ਸ਼ਾਮਲ ਕੀਤਾ ਹੈ ਜੋ ਕੰਨ ਖੋਲ੍ਹਣ ਵਾਲਾ ਹੈ। ਕੁੱਝ ਅੰਸ਼ ਹਨ,`.... ਓ ਕੈਨੇਡਾ, ਮੈਂ ਤੇਰੇ ਨਾਲ ਇਹ ਜਸ਼ਨ ਕਿਵੇਂ ਮਨਾਵਾਂ? ਕੀ ਮੈਂ ਤੇਰਾ ਧੰਨਵਾਦ ਕਰਾਂ ਕਿ ਮੈਥੋਂ ਜੰਗਲ-ਜ਼ਮੀਨਾਂ ਖੋਹ ਲਈਆਂ, ਮੇਰੇ ਦਰਿਆਵਾਂ ਦੀਆਂ ਮੱਛੀਆਂ ਡੱਬਿਆਂ ਵਿਚ ਬੰਦ ਹੋ ਗਈਆਂ, ਆਪਣੇ ਲੋਕਾਂ ਉਪਰੋਂ ਮੇਰਾ ਅਧਿਕਾਰ ਤੇ ਮਾਣ ਖੋਹ ਲਿਆ ਹੈ ਮੇਰੇ ਲੜ ਸਕਣ ਦੀ ਕਮਜ਼ੋਰੀ ਸਦਕਾ`?

ਪ੍ਰਧਾਨ ਮੰਤਰੀ ਪਾਲ ਮਾਰਟਿਨ ਵੇਲ਼ੇ ਹੋਏ ਕੈਲੋਨਾ ਸਮਝੌਤੇ ਦਾ ਵੀ ਜ਼ਿਕਰ ਹੈ ਜਿਸ ਨੂੰ ਹਾਰਪਰ ਸਰਕਾਰ ਨੇ ਰੱਦ ਕਰ ਦਿੱਤਾ। ਨੇਟਿਵਾਂ ਨਾਲ ਧੱਕਾ ਤੇ ਵਿਤਕਰਾ 1492 ਤੋਂ ਹੀ ਸ਼ੁਰੂ ਹੋ ਗਿਆ ਸੀ। 1619 ਵਿਚ ਅਮਰੀਕਾ ਅੰਦਰ ਅਫ਼ਰੀਕਨ ਲੋਕਾਂ ਨੂੰ ਗ਼ੁਲਾਮ ਬਣਾ ਕੇ ਲਿਆਂਦਾ ਜਾਣ ਲੱਗਿਆ। 1973 ਵਿਚ ਕਾਲਡਰ ਕੇਸ (ਨਿਸਗਾ) ਵਿਚ ਸੁਪਰੀਮ ਕੋਰਟ ਨੇ ਨੇਟਿਵਾਂ ਦੇ ਹੱਕ ਵਿਚ ਫੈਸਲਾ ਸੁਣਾਇਆ ਕਿ ਇਨ੍ਹਾਂ ਦੇ ਹੱਕ ਪਿਤਾ-ਪੁਰਖੀ ਹਨ ਜੋ ਯੂਰਪੀਨ ਲੋਕਾਂ ਦੇ ਆਉਣ ਤੋਂ ਕਿਤੇ ਪਹਿਲਾਂ ਦੇ ਹਨ। ਇਸ ਦੇ ਫਲ ਸਰੂਪ ਪ੍ਰਧਾਨ ਮੰਤਰੀ ਪੀਅਰ ਟਰੂਡੋ ਨੇ ਕੈਨੇਡਾ ਦੇ ਸੰਵਿਧਾਨ ਵਿਚ ਧਾਰਾ 35 ਸ਼ਾਮਲ ਕਰ ਕੇ ਇਹ ਹੱਕ ਪੱਕੇ ਕਰ ਦਿੱਤੇ। ਸੰਨ 1871 ਤੋਂ 1921 ਤੱਕ ਗਿਆਰਾਂ ਸੰਧੀਆਂ ਹੋਈਆਂ। ਸੰਨ 1864 ਵਿਚ ਸੈਂਡ ਕਰੀਕ ਦੇ ਕਤਲੇਆਮ ਬਾਰੇ, 1890 ਵਿਚ ਵਾਪਰੀ ਵੂੰਡਿਡ ਨੀ ਦੀ ਕਤਲੋਗ਼ਾਰਤ ਬਾਰੇ ਅਤੇ ਹੋਰ ਪ੍ਰਮੁੱਖ ਘਟਨਾਵਾਂ ਦੇ ਵੇਰਵੇ ਵੀ ਹਨ।

ਚੀਫ਼ ਲੂਈ ਨੇ 18 ਓਸੋਯੂਸ ਇੰਡੀਅਨ ਬੈਂਡ ਕੌਂਸਲਾਂ ਦੀ ਅਤੇ 700 ਕੌਂਸਲ ਮੀਟਿੰਗਾਂ ਦੀ (2022 ਤੱਕ) ਪ੍ਰਧਾਨਗੀ ਕੀਤੀ ਹੈ। ਇੱਕ ਹੋਰ ਘਟਨਾ ਉਲੇਖਯੋਗ ਹੈ। ਲੂਈ ਦਾ ਪਿਤਾ ਓਕਾਨਾਗਨ ਦਰਿਆ ਵਿਚ ਹੋਰ ਨੇਟਿਵਾਂ ਸਮੇਤ ਮੱਛੀਆਂ ਫੜ ਰਿਹਾ ਸੀ, ਜਦੋਂ ਸਰਕਾਰੀ ਵਾਰਡਨ ਨੇ ਉਸ ਤੋਂ ਲਸੰਸ ਮੰਗਿਆ। ਉਸ ਨੇ ਬਾਂਹ ਚੜ੍ਹਾਈ ਅਤੇ ਦੂਜੇ ਹੱਥ ਨਾਲ ਆਪਣੀ ਨੰਗੀ ਬਾਂਹ ਦੀ ਭੂਰੀ ਚਮੜੀ ਵੱਲ ਇਸ਼ਾਰਾ ਕਰ ਕੇ ਬੋਲਿਆ ਕਿ ਇਹ ਹੈ ਮੇਰਾ ਲਸੰਸ। ਜਦੋਂ ਵਾਰਡਨ ਲਸੰਸ ਬਾਰੇ ਜ਼ਿਦ ਕਰਦਾ ਰਿਹਾ ਤਾਂ ਉਨ੍ਹਾਂ ਨੇ ਉਸ ਨੂੰ ਫੜ ਕੇ ਦਰਿਆ ਵਿਚ ਸਿੱਟ ਦਿੱਤਾ। ਵਾਰਡਨ ਸਿਪਾਹੀ ਲੈ ਕੇ ਆ ਗਿਆ। ਓਦੋਂ ਤੱਕ ਚੀਫ਼ ਵੀ ਆ ਗਿਆ ਸੀ, ਜਿਸ ਨੇ ਕਿਹਾ ਕਿ ਓਕਾਨਾਗਨ ਇੰਡੀਅਨਾਂ ਕੋਲ ਤਾਂ ਮੱਛੀਆਂ ਫੜਨ ਦੇ ਜਮਾਂਦਰੂ ਹੱਕ ਹਨ ਤੇ ਉਹ ਲਸੰਸ ਨਹੀਂ ਲੈਣਗੇ। ਵਾਰਡਨ ਤੇ ਸਿਪਾਹੀ ਖੋਟੇ ਸਿੱਕੇ ਵਾਂਗ ਮੁੜ ਗਏ। ਕਲਾਰੈਂਸ ਲੂਈ ਦਾ ਮੰਨਣਾ ਹੈ ਕਿ ਜੇ ਨੇਟਿਵ ਲੋਕਾਂ ਨੇ ਯੂਰਪੀਨ ਖੋਜਕਾਰਾਂ ਨੂੰ ਆਪਣਾ ਭੋਜਨ ਵੰਡ ਕੇ ਨਾ ਦਿੱਤਾ ਹੁੰਦਾ ਤਾਂ ਉਹ ਭੁੱਖੇ ਮਰ ਜਾਣੇ ਸਨ। ਵੰਡ ਖਾਣ ਨੂੰ ਉਹ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਵਾਂਗ ਆਪਣੀ ਪਰੰਪਰਾ ਦਸਦਾ ਹੈ। ਲੂਈ ਦੀ ਅਗਵਾਈ ਵਿਚ ਸੁਚੱਜੀ ਵਿਉਂਤਬੰਦੀ ਸਦਕਾ 540 ਮੈਂਬਰਾਂ ਲਈ ਉਸ ਦੇ ਰੈਜ਼ ਅੰਦਰ ਇੱਕ ਹਜ਼ਾਰ ਤੋਂ ਵੱਧ ਰੁਜ਼ਗਾਰ ਪੈਦਾ ਹੋ ਗਏ ਹਨ। ਉਨ੍ਹਾਂ ਦਾ ਆਪਣਾ ਗੌਲਫ ਕੋਰਸ ਹੈ, ਸੀਮੈਂਟ ਕੰਪਨੀ, ਕਲਚਰ ਸੈਂਟਰ, ਆਰ. ਵੀ. ਪਾਰਕ ਤੇ ਕੈਂਪ ਗ੍ਰਾਊਂਡ, ਦੋ ਗੈਸ ਸਟੇਸ਼ਨ, ਵਾਈਨਰੀ, ਅੰਗੂਰਾਂ ਦੇ ਬਾਗ, ਸੀਵਰੇਜ ਅਤੇ ਪਾਣੀ ਸਹੂਲਤਾਂ, ਜੰਗਲਾਤੀ ਧੰਦੇ, ਹਜ਼ਾਰਾਂ ਏਕੜ ਠੇਕੇ ਦੀ ਜ਼ਮੀਨ ਤੇ ਅੰਗੂਰਾਂ ਦੀ ਬਾਗਬਾਨੀ, ਇੱਕ ਹੋਟਲ, ਸਕੂਲ, ਵਪਾਰਕ ਅਤੇ ਰਿਹਾਇਸ਼ੀ ਸੰਪਤੀਆਂ ਤੋਂ ਇਲਾਵਾ ਕੈਨੇਡਾ ਦੇ ਸਭ ਤੋਂ ਵੱਡੇ ਵਾਈਨ ਉਤਪਾਦਕ` ਆਰਟੈਰਾ ਵਾਈਨਜ਼` ਨਾਲ ਭਾਈਵਾਲੀ ਹੈ. ਕੈਨੇਡਾ ਦੇ ਮਸ਼ਹੂਰ ਰੇਸ ਕਾਰ ਡਰਾਈਵਰ, ਜੈਕ ਵਿਲੇਨੂਵ ਨੇ ਇਸੇ ਰੈਜ਼ ਵਿਚ ਰੇਸ ਟਰੈਕ ਬਣਾਇਆ ਹੈ। ਲੂਈ ਨੂੰ ਉਸ ਦੇ ਉਪਰਾਲਿਆਂ ਅਤੇ ਪ੍ਰਾਪਤੀਆਂ ਸਦਕਾ ਕਈ ਵੱਡੇ ਸਨਮਾਨ ਮਿਲੇ ਹਨ ਜਿਵੇਂ ਬੀ. ਸੀ. ਆਰਡਰ ਦਾ ਮੈਂਬਰ, ਆਰਡਰ ਆਫ ਕੈਨੇਡਾ। ਸੰਨ 2019 ਵਿਚ ਪਹਿਲਾ ਫਸਟ ਨੇਸ਼ਨ ਵਿਅੱਕਤੀ ਜੋ ਕੈਨੇਡੀਅਨ ਬਿਜ਼ਨਸ ਹਾਲ ਆਫ ਫੇਮ ਵਿਚ ਸ਼ਾਮਲ ਕੀਤਾ ਗਿਆ, 2021 ਵਿਚ ਬੀ. ਸੀ. ਯੂਨੀਵਰਸਿਟੀ ਵੱਲੋਂ ਆਨਰੇਰੀ ਡਾਕਟਰੇਟ ਅਤੇ 2022 ਵਿਚ ਕੁਈਨਜ਼ ਯੂਨੀਵਰਸਿਟੀ ਵੱਲੋਂ ਵੀ ਆਨਰੇਰੀ ਡਾਕਟਰੇਟ ਦੀ ਡਿਗਰੀ ਦਿੱਤੀ ਗਈ। ਕਲਾਰੈਂਸ ਲੂਈ ਸੱਚਮੁੱਚ ਇੱਕ ਕਾਬਲ ਚੀਫ਼, ਲਾਸਾਨੀ ਇੰਡੀਅਨ, ਵਧੀਆ ਇਨਸਾਨ, ਐਲਡਰ, (ਸਿਆਣਾ ਵਡੇਰਾ) ਹੋਣ ਦੇ ਨਾਲ ਇਹ ਪੁਸਤਕ ਦੇ ਕੇ ਗੌਲਣਯੋਗ ਲੇਖਕ ਵੀ ਬਣ ਗਿਆ ਹੈ। ਬਹੁਤ ਪੜ੍ਹੀ ਜਾਣ ਵਾਲੀ ਕਿਤਾਬ `ਦ ਵੈਲਥੀ ਬਾਰਬਰ` ਦਾ ਲੇਖਕ ਚਿਲਟਨ ਲਿਖਦਾ ਹੈ ਕਿ ਅਜੇ ਉਸ ਨੇ ਰੈਜ਼ ਰੂਲਜ਼ ਦੇ ਕੁਛ ਪੰਨੇ ਹੀ ਪੜ੍ਹੇ ਸਨ ਕਿ ਦੋਸਤਾਂ ਸੰਬੰਧੀਆਂ ਖਾਤਰ 50 ਕਿਤਾਬਾਂ ਦਾ ਆਰਡਰ ਦੇ ਦਿੱਤਾ। ਸੀ.ਬੀ. ਸੀ. ਦੇ ਚੀਫ਼ ਨਿਊਜ਼ ਰਿਪੋਰਟਰ ਰਹੇ ਪੀਟਰ ਮੈਨਜਬ੍ਰਿਜ ਨੇ ਲਿਖਿਆ ਹੈ ਕਿ` ਚੀਫ਼ ਲੂਈ ਹੁਣ ਕੈਨੇਡੀਅਨ ਸਰਕਾਰ ਅਤੇ ਲੋਕਾਂ ਦੁਆਰਾ ਨੇਟਿਵਾਂ ਨਾਲ ਸੁਲਾਹ (ਰੀਕਾਨਸੀਲੀਏਸ਼ਨ) ਦਾ ਕ੍ਰਿਸ਼ਮਾ ਕਰਨ ਵੱਲ ਅਗਰਸਰ ਹੈ। ` ਲੂਈ ਨੂੰ ਮੂਲਨਿਵਾਸੀ ਹੋਣ ਤੇ ਮਾਣ ਹੈ ਤੇ ਕਹਿੰਦਾ ਹੈ ਕਿ ਮੈਂ ਖ਼ੁਸ਼ਕਿਸਮਤ ਹਾਂ ਕਿ ਮੈਂ ਇੰਡੀਅਨ ਹਾਂ। ਹੂ ਕਾ (ਆਓ ਕੁਛ ਕਰੀਏ)।

ਰੈਜ਼ ਰੂਲਜ਼ ਇੱਕ ਅਦੁਤੀ ਆਗੂ ਦੇ ਆਕਰਸ਼ਕ ਸ਼ਾਨਦਾਰ ਜੀਵਨ ਅਤੇ ਪਰੰਪਰਾ ਦਾ ਯਾਦਗਾਰੀ ਦਸਤਾਵੇਜ਼ ਹੈ। ਨੇਟਿਵਾਂ ਦੇ ਇਤਿਹਾਸ, ਵਰਤਮਾਨ ਅਤੇ ਭਵਿੱਖੀ ਸੰਭਾਵਨਾਵਾਂ ਬਾਰੇ ਜਾਨਣ ਲਈ ਹਰੇਕ ਨੂੰ ਇਹ ਕਿਤਾਬ ਪੜ੍ਹਨ ਅਤੇ ਹਵਾਲਾ ਪੁਸਤਕ ਵਜੋਂ ਰੱਖਣ ਦੀ ਸਿਫ਼ਾਰਿਸ਼ ਹੈ।

# ਕਿਹੋ ਜਿਹਾ ਹੋਵੇ ਜੀਵਨ

ਜ਼ਿੰਦਗੀ ਖੂਬਸੂਰਤ ਹੈ। ਜ਼ਿ?ਦਗੀ ਵਿੱਚ ਹਰ ਪਲ ਦਾ ਆਨੰਦ ਮਾਣੋ ਹਰ ਇਨਸਾਨ ਵਿੱਚ ਚੰਗੇ ਗੁੱਣ ਵੀ ਹੁੰਦੇ ਹਨ, ਤੇ ਮਾੜੇ ਗੁੱਣ ਵੀ ਹੁੰਦੇ ਹਨ। ਮਨੁੱਖ ਗਲਤੀਆਂ ਦਾ ਪੁਤਲਾ ਹੈ ਹਰ ਇਨਸਾਨ ਵਿੱਚ ਕੋਈ ਨਾ ਕੋਈ ਕਾਬਲੀਅਤ ਹੁੰਦੀ ਹੈ। ਆਪਣੀ ਕਾਬਲੀਅਤ ਨੂੰ ਦੂਜਿਆਂ ਸਾਹਮਣੇ ਜਰੂਰ ਰੱਖਣਾ ਚਾਹੀਦਾ ਹੈ। ਹਰ ਇਨਸਾਨ ਦਾ ਆਪਣੇ ਆਪ ਨੂੰ ਪੇਸ ਕਰਨ ਦਾ ਵੱਖ-ਵੱਖ ਨਜਰੀਆ ਹੁੰਦਾ ਹੈ। ਕੋਈ ਇਨਸਾਨ ਮੈਡੀਕਲ ਖੇਤਰ ਵਿਚ ਜਾਂਦਾ ਹੈ, ਕੋਈ ਇੰਜੀਨੀਅਰ, ਕੋਈ ਖਿਡਾਰੀ ,ਕੋਈ ਕਾਨੂੰਨ ,ਕੋਈ ਏਅਰ ਫੋਰਸ,ਆਰਮੀ ਕੋਈ ਵਿਦੇਸ। ਕਹਿਣ ਦਾ ਮਤਲਬ ਇਹ ਕਿ ਜਿਹੜੇ ਖੇਤਰ ਵਿੱਚ ਇਨਸਾਨ ਦੀ ਦਿਲਚਸਪੀ ਹੁੰਦੀ ਹੈ, ਉਸ ਖੇਤਰ ਵਿਚ ਜਾਂਦਾ ਹੈ । ਕਿਸੇ ਦਾ ਡਰਾਇੰਗ, ਪੇਂਟਿੰਗ ਕਰਨ ਦਾ ਸੌਕ ਹੁੰਦਾ ਹੈ। ਆਪਣੇ ਹੁਨਰ ਨੂੰ ਦੂਜਿਆਂ ਸਾਹਮਣੇ ਜਰੂਰ ਉਜਾਗਰ ਕਰਨਾ ਚਾਹੀਦਾ ਹੈ।

ਕਹਿਣ ਦਾ ਮਤਲਬ ਇਹ ਹੈ ਕਿ ਜਿਸ ਵਿਅਕਤੀ ਦੇ ਅੰਦਰ ਕਿਸੇ ਵੀ ਤਰ੍ਹਾਂ ਦਾ ਹੁਨਰ ਹੈ, ਉਸ ਮੁਤਾਬਕ ਉਸ ਨੂੰ ਮਿਹਨਤ,ਯਤਨ ਜਰੂਰ ਕਰਨੇ ਚਾਹੀਦੇ ਹਨ। ਆਪਣੇ ਅੰਦਰ ਜਰੂਰ ਝਾਤੀ ਮਾਰ ਲੈਣੀ ਚਾਹੀਦੀ ਹੈ। ਸਵੈ ਪੜਚੋਲ ਕਰਨਾ ਚਾਹੀਦਾ ਹੈ। ਜਿੰਨਾ ਵੀ ਸਾਡੇ ਕੋਲ ਹੈ ,ਉਸ ਵਿੱਚ ਸਬਰ ਸੰਤੋਖ ਕਰਨਾ ਚਾਹੀਦਾ ਹੈ। ਆਪਣੀ ਥੱਲੇ ਵੀ ਝਾਤੀ ਮਾਰ ਕੇ ਦੇਖੋ ,ਜਿਨ੍ਹਾਂ ਕੋਲ ਰਹਿਣ ਲਈ ਘਰ ਤੱਕ ਵੀ ਨਹੀਂ ਹਨ। ਹਰ ਛੋਟੀ ਛੋਟੀ ਗੱਲ ਤੇ ਗਿਲਾ ਸ਼ਿ?ਕਵਾ ਨਹੀਂ ਕਰਨਾ ਚਾਹੀਦਾ। ਪਰਮਾਤਮਾ ਦਾ ਹਮੇਸਾਂ ਸੁਕਰਗੁਜਾਰ ਕਰੋ। ਅਕਸਰ ਅਸੀ ਦੇਖਦੇ ਹਾਂ ਕਿ ਵੱਡੇ ਸਹਿਰਾਂ ਵਿੱਚ ਕਈ ਗਰੀਬ ਪਰਿਵਾਰ ਵੱਡੇ-ਵੱਡੇ ਪਾਈਪਾਂ ਵਿੱਚ ਰਹਿੰਦੇ ਹਨ। ਜਾਂ ਜੋ ਝੂੰਗੀ , ਝੋਪੜੀਆਂ ਵਾਲੇ ਹੁੰਦੇ ਹਨ ਉਹ ਹਰ ਰੋਜ ਕਮਾਉਂਦੇ ਹਨ। ਫਿਰ ਵੀ ਉਹਨਾਂ ਦੇ ਚਿਹਰੇ ਤੇ ਖੁਸੀ ਹੁੰਦੀ ਹੈ ਉਹ ਵਰਤਮਾਨ ਬਾਰੇ ਸੋਚਦੇ ਹਨ। ਭਵਿੱਖ ਦੀ ਬਿਲਕੁਲ ਵੀ ਫ਼ਿ?ਕਰ ਨਹੀਂ ਕਰਦੇ। ਅੱਜ ਦੇ ਜਮਾਨੇ ਵਿਚ ਪੈਸੇ ਦੀ ਹੋੜ੍ਹ ਜ਼ਿ?ਆਦਾ ਹੈ। ਭਰਾ-ਭਰਾ ਦਾ ਦੁਸਮਣ ਹੈ। ਘਰ ਵਿੱਚ ਬਜੁਰਗਾਂ ਦਾ ਸਤਿਕਾਰ ਬਿਲਕੁਲ ਵੀ ਨਹੀਂ ਹੈ ਅੱਜ ਦਾ ਇਨਸਾਨ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਤੇ ਲੱਗਾ ਹੋਇਆ ਹੈ। ਜਮੀਨ ਜਾਇਦਾਦਾਂ ਕਰਨ ਇੱਕ-ਦੂਜੇ ਦਾ ਘਰ ਵਿੱਚ ਹੀ ਕਤਲ ਕਰ ਦਿੱਤਾ ਜਾਂਦਾ ਹੈ। ਰਿਸਤਿਆਂ ਦਾ ਘਾਣ ਹੋ ਚੁੱਕਿਆ ਹੈ। ਅਸੀਂ ਸੰਸਾਰ ਨਾਲ ਜੁੜਦੇ ਹਾਂ, ਪਰ ਖੁਦ ਨਾਲੋਂ ਕੱਟੇ ਜਾਂਦੇ ਹਾਂ। ਸਭ ਤੋਂ ਪਹਿਲਾਂ ਆਪਣੇ ਆਪ ਨੂੰ ਬਦਲੋ ਘਰ ਵਿਚ ਸਾਂਤੀ ਦਾ ਮਾਹੌਲ ਰੱਖੋ। ਖੁਸੀ ਆਪਣੇ ਅੰਦਰੋਂ ਲੱਭੋ ਕੋਈ ਵੀ ਚੰਗੇ ਕੰਮ ਦੀ ਸੁਰੂਆਤ ਪਹਿਲਾਂ ਆਪਣੇ ਘਰ ਤੋਂ ਹੀ ਹੁੰਦੀ ਹੈ। ਜੇ ਅਸੀਂ ਆਪਣੇ ਆਪ ਨੂੰ ਬਦਲਾਂਗੇ ,ਤਾਂ ਸਾਡੀ ਦੇਖਾਦੇਖੀ ਵਿੱਚ ਪਰਿਵਾਰਿਕ ਮੈਂਬਰ , ਦੋਸਤ ਆਪਣੇ ਆਪ ਨੂੰ ਬਦਲਣਗੇ। ਸਾਰਿਆਂ ਦੀ ਤਰੱਕੀ ਨੂੰ ਦੇਖ ਕੇ ਖੁਸ ਹੋਵੋ। ਕਿਸੇ ਪ੍ਰਤੀ ਆਪਣੇ ਦਿਲ ਅੰਦਰ ਨਫਰਤ ਨਾ ਰੱਖੋ। ਮਤਲਬ ਦੀ ਦੋਸਤੀ ਨਾ ਰੱਖੋ। ਜਿਸ ਨੂੰ ਆਪਣਾ ਦੋਸਤ ਬਣਾਇਆ ਹੈ, ਉਸ ਨਾਲ ਦੋਸਤੀ ਦੇ ਫਰਜ ਅਦਾ ਕਰੋ। ਉਸ ਦੋਸਤ ਦੀ ਕਿਤੇ ਵੀ ਨਿੰਦਾ ਚੁਗਲੀ ਨਾ ਕਰੋ । ਦੋਸਤ ਦੇ ਦੁੱਖ-ਸੁੱਖ ਵਿਚ ਸਰੀਕ ਹੋਵੋ। ਜੇ ਤੁਹਾਨੂੰ ਅਸਫਲਤਾ ਮਿਲੀ ਹੈ, ਤਾਂ ਗਲਤੀਆਂ ਤੋਂ ਸਿੱਖੋ। ਗਲਤੀਆਂ ਨੂੰ ਨਾ ਦੋਹਰਾਓ। ਟੀਚਾ ਹਾਸਿਲ ਕਰਨ ਲਈ ਮਿਹਨਤ ਕਰਨੀ ਪੈਣੀ ਹੈ। ਨਕਰਾਤਮਕ ਲੋਕਾਂ ਸੰਗ ਦੋਸਤੀ ਨਾ ਕਰੋ। ਹਮੇਸਾ ਚੰਗਾ ਸੋਚੋ। ਘਰ ਵਿਚ ਕਈ ਵਾਰ ਮਨ ਮੁਟਾਵ ਵੀ ਹੋ ਜਾਂਦਾ ਹੈ ਕੋਈ ਅਜਿਹਾ ਗਲਤ ਕਦਮ ਨਾ ਚੁੱਕੋ ਜਿਸ ਨਾਲ ਪਰਿਵਾਰ ਨੂੰ ਸਰਮਿੰਦਾ ਹੋਣਾ ਪਵੇ। ਸਕਾਰਾਤਮਕ ਸੋਚ ਰੱਖੋ। ਚੰਗੇ ਲੋਕਾਂ ਦੀ ਜੀਵਨੀ ਪੜ੍ਹੋ,ਜਿਸ ਨਾਲ ਜੀਵਨ ਨੂੰ ਸੇਧ ਮਿਲੇ। ਜੇ ਕਿਸੇ ਕੰਮ ਨੂੰ ਕਰਦੇ ਹੋਏ ਖੁਸੀ ਨਾ ਮਿਲੇ ਤਾਂ ਉਸ ਨੂੰ ਸਾਰਥਕ ਬਣਾਉਣ ਦਾ ਤਰੀਕਾ ਲਭੋ। ਲੋੜਵੰਦਾਂ ਦੀ ਮਦਦ ਕਰੋ। ਹਮੇਸਾ ਚੰਗਾ ਸੋਚੋ। ਕਿਸੇ ਨੂੰ ਬੇਵਜ੍ਹਾ ਤੰਗ ਨਾ ਕਰੋ। ਜੇ ਅਸੀਂ ਕਿਸੇ ਨੂੰ ਤੰਗ ਪ੍ਰੇਸਾਨ ਕਰਦੇ ਹਾਂ ਤਾਂ ਤਕਲੀਫ ਤਾਂ ਸਾਨੂੰ ਵੀ ਹੁੰਦੀ ਹੈ। ਜੇ ਅਸੀਂ ਆਪਣੀ ਸਮਰਥਾ ਅਤੇ ਦਿਲਚਸਪੀ ਮੁਤਾਬਕ ਅੱਗੇ ਵਧਾਂਗੇ, ਤਾਂ ਸਫਲਤਾ ਵੀ ਜਰੂਰ ਮਿਲੇਗੀ।

ਸੰਜੀਵ ਸਿੰਘ ਸੈਣੀ




# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਮਾਂਵਾਂ ਦੇ ਲੇਖੇ ਲਾਈ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਨਾਰਥ ਕੈਲਗੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 15 ਮਈ ਨੂੰ ਹਾਰਵੈਸਟ ਹਿੱਲਜ਼ ਅਲਾਇੰਸ ਚਰਚ ਦੇ ਹਾਲ ਵਿਚ ਹੋਈ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਮੀਟਿੰਗ ਦੀ ਸ਼ੁਰੂਆਤ ਇਹ ਗੀਤ ਚਲਾ ਕੇ ਕੀਤੀ - ਮਾਵਾਂ ਬਾਝੋਂ ਦੁਨੀਆਂ ਸੁੰਨੀ ਲਗਦੀ ਹੈ। ਮਾਂ-ਦਿਵਸ ਨੂੰ ਵੱਖਰੇ ਅੰਦਾਜ਼ ਵਿਚ ਮਨਾਉਂਦਿਆਂ ਪਰਮਜੀਤ ਕੌਰ ਖੋਸਾ ਨੇ ਸਾਰੀਆਂ ਹਾਜ਼ਰ ਮੈਂਬਰ ਔਰਤਾਂ ਨੂੰ ਤਾੜੀਆਂ ਦੀ ਗੂੰਜ ਵਿਚ ਸੱਜਰੇ ਗੁਲਾਬ ਦੇ ਮਹਿਕਦੇ ਫੁੱਲਾਂ ਦੀ ਸੌਗਾਤ ਦੇ ਕੇ ਮੁਬਾਰਕਾਂ ਦਿੱਤੀਆਂ। ਮਈ ਮਹੀਨੇ ਜਨਮ-ਦਿਨ ਵਾਲੇ ਇਨ੍ਹਾਂ ਮੈਂਬਰਾਂ ਨੂੰ ਵੀ ਗੁਲਾਬ ਦੇ ਫੁੱਲਾਂ ਦੀ ਮਹਿਕ ਵੰਡ ਕੇ ਵਧਾਈਆਂ ਦੀ ਛਹਿਬਰ ਲਾਈ - ਜਲਵੰਤ ਸਿੰਘ ਗਰੇਵਾਲ, ਸੁਰਿੰਦਰ ਕਾਲੀਆ, ਗੁਰਦਿਆਲ ਸਿੰਘ ਖਹਿਰਾ, ਡਾ. ਸਰਦਾਰ ਲਾਲ ਮੱਟੂ, ਸ਼ਮਿੰਦਰ ਸਿੰਘ ਕੰਮੋਹ, ਯਾਦਵਿੰਦਰ ਸਿੰਘ ਸਿੱਧੂ ਅਤੇ ਸੁਰਿੰਦਰ ਸਿੰਘ ਪਰਹਾਰ। ਗੁਰਦਿਆਲ ਸਿੰਘ ਖਹਿਰਾ ਨੇ ਬਿੱਕਰ ਸਿੰਘ ਸੰਧੂ ਦੀ ਮਿੱਠੀ ਪਿਆਰੀ ਸ਼ਖ਼ਸੀਅਤ ਅਤੇ ਉਨ੍ਹਾਂ ਨੂੰ ਮਿਲੇ ਮਾਨ-ਸਨਮਾਨ ਬਾਰੇ ਬੜੇ ਭਾਵ-ਪੂਰਤ ਸ਼ਬਦ ਕਹੇ। ਬਿੱਕਰ ਸਿੰਘ ਸੰਧੂ ਨੇ ਸੇਵਾ ਦੇ ਸੰਕਲਪ ਬਾਰੇ ਬੋਲਦਿਆਂ ਕਿਹਾ ਕਿ ਮੈਂ ਤਾਂ ਕੇਵਲ ਸਾਧਨ ਮਾਤਰ ਹਾਂ, ਲੋੜਵੰਦਾਂ ਦਾ ਸ਼ੁਕਰਗੁਜ਼ਾਰ ਹਾਂ। ਉਨ੍ਹਾਂ ਨੇ ਇੱਕ ਰੂਹਾਨੀ ਗੀਤ ਗਾ ਕੇ ਬਾਬਾ ਬੁੱਲ੍ਹੇ ਸ਼ਾਹ ਦੀ ਯਾਦ ਤਾਜ਼ਾ ਕਰਵਾ ਦਿੱਤੀ - ਵੇਖੀਂ ਨੀਂ ਵੇਖੀਂ ਅੜੀਏ ਅੰਦਰ ਬੋਲੇ ਕੌਣ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਕਾਰਜਕਾਰਨੀ ਦੀ ਮੀਟਿੰਗ ਦੌਰਾਨ ਲਏ ਫੈਸਲਿਆਂ ਦੀ ਜਾਣਕਾਰੀ ਦਿੱਤੀ ਜੋ ਐਸੋਸੀਏਸ਼ਨ ਦੀਆਂ ਆਉਣ ਵਾਲੀਆਂ ਚੋਣਾਂ ਸੰਬੰਧੀ ਸੀ। ਉਨ੍ਹਾਂ ਨੇ ਦੱਸਿਆ ਕਿ ਚੋਣ-ਪ੍ਰਕਿਰਿਆ ਦੀ ਸਮੁੱਚੀ ਜ਼ਿੰਮੇਵਾਰੀ ਭਜਨ ਸਿੰਘ ਸੱਗੂ, ਰਾਜਿੰਦਰ ਸਿੰਘ ਰੱਖੜਾ ਅਤੇ ਕਰਮ ਸਿੰਘ ਭੁੱਲਰ ਦੀ ਤਿੰਨ ਮੈਂਬਰੀ ਕਮੇਟੀਨੂੰ ਸੌਂਪੀ ਗਈ ਹੈ । ਉਨ੍ਹਾਂ ਨੇ ਔਲਾਦ ਦੁਆਰਾ ਮਾਵਾਂ ਦੀ ਹੋ ਰਹੀ ਬੇ-ਕਦਰੀ ਤੇ ਚਿੰਤਾ ਜ਼ਾਹਿਰ ਕੀਤੀ ਅਤੇ ਕਿਹਾ ਕਿ ਲੋੜਵੰਦਾਂ ਦੀ ਮਦਦ, ਮਨੁੱਖਤਾ ਦੀ ਸੇਵਾ ਅਤੇ ਕੁਰਬਾਨੀ ਦੇ ਜਜ਼ਬੇ ਨਾਲ ਸੱਚੀ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਐਸੋਸੀਏਸ਼ਨ ਦੇ ਮੋਢੀ ਮੈਂਬਰ ਕੁਲਵੰਤ ਰਾਏ ਸ਼ਰਮਾ ਨੇ ਐਸੋਸੀਏਸ਼ਨ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਦੇ ਸ਼ਾਨਦਾਰ ਵਿਕਾਸ ਤੇ ਝਾਤ ਪੁਆਈ। ਉਨ੍ਹਾਂ ਨੇ ਐਸੋਸੀਸ਼ਨ ਦੇ ਮੈਂਬਰਾਂ ਦੇ ਉਸਾਰੂ ਰਵੱਈਏ ਅਤੇ ਵਧੀਆ ਸਲੀਕੇ ਦੀ ਸ਼ਲਾਘਾ ਕੀਤੀ। ਰਾਜੇਸ਼ ਅੰਗਰਾਲ ਨੇ ਮਾਂ ਦਿਵਸ ਦੀ ਵਧਾਈ ਦਿੱਤੀ। ਸ਼ਮਿੰਦਰ ਸਿੰਘ ਕੰਮੋਹ ਅਤੇ ਸੁਰਜੀਤ ਕੌਰ ਕੰਮੋਹ ਦੀ ਦੰਪਤੀ ਜੋੜੀ ਨੇ ਗੀਤ ਗਾ ਕੇ ਸਭ ਦੀਆਂ ਅੱਖਾਂ ਨਮ ਕਰ ਦਿੱਤੀਆਂ - ਮਾਂ ਮੈਂ ਮੁੜ ਨੀਂ ਪੇਕੇ ਆਉਣਾ, ਪੇਕੇ ਹੁੰਦੇ ਮਾਵਾਂ ਨਾਲ। ਸ਼ਿਵ ਕੁਮਾਰ ਸ਼ਰਮਾ ਅਤੇ ਜਗਦੇਵ ਸਿੱਧੂ ਨੇ ਕਵਿਤਾਵਾਂ ਰਾਹੀਂ ਮਾਂ ਨੂੰ ਅਕੀਦਤ ਪੇਸ਼ ਕੀਤੀ। ਕਰਮ ਸਿੰਘ ਭੁੱਲਰ ਨੇ ਗੁਰਦਾਸ ਮਾਨ ਦਾ ਗੀਤ, ਜੋਗਾ ਸਿੰਘ ਲੈਹਲ ਨੇ ਪੰਜਾਬ ਛੱਡਣ ਬਾਰੇ ਕਵਿਤਾ ਅਤੇ ਜਸਵੀਰ ਸਿਹੋਤਾ ਨੇ ਆਪਣੀ ਤਾਜ਼ਾ ਕਵਿਤਾ ਦੀ ਪੇਸ਼ਕਾਰੀ ਰਾਹੀਂ ਸ੍ਰੋਤਿਆਂ ਦਾ ਮਨੋਰੰਜਨ ਕੀਤਾ। ਤਰਲੋਕ ਚੁੱਘ ਨੇ ਆਪਣੇ ਅੰਦਾਜ਼ ਵਿਚ ਕਿਹਾ - ਮਾਂ ਸਭ ਜਾਨਤੀ ਹੈ। ਕਰਮ ਸਿੰਘ ਮੁੰਡੀ ਨੇ ਚੜ੍ਹਦੇ ਲਹਿੰਦੇ ਪੰਜਾਬ ਮੂਲ ਦੇ ਕੈਨੇਡੀਅਨਾਂ ਨੂੰ ਸੁਚੇਤ ਕੀਤਾ ਕਿ ਕੈਨੇਡਾ ਦੇ ਕਾਇਦੇ-ਕਾਨੂੰਨ, ਨਿਯਮਾਂ ਅਤੇ ਰਹੁ-ਰੀਤਾਂ ਦਾ ਪਾਲਣ ਕਰ ਕੇ ਆਪਣੀ ਪਛਾਣ ਦਾ ਸਨਮਾਨ ਬਰਕਰਾਰ ਰੱਖਿਆ ਜਾਵੇ। ਉਸੇ ਦਿਨ ਉਮਰ ਦੇ ਸਤਾਨਵੇਂ ਵਰ੍ਹੇ ਪੂਰੇ ਕਰਨ ਵਾਲੇ ਜਲਵੰਤ ਸਿੰਘ ਗਰੇਵਾਲ ਨੇ ਤਜਰਬੇ ਦਾ ਨਿਚੋੜ ਦੱਸਿਆ ਕਿ ਜਦੋਂ ਉਮਰ ਹੁੰਦੀ ਹੈ ਓਦੋਂ ਸੂਝ ਨਹੀਂ ਹੁੰਦੀ, ਜਦੋਂ ਸੂਝ ਆਉਂਦੀ ਹੈ ਓਦੋਂ ਉਮਰ ਨਹੀਂ ਰਹਿੰਦੀ। ਜਰਨੈਲ ਤੱਗੜ ਨੇ ਮਜ਼ਦੂਰ ਦਿਵਸ ਅਤੇ ਪਿਛਲੇ ਹੀ ਦਿਨ ਹੋਏ ਡਰੱਗ ਚੇਤਨਾ ਮਾਰਚ ਬਾਰੇ ਵਿਚਾਰ ਰੱਖੇ। ਦਿਲਾਵਰ ਸਮਰਾ ਨੇ ਗੁਰਬਾਣੀ ਦੇ ਹਵਾਲੇ ਨਾਲ ਮਮਤਾ ਦੀ ਗੱਲ ਕੀਤੀ -ਤਿਸੁ ਪਾਛੈ ਬਚਰੇ ਛਰਿਆ। ਅਗਲੀ ਮੀਟਿੰਗ 5 ਜੂਨ ਨੂੰ ਇਸੇ ਹਾਲ ਵਿਚ ਇਸੇ ਸਮੇਂ ਮੁਤਾਬਕ ਹੋਵੇਗੀ ਜੋ ਸਾਲਾਨਾ ਆਮ ਮੀਟਿੰਗ (ਏ.ਜੀ.ਐਮ) ਹੋਵੇਗੀ। ਹੋਰ ਜਾਣਕਾਰੀ ਲਈ ਸੁਰਿੰਦਰਜੀਤ ਪਲਾਹਾ ਨੂੰ 403 708 3496 ਜਾਂ ਗੁਰਦਿਆਲ ਸਿੰਘ ਖਹਿਰਾ ਨੂੰ 403 968 2880 ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਖ਼ੂਨ ਨਾਲ ਭਿੱਜਿਆ ਤੀਜਾ ਘੱਲੂਘਾਰਾ

ਸਮੇਂ ਸਮੇਂ ਦੀਆਂ ਸਰਕਾਰਾਂ ਨੇ ਸਿੱਖਾਂ ਤੇ ਅਜਿਹੇ ਖ਼ੂਨੀ ਕਾਂਢ ਵਰਤਾਏ ਜੋ ਨਾ ਭੁਲਣਯੋਗ ਬਣ ਕੇ ਰਹਿ ਗਏ ।ਪਹਿਲਾ ਘੱਲੂਘਾਰਾ 1746 ਵਿਚ ਕਾਹਨੂੰਵਾਨ(ਗੁਰਦਾਸਪੁਰ)ਦੀ ਧਰਤੀ ਤੇ ਵਾਪਰਿਆ। ਦੂਸਰਾ ਘੱਲੂਘਾਰਾ 1762 ਈ: ਵਿਚ ਕੁੱਪ ਰਹੀੜਾ(ਮਲੇਰਕੋਟਲਾ)ਦੀ ਧਰਤੀ ਤੇ ਵਾਪਰਿਆ ।ਤੀਜਾ ਘੱਲੂਘਾਰਾ ਸਿੱਖਾਂ ਦੇ 37 ਇਤਿਹਾਸਿਕ ਗੁਰਦੁਵਾਰਿਆਂ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵਾਪਰਿਆ ਜਿੱਥੇ ਸਰੋਵਰ ਦਾ ਸਾਰਾ ਅੰਮ੍ਰਿਤ ਜਲ ਖ਼ੂਨ ਨਾਲ ਲਾਲ ਹੋ ਗਿਆ ਸੀ,ਦਰਬਾਰ ਸਾਹਿਬ ਦੀ ਪ੍ਰਕਰਮਾਂ ਅਤੇ ਸਰਾਵਾਂ ਵਿਚ ਲਾਸ਼ਾਂ ਦੇ ਢੇਰ ਲੱਗ ਗਏ ਸਨ।

1 ਜੂਨ 1984 ਨੂੰ ਸੀ.ਆਰ.ਪੀ.ਐਫ ਵਲੋਂ ਸਵੇਰੇ 12 ਵੱਜ ਕੇ 40 ਮਿੰਟ ਤੇ ਸ੍ਰੀ ਦਰਬਾਰ ਸਾਹਿਬ ਵੱਲ ਗੋਲੀ ਚਲਣੀ ਸ਼ੁਰੂ ਹੋ ਗਈ ਸੀ ।ਇਹ ਰੁਕ ਰੁਕ ਕੇ ਲਗਾਤਾਰ 7 ਘੰਟੇ ਚਲਦੀ ਰਹੀ ਜੋ ਸ਼ਾਮ ਨੂੰ ਲਗਭਗ 8 ਵੱਜ ਕੇ 15 ਮਿੰਟ ਤੇ ਚਲਣੀ ਬੰਦ ਹੋਈ ।ਇਸ ਅੰਨੇਵਾਹ ਫਾਇਰਿੰਗ ਨਾਲ ਸ੍ਰੀ ਦਰਬਾਰ ਸਾਹਿਬ ਦੇ ਸੁਨਿਹਰੀ ਗੁੰਬਦ ਤੇ ਵੀ 32 ਨਿਸ਼ਾਨ ਪੈ ਗਏ ਸਨ ।ਇਸ ਗੋਲਾਬਾਰੀ ਨਾਲ 11 ਆਦਮੀਆਂ ਦੇ ਮਰਨ ਅਤੇ ਦਰਜਨਾਂ ਦੇ ਜਖਮੀ ਹੋਣ ਦੀ ਖਬਰ ਸੁਣਾਈ ਗਈ ।ਸਾਰੇ ਪੰਜਾਬ ਵਿਚ ਰਾਤ 9 ਵਜੇ ਤੋਂ 32 ਘੰਟੇ ਦਾ ਕਰਫ਼ ?ਊ ਲਗਾ ਦਿੱਤਾ ਗਿਆ ਸੀ।


2 ਜੂਨ ਨੂੰ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਕਮਰਾ ਨੰਬਰ 40 ਵਿਚ ਚਾਰ ਪੰਜ ਲਾਸ਼ਾਂ ਰੱਖੀਆਂ ਹੋਈਆਂ ਸਨ ।ਉਹਨਾਂ ਲਾਸ਼ਾਂ ਉਪਰ ਉਹਨਾਂ ਦੀਆਂ ਦਸਤਾਰਾਂ ਦਿੱਤੀਆਂ ਹੋਈਆਂ ਸਨ ।ਉਹਨਾਂ ਨੂੰ ਪੁਲੀਸ ਆ ਕੇ ਪੋਸਟ ਮਾਰਟਮ ਲਈ ਲੈ ਗਈ ਪਰ ਭਾਈ ਮਹਿੰਗਾਂ ਸਿੰਘ ਬੱਬਰ ਅਤੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਸਾਥੀਆਂ ਦੀਆਂ ਲਾਸ਼ਾਂ ਨਾ ਦਿੱਤੀਆਂ ਗਈਆਂ ।ਮਹਿੰਗਾ ਸਿੰਘ ਦਾ ਸਸਕਾਰ ਮੰਜੀ ਸਾਹਿਬ ਦੇ ਨਜਦੀਕ ਅਤੇ ਅਤੇ ਚਾਰ ਪੰਜ ਜਾਣਿਆਂ ਦਾ ਸਸਕਾਰ ਸ੍ਰੀ ਗੁਰੂ ਰਾਮਦਾਸ ਲੰਗਰ ਦੇ ਨਜਦੀਕ ਕੀਤਾ ਗਿਆ। 2 ਜੂਨ ਨੂੰ ਫੌਜਾਂ ਬਹੁਤ ਭਾਰੀ ਗਿਣਤੀ ਵਿਚ ਅੰਮ੍ਰਿਤਸਰ ਵੱਲ ਨੂੰ ਆ ਰਹੀਆ ਸਨ।

3 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਸੀ ਭਾਰੀ ਗਿਣਤੀ ਵਿਚ ਸੰਗਤਾਂ ਦੇ ਪਹੁੰਚਣ ਨੂੰ ਵੇਖਦਿਆਂ ਪੁਲੀਸ ਅਫਸਰਾਂ ਦੇ ਕਹਿਣ ਦੇ ਬਾਵਜੂਦ ਅੰਮ੍ਰਿਤਸਰ ਦੇ ਡੀ.ਸੀ ਗੁਰਦੇਵ ਸਿੰਘ ਬਰਾੜ ਨੇ ਕਰਫ਼ ?ਊ ਲਾਉਣ ਤੋਂ ਇੰਨਕਾਰ ਕਰ ਦਿੱਤਾ ਇਸ ਕਰਕੇ ਸੰਗਤਾਂ ਭਾਰੀ ਗਿਣਤੀ ਵਿਚ ਅੰਦਰ ਜਾਣੀਆਂ ਸ਼ੁਰੂ ਹੋ ਗਈਆਂ ਸਨ ।ਦੁਪਿਹਰ 12 ਵਜੇ ਕਰਫ਼ ?ਊ ਲਗਾ ਦਿੱਤਾ ਗਿਆ ।ਸ਼ਾਮ 5 ਤੋਂ 7 ਵਜੇ ਤੱਕ ਕਰਫ਼ ?ਊ ਵਿਚ ਢਿੱਲ ਦਿੱਤੀ ਗਈ ਬਹੁਤੇ ਲੋਕਾਂ ਨੂੰ ਇਸ ਢਿੱਲ ਦਾ ਪਤਾ ਨਾ ਲੱਗਾ ।ਇਸ ਕਰਕੇ ਸ਼ਹੀਦੀ ਪੁਰਵ ਤੇ 12 ਵਜੇ ਤੋਂ ਪਹਿਲਾਂ ਆਏ ਯਾਤਰੀ ਅੰਦਰ ਹੀ ਘਿਰੇ ਹੋਣ ਕਰਕੇ ਰਾਤ ਅੰਦਰ ਹੀ ਰਹਿਣਾ ਪਿਆ।

ਰਾਤ ਨੂੰ 9 ਵਜੇ ਸਰਕਾਰ ਵਲੋਂ ਟੀ. ਵੀ ਅਤੇ ਰੇਡੀਉ ਤੇ ਹੁਕਮ ਸੁਣਾਇਆ ਗਿਆ ਕੇ ਹੁਣ 9 ਵਜੇ ਤੋਂ ਸਾਰਾ ਪੰਜਾਬ ਫੌਜ ਦੇ ਹਵਾਲੇ ਕਰ ਦਿੱਤਾ ਗਿਆ ਅਤੇ 36 ਘੰਟੇ ਦਾ ਕਰਫ਼ ?ਊ ਲਾ ਦਿੱਤਾ ਹੈ ।ਇਸ ਦੌਰਾਨ ਰੇਲਾ,ਬੱਸਾਂ, ਟਰੱਕਾਂ, ਕਾਰਾਂ, ਸਕੂਟਰਾਂ,ਮੋਟਰ ਸਾਇਕਲਾਂ,ਬੈਲ ਗੱਡੀਆਂ ਅਤੇ ਸਾਈਕਲ ਚਲਾਉਣ ਤੇ ਪਬੰਦੀ ਲਗਾ ਦਿੱਤੀ ਗਈ ਹੈ। ਅਜਿਹੇ ਕਾਰਨਾਂ ਕਰਕੇ ਫੌਜੀ ਕਾਰਵਾਈ ਦੇ ਲੱਛਣ ਦਿਸਣ ਲੱਗ ਪਏ ਸਨ।

ਰਾਤ ਦੇ 12 ਵਜੇ ਸਾਰੇ ਅੰਮ੍ਰਿਤਸਰ ਸ਼ਹਿਰ ਦੇ ਫੋਨ ਕੱਟ ਦਿੱਤੇ ਗਏ ਅਤੇ ਦਰਬਾਰ ਸਾਹਿਬ ਸਮੂੰਹ ਦਾ ਪਾਣੀ ਅਤੇ ਬਿਜਲੀ ਵੀ ਕੱਟ ਦਿਤੇ ਗਏ ਸਨ।

4 ਜੂਨ ਤੜਕੇ 4 ਵੱਜ ਕੇ 40 ਮਿੰਟ ਤੇ ਭਾਰੀ ਤੋਪ ਦਾ ਗੋਲਾ ਚਲਿਆ ।ਥੋੜੇ ਸਮੇਂ ਬਾਅਦ ਫਿਰ ਇਕ ਗੋਲਾ ਚਲਿਆ ।ਇਸ ਤਰਾਂ ਥੋੜੇ ਥੋੜੇ ਫਰਕ ਨਾਲ 10-12 ਗੋਲੇ ਚੱਲੇ ।ਸਾਰੇ ਸ਼ਹਿਰ ਵਿਚ ਦਹਿਸ਼ਤ ਫੈਲ ਗਈ ਕੇ ਫੌਜ ਨੇ ਦਰਬਾਰ ਸਾਹਿਬ ਤੇ ਹਮਲਾ ਕਰ ਦਿੱਤਾ ਹੈ ਫਿਰ ਗੋਲੀਆਂ ਚਲਣ ਲੱਗ ਪਈਆਂ ਸਾਰਾ ਦਿਨ ਗੋਲੀਆਂ ਚਲਦੀਆਂ ਰਹੀਆਂ ।ਇਹ ਕਦੇ ਜੋਰ ਨਾਲ ਚਲਦੀਆਂ ਸਨ ਕਦੇ ਮੱਧਮ ਪੈ ਜਾਂਦੀਆਂ ਸਨ ।ਫੌਜ ਸੜਕਾਂ ਤੇ ਗਸਤ ਕਰ ਰਹੀ ਸੀ ।ਫੌਜੀ ਕਿਸੇ ਨੂੰ ਬੂਹੇ ਤੋਂ ਬਾਹਰ ਸਿਰ ਨਹੀਂ ਕੱਢਣ ਦਿੰਦੇ ਸਨ ।ਇਸ ਕਰਕੇ ਲੋਕਾਂ ਦੇ ਦੁੱਧ,ਆਟਾ, ਸਬਜੀਆਂ ਅਤੇ ਹੋਰ ਘਰਾਂ ਦੇ ਰਾਸ਼ਨ ਦੀ ਸਪਲਾਈ ਬੰਦ ਹੋ ਗਈ ਸੀ।



ਸ੍ਰੀ ਦਰਬਾਰ ਸਾਹਿਬ ਦੇ ਅੰਦਰੋਂ ਕੋਈ ਖਬਰ ਬਾਹਰ ਨਹੀਂ ਆ ਰਹੀ ਸੀ ਨਾਂ ਅਖਬਾਰਾਂ ਆਈਆਂ ਟੈਲੀਫੋਨ ਵੀ ਸਭ ਘਰਾਂ ਦੇ ਬੰਦ ਸਨ 4 ਅਤੇ 5 ਜੂਨ ਦੀ ਦਰਮਿਆਨੀ ਰਾਤ ਨੂੰ ਕਦੇ ਤੇਜ ਕਦੇ ਰੁਕ ਰੁਕ ਕੇ ਗੋਲੀਆਂ ਚਲਦੀਆਂ ਰਹੀਆਂ।

5 ਜੂਨ ਦਿਨੇ ਬਾਰ੍ਹਾਂ ਵਜੇ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਸਰਾਂ ਵਿਚਲੀ ਪਾਣੀ ਦੀ ਸਭ ਤੋਂ ਵੱਡੀ ਟੈਂਕੀ ਵਿਚ ਟੈਂਕਾਂ ਦੇ ਗੋਲੇ ਵੱਜਣ ਲੱਗੇ ।ਇਹ ਟੈਂਕੀ ਲੋਹਾ ਬਜਰੀ ਤੇ ਸੀਮੈਂਟ ਨਾਲ ਬਣੀ ਹੋਈ ਬਹੁਤ ਮਜਬੂਤ ਸੀ ।ਇਕ ਪਾਸੇ ਬਹੁਤ ਵੱਡਾ ਮਘੋਰਾ ਹੋ ਗਿਆ ਜਿਸ ਨਾਲ ਪਾਣੀ ਦੀ ਮੋਟੀ ਧਾਰ ਬਹਿ ਤੁਰੀ ਅਤੇ ਟੈਂਕੀ ਖਾਲੀ ਹੋ ਗਈ ਸੀ ।ਸ਼ਾਮ ਵੇਲੇ ਪੁਲੀਸ ਸਟੇਸ਼ਨ ਅਤੇ ਜਲਿਆਂ ਵਾਲੇ ਬਾਗ ਨੇੜੇ ਫੌਜ ਵਲੋਂ ਤੋਪਾਂ ਤੇ ਟੈਂਕ ਖੜੇ ਕੀਤੇ ਜਾ ਰਹੇ ਸਨ।

ਰਾਤ ਨੂੰ 8- 30 ਵਜੇ ਦੇ ਕਰੀਬ ਤੋਪਾਂ ਨਾਲ ਕੰਪਲੈਕਸ ਤੇ ਗੋਲੇ ਸੁਟੇ ਗਏ ਜਿਸ ਨਾਲ ਪਾਣੀ ਦੀ ਟੈਂਕੀ,ਬਾਬਾ ਅਟੱਲ ਸਾਹਿਬ, ਲੰਗਰ ਤੇ ਦੋਵਾਂ ਸਰਾਵਾਂ ਦੇ ਸਾਰੇ ਮੋਰਚੇ ਤੋੜ ਕੇ ਫੌਜ ਨੇ ਲੰਗਰ, ਦੋਵੇਂ ਸਰਾਵਾਂ, ਅਕਾਲ ਰੈਸਟ ਹਾਊਸ ਤੇ ਮੰਜੀ ਸਾਹਿਬ ਤੇ ਕਬਜਾ ਕਰ ਲਿਆ ਸੀ ।ਰਾਤੀ 9 ਵਜੇ ਦੇ ਕਰੀਬ ਸਾਰੇ ਸ਼ਹਿਰ ਦੀ ਬਿਜਲੀ ਕੱਟ ਦਿੱਤੀ ਗਈ ਹਨੇਰੀ ਰਾਤ ਵਿਚ ਗੋਲਿਆਂ ਦੀ ਕੜਕ ਦੀਆਂ ਆਵਾਜਾਂ ਨੇ ਸ਼ਹਿਰ ਵਾਸੀਆਂ ਨੂੰ ਦਹਿਸ਼ਤ ਵਿਚ ਪਾ ਦਿੱਤਾ ਸੀ ।5 ਜੂਨ ਦੀ ਰਾਤ ਬੜੀ ਕਹਿਰ ਦੀ ਰਾਤ ਸੀ ਕੋਈ ਵਿਰਲਾ ਹੀ ਸਿੱਖ ਸੁੱਤਾ ਹੋਵੇਗਾ।

ਰਾਤ ਨੂੰ ਲਗਭਗ 10 ਵਜੇ ਰੈਜਮਿੰਟ ਨੇ ਤੋਪਾਂ ਅਤੇ ਟੈਂਕਾ ਨਾਲ ਲੈਸ ਹੋ ਕੇ ਸਰਾਂ ਵਾਲੇ ਪਾਸਿਉ ਕੰਪਲੈਕਸ ਵਿਚ ਦਾਖਲ ਹੋ ਕੇ ਸਾਂਝੇ ਤੌਰ ਤੇ ਜੋਰਦਾਰ ਹਮਲਾ ਕੀਤਾ।

ਅੱਗੋਂ ਸਰਾਂ ਵਾਲੇ ਪਾਸਿਉਂ ਡਿਊਡੀ ਰਾਹੀ ਦੁੱਖ ਭਜਨੀ ਬੇਰੀ ਗੁਰਦੁਆਰੇ ਦੇ ਨੇੜੇ ਡਿਊਡੀ ਦੀਆਂ ਪੋੜੀਆਂ ਤੋੜਦੇ ਹੋਏ ਟੈਂਕ ਪ੍ਰਕਰਮਾਂ ਚੋਂ ਉਤਰੇ ਕੁਝ ਟੈਂਕ ਸੱਜੇ ਹੱਥ ਬ੍ਰਹਮਬੂਟਾ ਅਖਾੜੇ ਕੋਲ ਪ੍ਰਕਰਮਾਂ ਕੋਲ ਖੜੇ ਕੀਤੇ ਗਏ ।ਦੂਜੇ ਪਾਸੇ ਖੱਬੇ ਹੱਥ ਗੁਰਦੁਆਰਾ ਸ਼ਹੀਦ ਬੁੰਗਾ ਬਾਬਾ ਦੀਪ ਸਿੰਘ ਤੇ ਅੱਗੇ ਪ੍ਰਕਰਮਾਂ ਵਿਚ ਟੈਂਕ ਖੜੇ ਕੀਤੇ ਗਏ ।ਫੌਜੀ ਟੈਂਕ ਲੈ ਕੇ ਪ੍ਰਕਰਮਾਂ ਵਿਚ ਤਾਂ

ਵੜ ਗਏ ਪਰ ਸਿੰਘਾਂ ਨੇ ਬਹੁਤ ਜਬਰਦਸਤ ਫਾਇਰਿੰਗ ਕਰਕੇ ਬਹੁਤ ਸਾਰੇ ਫੌਜੀ ਮਾਰ ਦਿੱਤੇ ਸਨ।

ਇਹਨਾਂ ਟੈਂਕਾਂ ਨਾਲ ਦੋਹਾਂ ਪਾਸਿਆਂ ਤੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਲ ਲਗਦੀ ਇਮਾਰਤ ਜਿਸ ਵਿਚ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਆਪਣੇ ਸਾਥੀਆਂ ਸਮੇਤ ਰਹਿ ਰਹੇ ਸਨ ਉੱਪਰ ਗੋਲੇ ਸੁਟੇ ਗਏ ਜਿਸ ਨਾਲ ਉਹ ਮੰਜਲ ਉੱਡ ਗਈ ।ਪਰ ਇਸ ਤੋਂ ਪਹਿਲਾਂ ਹੀ ਸੰਤ ਜਰਨੈਲ ਸਿੰਘ ਤੇ ਉਹਨਾਂ ਦੇ ਸਾਥੀ ਸ੍ਰੀ ਅਕਾਲ ਤਖਤ ਸਾਹਿਬ ਦੀ ਤੀਜੀ ਮੰਜਲ ਤੇ ਫਿਰ ਦੂਜੀ ਮੰਜਲ ਵੱਲ ਆ ਗਏ।

ਉਹਨਾਂ ਨੇ ਪਹਿਲਾਂ ਗੋਲੇ ਗਬੁੰਦ ਚੋ ਮਾਰੇ ਜਿਸ ਨਾਲ ਗਬੁੰਦ ਵਿਚ ਮਘੋਰੇ ਹੋ ਕੇ ਅੰਦਰ ਲੱਕੜ ਦੇ ਰੈਕਾਂ ਚੋਂ ਬਿਰਾਜਮਾਨ ਕੀਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੱਥ ਲਿਖਤ ਬੀੜਾਂ ਅਗਨ ਭੇਟ ਹੋ ਗਈਆਂ ।ਗਬੁੰਦ ਦੇ ਨੇੜੇ ਹੀ ਇਕ ਬੁਰਜੀ ਉਡ ਗਈ ।ਗਬੁੰਦ ਤੋਂ ਬਾਅਦ ਤੀਜੀ ਮੰਜਲ ਦੀਆਂ ਬਾਰੀਆਂ ਉਡਾ ਦਿੱਤੀਆਂ ਤੇ ਛੱਜਾ ਹੇਠਾ ਡੇਗ ਦਿੱਤਾ ਫਿਰ ਦੂਸਰੀ ਮੰਜਲ ਵਿਚ ਗੋਲੇ ਮਾਰ ਕੇ ਸਾਹਮਣੇ ਦਾ ਹਿੱਸਾ ਢਾਹ ਦਿੱਤਾ।

6 ਜੂਨ ਦੀ ਸਵੇਰ ਨੂੰ ਪੌਣੇ 9 ਵਜੇ ਤੋਂ ਸਵਾ 9 ਵਜੇ ਦੇ ਵਿਚਕਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਘਮਸ਼ਾਨ ਦਾ ਯੁੱਧ ਹੋਇਆ ।ਸ੍ਰੀ ਅਕਾਲ ਤਖਤ ਸਾਹਿਬ ਦੇ ਅਤੇ ਆਸ ਪਾਸ ਦੇ ਬੁੰਗਿਆਂ ਤੇ ਹਜੇ ਫੌਜ ਕਾਬਜ ਨਹੀਂ ਹੋ ਸਕੀ ਸੀ ਕੋਈ ਦੋ ਕੁ ਵਜੇ ਤੱਕ ਗੋਲੀ ਚਲਦੀ ਰਹੀ ਫਿਰ ਕੁਝ ਘੱਟ ਗਈ। 6 ਜੂਨ ਸਵੇਰ ਵੇਲੇ ਖਬਰ ਸੁਣਾਈ ਗਈ ਕਿ ਸੰਤ ਜਰਨੈਲ ਸਿੰਘ, ਭਾਈ ਅਮਰੀਕ ਸਿੰਘ ਅਤੇ ਜਰਨਲ ਸੁਬੇਗ ਸਿੰਘ ਦੀਆਂ ਬਾਕੀ ਸਾਥੀਆਂ ਸਮੇਤ ਲਾਸ਼ਾਂ ਮਿਲ ਗਈਆਂ ਹਨ ਅਤੇ ਸੰਤ ਜਰਨੈਲ ਸਿੰਘ ਦੀ ਲਾਸ਼ ਦੀ ਸਨਾਖਤ ਹੋ ਗਈ ਹੈ।

6 ਜੂਨ ਨੂੰ ਹੀ ਸ਼ਾਮ 4 ਵੱਜ ਕੇ ਪੰਜ ਮਿੰਟ ਤੇ
ਫੌਜੀਆਂ ਵਲੋਂ ਮੈਗਾਫੋਨ ਤੇ ਕੰਪਲੈਕਸ ਵਿਚ ਮੌਜੂਦ ਸਾਰਿਆਂ ਨੂੰ ਅੱਧੇ ਘੰਟੇ ਵਿਚ ਬਾਹਰ ਆਉਣ ਦੀ ਅਨਾਊਂਸਮਿੰਟ ਕੀਤੀ ਗਈ। ਇਸ ਤਰਾਂ ਬਹੁਤ ਸਾਰੇ ਸੇਵਾਦਾਰ ਆ ਗਏ ਸਨ ਜਿੰਨਾਂ ਨੂੰ ਫੌਜ ਆਪਣੀ ਨਿਗਰਾਨੀ ਹੇਠ ਫੜ ਕੇ ਬਾਹਰ ਲੈ ਗਈ।

ਟੋਹੜਾ ਸਾਹਿਬ ਅਤੇ ਸੰਤ ਹਰਚੰਦ ਸਿੰਘ ਲੋਂਗੋਵਾਲ ਨੂੰ ਸਰਾਂ ਵਿਚ ਰੱਖ ਕੇ ਉਹਨਾਂ ਨੂੰ ਸੁੱਰਿਖਿਆ ਦੇਣ ਲਈ ਪੁਲੀਸ ਟੁਕੜੀ ਚੁਫੇਰੇ ਖਲੋਤੀ ਸੀ ।6 ਜੂਨ ਸ਼ਾਮ ਨੂੰ ਫੌਜੀ ਗੱਡੀ ਰਾਂਹੀ ਦੋਵਾਂ ਨੂੰ ਬਿਠਾ ਕੇ ਮਿਲਟਰੀ ਕੈਂਪ ਵਿਚ ਲੈ ਗਏ ਸਨ।

ਇੰਨੀ ਜਿਆਦਾ ਤਬਾਹੀ ਹੋ ਚੁੱਕੀ ਸੀ ਕੇ ਫੌਜ ਨੇ ਮਹੀਨਿਆਂ ਤੱਕ ਦਰਬਾਰ ਸਾਹਿਬ ਸੰਗਤਾਂ ਲਈ ਨਹੀਂ ਖੋਲਿਆ ਸਿੱਖ ਰੈਫਰੈਂਸ ਲਾਇਬਰੇਰੀ ਵੀ ਸੜ ਕੇ ਸੁਵਾਹ ਹੋ ਚੁੱਕੀ ਸੀ।

ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਤੇ 380 ਗੋਲੀਆਂ ਦੇ ਨਿਸ਼ਾਨ ਲੱਗੇ ਜੋ ਸੋਨੇ ਦੇ ਪੱਤਰਿਆਂ ਤੇ ਲੱਗੇ ਹੋਏ ਸਨ।

ਭਾਈ ਨਰਾਇਣ ਸਿੰਘ ਅਨੁਸਾਰ 7 ਜੂਨ ਨੂੰ ਸੰਤ ਜਰਨੈਲ ਸਿੰਘ ਜੀ ਦਾ ਅੰਮ੍ਰਿਤਸਰ ਦੇ ਸ਼ਮਸਾਨ ਘਾਟ ਵਿਚ ਡਾਕਟਰ ਕੰਗ ਵਲੋਂ ਪੋਸਟ ਮਾਰਟਮ ਕੀਤਾ ਗਿਆ ।ਪੋਸਟ ਮਾਰਟਮ ਦੀ ਰਿਪੋਰਟ ਅਨੁਸਾਰ ਸੰਤਾਂ ਦੇ ਸਰੀਰ ਉੱਪਰ 14 ਗੋਲੀਆਂ ਲੱਗੀਆਂ ਹੋਈਆਂ ਸਨ ।ਉਹਨਾਂ ਵਿਚੋਂ 7 ਸਿਰ ਦੇ ਇਕ ਪਾਸੇ ਦੋ ਛਾਤੀ ਵਿਚ ਇੱਕ ਡੋਲੇ ਵਿਚ ਤਿੰਨ ਪੈਰ੍ਹਾਂ ਵਿਚ ਇਕ ਪਿਜਣੀ ਵਿਚ ਇਹਨਾਂ ਵਿਚੋਂ 11 ਗੋਲੀਆਂ ਸਾਹਮਣੇ ਤੇ ਦੋ ਸਾਇਡਾਂ ਤੇ ਲੱਗੀਆਂ ਸਨ ।ਇਸ ਰਿਪੋਰਟ ਤੋਂ ਸਪੱਸਟ ਹੈ ਕਿ ਸਿੱਖ ਕੌਮ ਦੇ ਅਣਖੀਲੇ ਜਰਨੈਲ ਸੰਤ ਜਰਨੈਲ ਸਿੰਘ ਜੀ ਨੇ ਸਨਮੁੱਖ ਜੂਝਦਿਆਂ ਛਾਤੀ ਤਾਣ ਕੇ ਗੋਲੀਆਂ ਖਾਦੀਆਂ ਅਤੇ ਸ਼ਹੀਦੀ ਪਾਈ।

ਕਾਰ ਸੇਵਾ ਵਾਲੇ ਬਾਬਾ ਬੁੱਧ ਸਿੰਘ ਹਵੇਲੀ ਰਾਂਝੇਵਾਲੀ ਨੇੜੇ ਸ਼ਮਸ਼ਾਨ ਘਾਟ ਸ਼ਹੀਦਾਂ ਅੰਮ੍ਰਿਤਸਰ ਅਨੁਸਾਰ ਸੰਤ ਜਰਨੈਲ ਸਿੰਘ ਅਤੇ ਭਾਈ ਅਮਰੀਕ ਸਿੰਘ ਦੇ ਸਰੀਰ(ਲਾਸ਼ਾਂ)ਰਾਤ ਨੂੰ 10 ਵਜੇ ਇਕ ਗੱਡੀ ਰਾਹੀ ਲਿਆਂਦੀਆਂ ਗਈਆਂ ।ਗੱਡੀ ਵਿਚ ਹੀ ਸੰਤ ਜਰਨੈਲ ਸਿੰਘ ਜੀ ਦੀ ਅਤੇ ਭਾਈ ਅਮਰੀਕ ਸਿੰਘ ਜੀ ਦੀਆਂ ਦੇਹਾਂ ਦੇ ਇਸਨਾਨ ਕਰਵਾਏ ਗਏ ।ਇਹਨਾਂ ਦੀਆਂ ਦੋ ਵੱਖ ਵੱਖ ਚਿਖਾਵਾਂ ਚਿਣ ਕੇ ਗੁਰਮਰੀਆਦਾ ਅਨੁਸਾਰ ਸਸਕਾਰ ਕੀਤੇ ਗਏ।

**ਸੁਖਵਿੰਦਰ ਸਿੰਘ ਮੁੱਲਾਂਪੁਰ**
**(ਆਸਟ੍ਰੇਲੀਆ)**
**ਵ.ਅੱਪ. +91 9914184794**












# ਅਲਬਰਟਾ ਵਿਧਾਨ ਸਭਾ ਚੋਣਾਂ-2023 ਵਿਚ 4 ਪੰਜਾਬੀ ਜੇਤੂ ਰਹੇ

## ਐਨ ਡੀ ਪੀ ਦੇ ਉਮੀਂਦਵਾਰ ਪਰਮੀਤ ਸਿੰਘ ਬੋਪਾਰਾਇ ਨੇ ਯੂ ਸੀ ਪੀ ਦੇ ਐਮ ਐਲ ਏ ਦਵਿੰਦਰ ਤੂਰ ਨੂੰ ਵੱਡੇ ਫਰਕ ਨਾਲ ਹਰਾਇਆ
## ਐਨ ਡੀ ਪੀ ਦੇ ਜਸਵੀਰ ਦਿਉਲ, ਇਰਫਾਨ ਸਾਬਿਰ, ਗੁਰਿੰਦਰ ਬਰਾੜ ਅਤੇ ਯੂ ਸੀ ਪੀ ਦੀ ਰਾਜਨ ਸਾਹਨੀ ਨੇ ਚੋਣ ਜਿੱਤੀ

### ਯੂ ਸੀ ਪੀ ਅਤੇ ਐਨ ਡੀ ਪੀ, ਦੋਵਾਂ ਪਾਰਟੀਆਂ ਦੇ ਜੇਤੂ ਉਮੀਂਦਵਾਰ



### ਯੂ ਸੀ ਪੀ ਅਤੇ ਐਨ ਡੀ ਪੀ ,ਦੋਵਾਂ ਪਾਰਟੀਆਂ ਦੇ ਹਾਰੇ ਹੋਏ ਉਮੀਂਦਵਾਰ















ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸੂਬੇ ਅੰਦਰ 29 ਮਈ 2023 ਹੋਈਆਂ ਚੋਣਾਂ ਦੌਰਾਨ ਯੂ ਸੀ ਪੀ ਨੇ ਬਾਜ਼ੀ ਮਾਰ ਲਈ ਹੈ ਪਰ ਬਹੁਤ ਸਾਰੀਆਂ ਥਾਵਾਂ ਉੱਪਰ ਯੂ ਸੀ ਪੀ ਦੇ ਮੰਤਰੀਆਂ ਅਤੇ ਐਮ ਐਲ ਏ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ । ਪਿਛਲੀਆਂ ਸਰਕਾਰਾਂ ਵਿੱਚ ਮੰਤਰੀ ਰਹੇ ਪ੍ਰਸਾਦ ਪਾਂਡਾ, ਕੇ ਸੀ ਮਾਇਡੂ,ਅਤੇ ਹੋਰ ਕਈ ਚੋਣ ਹਾਰ ਗਏ ਹਨ ਪੰਜਾਬੀ ਉਮੀਦਵਾਰਾਂ ਵਿੱਚੋਂ ਰਾਜਨ ਸਾਹਨੀ, ਪਰਮੀਤ ਸਿੰਘ ਬੋਪਾਰਾਏ, ਜਸਵੀਰ ਦਿਉਲ ਅਤੇ ਗੁਰਿੰਦਰ ਬਰਾੜ ਚੋਣ ਜਿੱਤ ਗਏ ਜਦਕਿ ਗੁਰਿੰਦਰ ਸਿੰਘ ਗਿੱਲ, ਅਮਨਪ੍ਰੀਤ ਸਿੰਘ ਗਿੱਲ,ਇੰਦਰ ਗਰੇਵਾਲ,ਰਾਜੇਸ਼ ਅੰਗਰਾਲ ਅਤੇ ਰਣਜੀਤ ਸਿੰਘ ਬਾਠ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਅਲਬਰਟਾ ਦੇ 17 ਹਲਕਿਆਂ ਵਿੱਚ 15 ਪੰਜਾਬੀਆਂ ਸਣੇ ਭਾਰਤੀ ਮੂਲ ਦੇ 24 ਉਮੀਦਵਾਰ ਚੋਣ ਮੈਦਾਨ ਵਿਚ ਸਨ ਜਿਨ੍ਹਾਂ ਵਿੱਚੋਂ ਪੀਟਰ ਸਿੰਘ ਅਤੇ ਰਾਖੀ ਪੰਚੋਲੀ ਨੇ ਜਿੱਤ ਦਰਜ ਕੀਤੀ।। ਕੈਲਗਰੀ ਫਾਲਕਿਨਰਿੱਜ ਤੋਂ ਯੂ ਸੀ ਪੀ ਉਮੀਂਦਵਾਰ ਐਮ ਐਲ ਏ ਦਵਿੰਦਰ ਤੂਰ ਨੂੰ ਐਨ ਡੀ ਪੀ ਦੇ ਉਮੀਂਦਵਾਰ ਪਰਮੀਤ ਸਿੰਘ ਬੋਪਾਰਾਇ ਕੋਲੋਂ ਤਕਰੀਬਨ 2318 ਵੋਟਾਂ ਦੇ ਫਰਕ ਨਾਲ ਹਾਰ ਗਏ ਹਨ। ਸਾਲ 2019 ਦੀਆਂ ਚੋਣਾਂ ਮੌਕੇ ਇਹਨਾਂ ਦੋਵੇਂ ਉਮੀਂਦਵਾਰਾਂ ਵਿਚ ਬਹੁਤ ਫਸਵਾਂ ਮੁਕਾਬਲਾ ਸੀ ਸਿਰਫ 100 ਤੋਂ ਘੱਟ ਵੋਟਾਂ ਦੇ ਫਰਕ ਨਾਲ ਦੁਬਾਰਾ ਗਿਣਤੀ ਹੋਣ ਉਪਰੰਤ ਵੀ ਪਰਮੀਤ ਸਿੰਘ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਪਰ ਇਸ ਵਾਰ ਉਹ ਵੱਡੇ ਫਰਕ ਨਾਲ ਜੇਤੂ ਰਹੇ।

ਪਿਛਲੀ ਸਰਕਾਰ ਵਿਚ ਮੰਤਰੀ ਰਹੀ ਰਾਜਨ ਸਾਹਨੀ ਕੈਲਗਰੀ ਨੌਰਥ-ਵੈਸਟ ਸੀਟ 'ਤੇ ਹੋਈ ਫਸਵੇਂ ਮੁਕਾਬਲੇ ਦੌਰਾਨ ਆਪਣੇ ਵਿਰੋਧੀ ਮਿਸ਼ਾਇਲ ਲਿਸਾਬੌਅ ਕੋਲੋਂ ਸਿਰਫ 149 ਵੋਟਾਂ ਵੱਧ ਲੈਕੇ ਜਿੱਤ ਦਰਜ ਕਰਵਾਈ । ਪ੍ਰੀਮੀਅਰ ਡੈਨੀਅਲ ਸਮਿਥ ਦੀ ਕੈਬਨਿਟ ਵਿਚ ਇਮੀਗ੍ਰੇਸ਼ਨ ਅਤੇ ਸਭਿਆਚਾਰਕ ਵੰਨ ਸੁਵੰਨਤਾ ਮਾਮਲਿਆਂ ਬਾਰੇ ਮੰਤਰੀ ਰਾਜਨ ਸਾਹਨੀ ਨੂੰ ਮੁੜ ਵੱਡੀ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਹੈ। ਕੈਲਗਰੀ ਨੌਰਥ ਈਸਟ ਤੋਂ ਐਨਡੀਪੀ ਦੇ ਗੁਰਿੰਦਰ ਬਰਾੜ ਨੇ ਯੂਸੀਪੀ ਦੇ ਇੰਦਰ ਗਰੇਵਾਲ ਨੂੰ 2033 ਵੋਟਾਂ ਵੱਧ ਲੈਕੇ ਹਰਾਇਆ। ਗੁਰਿੰਦਰ ਬਰਾੜ ਨੂੰ 11111 ਵੋਟਾਂ ਮਿਲੀਆਂ ਜਦਕਿ ਇੰਦਰ ਗਰੇਵਾਲ 9078 ਵੋਟਾਂ ਹਾਸਲ ਕਰ ਸਕੇ। ਐਡਮਿੰਟਨ-ਮੈਡੋਜ਼ ਸੀਟ ਤੋਂ ਐਨਡੀਪੀ ਦੇ ਜਸਵੀਰ ਦਿਉਲ ਜੇਤੂ ਜਿਨ੍ਹਾਂ ਨੂੰ 10,964 ਵੋਟਾ ਮਿਲੀਆਂ ਅਤੇ ਉਨ੍ਹਾਂ ਨੇ ਆਪਣੇ ਨੇੜਲੇ ਉਮੀਦਵਾਰ ਯੂਸੀਪੀ ਦੇ ਅੰਮ੍ਰਿਤਪਾਲ ਸਿੰਘ ਮਠਾੜੂ ਨੂੰ ਵੱਡੇ ਫਰਕ ਨਾਲ ਹਰਾਇਆ। ਕੈਲਗਰੀ-ਕਰੌਸ ਵਿਧਾਨ ਸਭਾ ਹਲਕੇ ਤੋਂ ਐਨ ਡੀਪੀ ਦੇ ਗੁਰਿੰਦਰ ਸਿੰਘ ਗਿੱਲ ਨੂੰ ਯੂਸੀਪੀ ਦੇ ਮਿੱਕੀ ਐਮਰੀ ਨਾਲੋਂ 518 ਵੋਟਾਂ ਘੱਟ ਮਿਲਣ ਕਾਰਣ ਹਾਰ ਦਾ ਸਾਹਮਣਾ ਕਰਨਾ ਪਿਆ। ਕੈਲਗਰੀ-ਈਸਟ ਤੋਂ ਯੂਨਾਈਟਡ ਕੰਜ਼ਰਵੇਟਿਵ ਪਾਰਟੀ ਦੇ ਪੀਟਰ ਸਿੰਘ ਨੇ ਜਿੱਤ ਹਾਸਲ ਕੀਤੀ। ਉਨ੍ਹਾਂ ਨੇ ਰੋਜ਼ਮੈਨ ਵਲੈਂਸ਼ੀਆ ਨੂੰ 1500 ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ। ਕੈਲਗਰੀ-ਭੁੱਲਰ-ਮੈਕਾਲ ਹਲਕੇ ਤੋਂ ਯੂਨਾਈਟਡ ਕੰਜ਼ਰਵੇਟਿਵ ਪਾਰਟੀ ਦੇ ਅਮਨਪ੍ਰੀਤ ਸਿੰਘ ਗਿੱਲ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੂੰ ਐਨ ਡੀ ਪੀ ਦੇ ਦੋ ਵਾਰ ਤੋਂ ਐਮ ਐਲ ਏ ਬਣਦੇ ਆ ਰਹੇ ਇਰਫਾਨ ਸਾਬਿਰ ਨਾਲੋਂ 1898 ਵੋਟਾਂ ਘੱਟ ਮਿਲੀਆਂ । ਕੈਲਗਰੀ-ਨੌਰਥ ਤੋਂ ਐਨਡੀਪੀ ਦੇ ਰਾਜੇਸ਼ ਅੰਗਰਾਲ ਅਤੇ ਯੂ ਸੀ ਪੀ ਦੇ ਮੁਹੰਮਦ ਯਾਸੀਨ ਵਿਚਕਾਰ ਮੁਕਾਬਲਾ ਬਹੁਤ ਫਸਵਾਂ ਰਿਹਾ । ਸਿਰਫ 113 ਵੋਟਾਂ ਘੱਟ ਹੋਣ ਕਾਰਣ ਰਾਜੇਸ਼ ਅੰਗਰਾਲ ਨੂੰ ਹਾਰਿਆ ਹੋਇਆ ਉਮੀਂਦਵਾਰ ਐਲਾਨ ਕੀਤਾ ਗਿਆ। ਐਡਮਿੰਟਨ-ਐਲਰਸਲੀ ਵਿਧਾਨ ਸਭਾ ਹਲਕੇ ਵਿੱਚ ਯੂਸੀਪੀ ਦੇ ਰਣਜੀਤ ਸਿੰਘ ਬਾਠ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਕੈਲਗਰੀ-ਪੀਗੈਨ ਸੀਟ ਤੋਂ ਐਨਡੀਪੀ ਦੇ ਡੈਨਿਸ ਰਾਮ ਵੀ ਚੋਣ ਹਾਰ ਗਏ ਹਨ। ਐਡਮਿੰਟਨ-ਮਿੱਲ ਵੁੱਡਜ਼ ਤੋਂ ਰਮਨ ਅਟਵਾਲ ਐਨ ਡੀ ਪੀ ਦੀ ਕ੍ਰਿਸਟੀਨ ਗਰੇਅ ਕੋਲੋਂ ਹਾਰ ਗਏ। ਐਡਮਿੰਟਨ-ਵਾਈਟਮੱਡ ਤੋਂ ਐਨ ਡੀ ਪੀ ਦੀ ਰਾਖੀ ਪੰਚੋਲੀ 60 ਫ਼ੀ ਸਦੀ ਤੋਂ ਵੱਧ ਵੋਟਾਂ ਲੈ ਕੇ ਜੇਤੂ ਰਹੇ। ਉਨ੍ਹਾਂ ਨੇ ਲਿਬਰਲ ਤੋਂ ਦਲਬਦਲੀ ਕਰਕੇ ਗਏ ਯੂਸੀਪੀ ਦੇ ਰਾਜ ਸ਼ਰਮਨ ਨੂੰ ਹਰਾਇਆ। ਰਾਖੀ ਪੰਚੋਲੀ ਨੂੰ 12,793 ਵੋਟਾਂ ਪਈਆਂ ਜਦਕਿ ਰਾਜ ਸ਼ਰਮਨ 7,803 ਵੋਟਾਂ ਹਾਸਲ ਕਰ ਸਕੇ। ਸੱਤਾ ਵਿੱਚ ਵਾਪਸੀ ਮਗਰੋਂ ਡੈਨੀਅਲ ਸਮਿੱਥ ਨੇ ਮੰਨਿਆ ਕਿ ਇਹਨਾਂ ਚੋਣਾਂ ਮੌਕੇ ਉਹਨਾਂ ਨੂੰ ਐਨ ਡੀ ਪੀ ਤੋਂ ਸਖਤ ਚੁਣੌਤੀ ਮਿਲੀ ਪਰ ਅਲਬਰਟਾ ਵਾਸੀਆਂ ਦੇ ਪਿਆਰ ਸਦਕਾ ਯੂ ਸੀ ਪੀ ਮੁੜ ਸੱਤਾ 'ਤੇ ਕਾਬਜ਼ ਹੋਣ ਵਿੱਚ ਸਫ਼ਲ ਰਹੀ। ਡੈਨੀਅਲ ਸਮਿਥ ਨੇ ਦਾਅਵਾ ਕੀਤਾ ਕਿ ਉਹ ਸੂਬੇ ਦੇ ਲੋਕਾਂ ਵੱਲੋਂ ਜਤਾਏ ਭਰੋਸੇ 'ਤੇ ਖਰੇ ਉਤਰਨਗੇ ਅਤੇ ਉਨ੍ਹਾਂ ਲੋਕਾਂ ਦਾ ਵਿਸ਼ਵਾਸ ਜਿੱਤਣ ਦਾ ਯਤਨ ਵੀ ਕੀਤਾ ਜਾਵੇਗਾ ਜਿਨ੍ਹਾਂ ਨੇ ਯੂ ਸੀ ਪੀ ਨੂੰ ਵੋਟ ਨਹੀਂ ਪਾਈ। ਅਲਬਰਟਾ ਇਲੈਕਸ਼ਨ ਦੀ ਵੈਬ ਸਾਈਟ ਉੱਪਰ ਇਹ ਨਤੀਜੇ ਅਣ-ਆਫੀਸੀਅਲ ਹਨ ,ਮੁਕੰਮਲ ਨਤੀਜੇ 8 ਜੂਨ 2023 ਤੱਕ ਆਉਣਗੇ

# ਸਾਊਥ ਏਸ਼ੀਅਨ ਕੈਨੇਡੀਅਨ ਐਸੋਸੀਏਸ਼ਨ ਨੇ ਵਿਸਾਖੀ ਦਾ ਤਿਉਹਾਰ ਮਨਾਇਆ


















ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)21 ਮਈ 2023 ਨੂੰ ਸਾਊਥ ਏਸ਼ੀਅਨ ਕੈਨੇਡੀਅਨ ਐਸੋਸੀਏਸ਼ਨ (ਸਾਕਾ) ਦੇ ਪ੍ਰਧਾਨ ਸੈਮ ਸਹੋਤਾ ਦੀ ਸਰਪ੍ਰਸਤੀ ਹੇਠ ਵਿਸਾਖੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਪਾਈਨਰਿੱਜ ਕਮਿਓਨਿਟੀ ਹਾਲ ਵਿੱਚ ਮਨਾਇਆ ਗਿਆ ।

ਪ੍ਰੋਗਰਾਮ ਦੀ ਸੁਰੂਆਤ ਰਾਸ਼ਟਰੀ ਗੀਤ ਓ ਕਨੇਡਾ ਬੋਪਾਰਾਏ ਬੇਟੀਆਂ ਦੇ ਗਾਉਣ ਨਾਲ ਅਤੇ ਭਾਰਤੀ ਰਾਸ਼ਟਰੀ ਗੀਤ ਦੇ ਗਾਉਣ ਨਾਲ ਸ਼ੁਰੂ ਕੀਤਾ ਗਿਆ । ਸਾਕਾ ਦੇ ਪ੍ਰਧਾਨ ਨੇ ਸਾਰਿਆਂ ਨੂੰ ਜੀ ਆਇਆਂ ਨੂੰ ਆਖਿਆ। ਜਗਦੀਸ਼ ਕੌਰ ਸਰੋਆ ਨੇ ਧਾਰਮਿਕ ਗੀਤ ਗਾਇਆ । ਗੁਰਦੀਸ਼ ਕੌਰ ਗਰੇਵਾਲ ਨੇ ਇੰਡੀਆ ਤੋ ਕਨੇਡਾ ਆਉਣ ਦੇ ਲਾਲਚ ਬਾਰੇ ਕਵਿਤਾ ਬੋਲੀ । ਡਾਕਟਰ ਬਲਵਿੰਦਰ ਕੌਰ ਬਰਾੜ ਨੇ ਖਾਲਸਾ ਸਾਜਨਾ ਦਿਨ ਬਾਰੇ ਬਹੁਤ ਹੀ ਥੋੜੇ ਸਮੇਂ ਅੰਦਰ ਵਿਸਤਾਂਰ ਪੂਰਵਕ ਜਾਣਕਾਰੀ ਸਾਂਝੀ ਕੀਤੀ। ਗਰਮੀਤ ਕੌਰ ਸਰਪਾਲ ਨੇ ਧਾਰਮਿਕ ਕਵਿਤਾ ਸੁਣਾਈ। ਰਾਇਲ ਵੋਮੈਨ ਸੁਸਾਇਟੀ ਵੱਲੋਂ ਵੱਲੋਂ ਤੱਤਪਰ ਖਾਲਸਾ ਦਾ ਖੂਬਸੂਰਤ ਦ੍ਰਿਸ਼ ਐਕਟਿੰਗ ਰਾਹੀਂ ਪੇਸ਼ ਕੀਤਾ ਗਿਆ। ਸਰਿੰਦਰ ਕੌਰ ਕੈਂਥ, ਜਰਨੈਲ ਸਿੰਘ ਤੱਗੜ, ਜਸਵੰਤ ਸਿੰਘ ਸੇਖੋਂ, ਬਲਵਿੰਦਰ ਸਿੰਘ ਵਿਰਦੀ, ਸੁਰਜੀਤ ਕੌਰ ਢਿੱਲੋ, ਬਲਵਿੰਦਰ ਸਿੰਘ ਤੂਰ, ਬਲਜੀਤ ਕੌਰ ਜੌਹਲ ਨੇ ਆਪਣੀਆਂ ਕਵਿਤਾਵਾਂ ਸੁਣਾ ਕੇ ਸਰੋਤਿਆਂ ਨੂੰ ਖੂਬ ਪ੍ਰਭਾਵਿਤ ਕੀਤਾ।ਸੁਰਿੰਦਰ ਕੌਰ ਸੰਧੂ ਨੇ ਪੈਂਤੀ ਦੇ ਅੱਖਰ ਊੜਾ ਆੜਾ ਤੋਂ ਲੈ ਕੇ ੜਾੜਾ ਤੱਕ ਕਵਿਤਾ ਰਾਹੀਂ ਅਜੋਕੀ ਮਨੁੱਖਤਾ ਦੇ ਅੰਦਰਲੇ ਵਿਚਾਰ ਪੇਸ਼ ਕੀਤੇ।ਪ੍ਰਭਲੀਨ ਕੌਰ ਚਾਹਲ ਅਤੇ ਸਹਿਜ ਕੌਰ ਸਰਾਂ ਨੇ ਡਾਂਸ ਕਰਕੇ ਕਮਾਲ ਕਰ ਦਿੱਤੀ ਗਈ। ਸਿਮਰਤ ਗਰੇਵਾਲ ਦਾ ਡਾਂਸ ਵੀ ਕੋਈ ਘੱਟ ਨਹੀਂ ਸੀ ਪਰ ਗੁਰਤੇਜ ਕੌਰ ਸਿੱਧੂ ਦੀ ਗਿੱਧੇ ਦੀ ਟੀਮ ਨੇ ਖੂਬ ਰੰਗ ਬੰਨ੍ਹਿਆ । ਐਕਸ ਸਰਵਿਸਮੈਨ ਇਮੀਗਰਾਂਟ, ਗਲੋਬਲ ਪ੍ਰਵਾਸੀ, ਅਰਪਨ ਲਿਖਾਰੀ ਸਭਾ, ਕੈਲਗਰੀ ਵੋਮੈਨ ਕਲਚਰਲ,ਰਾਇਲ ਵੋਮੈਨ,ਦਸਮੇਸ਼ ਕਲਚਰਲ, ਇੰਕਾ ਸੁਸਾਇਟੀ, ਇੰਡੋ ਕੈਨੇਡੀਅਨ ਐਸੋਸੀਏਸ਼ਨ ਵਰਗੀਆਂ ਸੰਸਥਾਵਾਂ ਨੇ ਸ਼ਮੂਲੀਅਤ ਕੀਤੀ। ਚਾਹ ਪਾਣੀ ਅਤੇ ਸ਼ਾਮ ਦੇ ਖਾਣੇ ਦਾ ਪੂਰਨ ਤੌਰ ਤੇ ਪ੍ਰਬੰਧ ਕੀਤਾ ਗਿਆ ਸੀ। ਹਰਦੀਪ ਸਿੰਘ ਸਿੱਧੂ ਅਤੇ ਮਹਿੰਦਰ ਸਿੰਘ ਮੁੰਡੀ ਨੇ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ।ਗੁਰਮੇਲ ਸਿੰਘ ਸੰਧੂ ਨੇ ਸਟੇਜ ਦਾ ਸੰਚਾਲਨ ਕੀਤਾ।




K3 GROUP & PUNJABI MELA
PRESENTS
Regina Punjabi Mela
HARBHAJAN MANN
The SATRANGI PEENGH
CANADA TOUR
ਗੀਤ
ਕਵੀਸ਼ਰੀ
ਕਲੀਆਂ
BABU SINGH MANN
GURSEWAK MANN
at
CONEXUS ARTS CENTRE
200 Lakeshore Dr, Regina, SK S4S 7L3
No Re-Entry
SUNDAY JUNE 18TH, 2023
Door Open at 6PM
Buy Your Tickets Online At:
www.conexusartscentre.ca/satrangi peengh
SCAN ME!
QR CODE COMING SOON
For Sponsor and more information please contact :
KIPAN DARI (306) 209-7571
JATINDER BRAR (306) 535-5555
SANDEEP SANDHU (306) 450-0591
KANWAL SHER (306) 561-0068


Human progress through education science and technology
Have Scientific Outlook
PROGRESSIVE CULTURAL ASSOCIATION CALGARY (REGD.)
ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ:)
ਪੇਸ਼ ਕਰਦਾ ਹੈ ਸਵ. ਸੋਹਣ ਮਾਨ ਯਾਦਗਾਰੀ 12ਵਾਂ ਸਲਾਨਾ ਅਗਾਂਹ-ਵਧੂ ਸੱਭਿਆਚਾਰਕ
ਦੋ ਰੋਜ਼ਾ ਨਾਟਕ ਸਮਾਗਮ
Red Stone Theatre, 5 Red Stone Heights NE
Calgary AB T3N 0T6
ਟਿਕਟ ਸਿਰਫ਼ 10 ਡਾਲਰ
June 17th 2023 (Saturday)
Timing: Gate Open 1:30PM Program Start: 2pm - 5pm
June 18th 2023 (Sunday)
Timing: Gate Open 4:30PM Program Start: 5pm - 8pm
(ਪਹਿਲਾ ਨਾਟਕ)
ਜਦੋਂ ਮੈਂ ਸਿਰਫ਼ ਔਰਤ ਹੁੰਦੀ ਹਾਂ
(ਭਾਰਤ-ਪਾਕਿ ਵੰਡ ਦੌਰਾਨ ਹੋਏ ਜ਼ੁਲਮਾਂ ਦੀ ਕਹਾਣੀ)
ਲੇਖਕ: ਪ੍ਰੋ. ਪਾਲੀ ਭੁਪਿੰਦਰ ਅਤੇ ਨਿਰਦੇਸ਼ਕ: ਹਰਕੇਸ਼ ਚੌਧਰੀ
ਬੱਚਿਆਂ ਦੀ ਟੀਮ ਵੱਲੋਂ ਦੋ ਕੋਰਿਓਗ੍ਰਾਫੀਆਂ ਦੀ ਪੇਸ਼ਕਾਰੀ ਹੋਵੇਗੀ
(ਦੂਜਾ ਨਾਟਕ)
ਕੈਨੇਡੀਅਨ ਸਮੱਸਿਆਵਾਂ ਬਾਰੇ
ਲੇਖਕ ਅਤੇ ਨਿਰਦੇਸ਼ਕ: ਹਰਕੇਸ਼ ਚੌਧਰੀ
ਸੋਹਣ ਮਾਨ
ਵਿਸ਼ੇਸ਼ ਸਨਮਾਨ
ਚੈਂਪੀਅਨਸ਼ਿਪ 'ਚ ਗੋਲਡ ਮੈਡਲ ਜਿੱਤਣ ਵਾਲੀ ਰੈਸਲਰ ਜੈਸਲੀਨ ਕੌਰ ਸਿੱਧੂ ਨੂੰ ਸਨਮਾਨਤ ਕੀਤਾ ਜਾਵੇਗਾ।
* ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਜੀਤ ਇੰਦਰ ਪਾਲ ਅਤੇ ਉਨ੍ਹਾਂ ਦੀ ਪਤਨੀ ਵਿਦਿਆ ਦੇਵੀ ਨੂੰ ਜਥੇਬੰਦੀ ਅਤੇ ਸਮਾਜ ਪ੍ਰਤੀ ਲੋਕ-ਪੱਖੀ ਸੇਵਾਵਾਂ ਲਈ ਸਨਮਾਨਿਤ ਕੀਤਾ ਜਾਵੇਗਾ।
: ਵਿਸ਼ੇਸ਼ ਸਹਿਯੋਗੀ :
Harcharan S. Parhar Real Estate Broker
Harpinder Sidhu Punjab Insurance
Baljinder Sangha Realtor
Sanjha Punjab Grocery Store 4 Locatons
Desjardins Insurance Paramjit Plaha
Punjabi Akhbar Harbans Buttar
Syndicate Transport Kuldeep Sandhu
Reliance Legal Group Taranjit Aujla
G Dhillon Prof. Corp. Gurjinder Dhillon
Modern Truck & Trailer Repair (Trucking Co.)
Sidhu Accounting Iqbal Sidhu
Desjardins Insurance Romi Sidhu
Sharma Accounting Solutions Inc. (Satinder Sharma)
Ok General Food Store
Highway Cleaning Services
Advance Auto Repair
Raghbir Basati (Realtor)
3C Car Care
India Palace Restaurant
Bains Vision Centre
Bhatia Cloth House
Harpreet Parmar (Accountant)
Hardeep Dhaliwal (Realtor)
Special Thanks to all Sponsors, Print & Electronic Media
ਨੋਟ: ਡਰਾਮੇ ਜਾਂ ਕੋਰੀਓਗਰਾਫ਼ੀ 'ਚ ਹਿੱਸਾ ਲੈਣ ਲਈ ਪ੍ਰਬੰਧਕਾਂ ਨਾਲ ਸੰਪਰਕ ਕਰੋ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਲੇਖਕ, ਨਿਰਦੇਸ਼ਕ ਤੇ ਅਦਾਕਾਰ ਸ੍ਰੀ ਹਰਕੇਸ਼ ਚੌਧਰੀ ਨਾਟਕਾਂ ਅਤੇ ਕੋਰੀਓਗਰਾਫ਼ੀ ਦੀ ਤਿਆਰੀ ਕਰਵਾਉਣਗੇ।
Master Bhajan Singh: 403-455-4220
Harcharan Parhar: 403-681-8689 Kamal Pandher: 403-479-4220
ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ:) ਦੀ ਕਾਰਜਕਾਰਨੀ ਕਮੇਟੀ
ਜਸਵਿੰਦਰ ਮਾਨ (ਪ੍ਰਧਾਨ) 587-892-9555
ਭਜਨ ਸਿੰਘ (ਸਕੱਤਰ) 403-455-4220
ਕਮਲਪ੍ਰੀਤ ਪੰਧੇਰ (ਵਿੱਤ ਸਕੱਤਰ) 403-479-4220
ਗੋਪਾਲ ਕਾਉਂਕੇ (ਡਾਇਰੈਕਟਰ) 403-970-3588
ਨਵਕਿਰਨ ਢੁੱਡੀਕੇ 403-402-0998
ਕੁਸਮ ਸ਼ਰਮਾ 403-966-3216
ਹਰੀਪਾਲ 403-714-4816
ਕਮਲ ਸਿੱਧੂ 403-966-7167
ਬਨਦੀਪ ਗਿੱਲ 587-834-7940
ਵਿਸ਼ੇਸ਼ ਸਹਿਯੋਗ: ਅਦਾਰਾ ਸਿੱਖ ਵਿਰਸਾ (ਮਾਸਿਕ ਮੈਗਜ਼ੀਨ)


SOUTH POINTE TOYOTA
2021 COROLLA
ONLY $58 A WEEK!
$0 DOWN! LE
2020 RAV4
ONLY $92 A WEEK!
$0 DOWN! LE AWD
FREE WINTER TIRES WITH PURCHASE
0% FINANCING AVAILABLE
FREE REMOTE STARTER WITH PURCHASE
RISHI MUKHERJEE NEW CAR SALES MANAGER
ZAK BHANJI NEW CAR SALES MANAGER
PREZ TIWANA NEW CAR PRODUCT ADVISOR
MINAZ RATANSHI NEW CAR PRODUCT ADVISOR
AFSHEEN HARJEE NEW CAR PRODUCT ADVISOR
MUHAMMAD YOUSAF NEW CAR PRODUCT ADVISOR
IT'S TIME TO TOYOTA
11150 35 ST SE CALGARY, AB
CALL US! 403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP

# ਐਡਮੰਟਨ ਵਿਖੇ ਸਾਲ 2023 ਦੌਰਾਨ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਕੱਢੇ ਕਏ ਨਗਰ ਕੀਰਤਨ ਦੀਆਂ ਕੁੱਝ ਝਲਕੀਆਂ


















Ambleton
A Qualico Community

ਕੈਲਗਰੀ ਦਾ ਨਵਾਂ ਉੱਤਰੀ ਏਰੀਆ

ਇਸਦੀ ਵਧੀ ਹੋਈ ਕੁਦਰਤੀ ਸੈਟਿੰਗ, ਵਿਲੱਖਣ ਥਾਂਵਾਂ ਅਤੇ ਦ੍ਰਿਸ਼ਾਂ ਦੇ ਨਾਲ, ਐਂਬਲਟਨ ਨਾਰਥ ਵੈਸਟ ਕੈਲਗਰੀ ਦੇ ਸਭ ਤੋਂ ਉੱਤਮ ਸਥਾਨਾਂ ਨੂੰ ਦਰਸਾਉਂਦਾ ਹੈ। ਖੇਡ ਖੇਤਰ, ਅਤੇ ਸਥਾਨਕ ਅਤੇ ਖੇਤਰੀ ਮਾਰਗ ਨੈੱਟਵਰਕ ਕਮਿਊਨਿਟੀ ਵਿੱਚ ਇੱਧਰ ਉੱਧਰ ਜਾਣ ਲਈ ਆਸਾਨ ਬਣਾਉਂਦੇ ਹਨ। ਐਂਬਲਟਨ ਕੋਲ ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ, ਅਤੇ ਭਵਿੱਖ ਦੀ ਹਾਈ ਸਕੂਲ ਸਾਈਟ ਦੇ ਨਾਲ-ਨਾਲ, ਉਹ ਸਭ ਕੁੱਝ ਹੈ ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ।

ਲੇਨਡ ਹੋਮ | ਫਰੰਟ ਗੈਰਾਜ ਹੋਮ

ਆਪਣੇ ਸੁਪਨਿਆਂ ਦਾ ਘਰ ਸਾਡੇ ਇੱਕ ਇਨਾਮ ਜੇਤੂ ਬਿਲਡਰ ਕੋਲੋਂ ਬਣਾਓ
· Shane Homes · Sterling Homes
· Trico Homes · Broadview Homes · Jayman Built

ਅਗਲੇ ਫੇਸ ਲਈ ਸਾਈਨ ਕਰੋ
liveinambleton.com
403-801-1340
customercare@qualicocommunities.com

160 ਏਕੜ | 1200+ ਘਰ | 7 ਫੇਸ | ਨਵੀਆਂ ਪਾਰਕਾਂ ਹੁਣ ਖੁੱਲ ਗਈਆਂ ਹਨ | ਹਾਈ ਸਕੂਲ ਭਵਿੱਖੀ ਯੋਜਨਾ

WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

**Delta-A Stucco Ltd.**
All Types of Stucco Work
Specialist in : Acrylic and Texture Acrylic
Quality Workmanship | Ajmer Garcha | Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


**Sunder Building Supplies Ltd.**
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco | Paper | Flashing | Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB

**ਡਰਾਇਵਰਾਂ ਦੀ ਲੋੜ ਹੈ**
RIG Group of Companies Inc.
GOLIATH TRACTOR SERVICE LTD. CALGARY, ALBERTA
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

# ਗੱਲ ਤਾਂ ਹੈ ਈ ਪਰਦੇ ਦੀ !

TWC
TIMELESS WINDOW COVERINGS

## ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !


## ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ





ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।





E Mail: Info@twcoverings.com
Web: www.twcoverings.com
Timelesswindowcoverings

ਕਾਲ: 403 953 1000

# ਰੀਜਾਇਨਾ ਵਿਖੇ ਸੱਤਵਾਂ ਖਾਲਸਾਈ ਜਨਮ ਦਿਹਾੜਾ ਨਗਰ ਕੀਰਤਨ ਦੇ ਰੂਪ ਵਿੱਚ ਮਨਾਇਆ ਗਿਆ




























ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਗੁਰਦੁਆਰਾ ਸਾਹਿਬ ਰੀਜਾਇਨਾ ਦੀ ਪ੍ਰਬੰਧਕੀ ਕਮੇਟੀ ਦੇ ਉਪਰਾਲੇ ਸਦਕਾ ਸੱਤਵਾਂ ਨਗਰ ਕੀਰਤਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਡਗਲਸ ਪਾਰਕ ਰੀਜਾਇਨਾ ਵਿਖੇ ਬੜੀ ਧੂਮਧਾਮ ਤੇ ਸ਼ਰਧਾ ਨਾਲ ਮਨਾਇਆ ਗਿਆ।ਗੁਰੂਦਵਾਰਾ ਸਾਹਿਬ ਤੋਂ ਚੱਲਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਡਗਲਸ ਪਾਰਕ ਪੁਜਿਆ ਜਿੱਥੇ ਮੁੱਖ ਸਟੇਜ ਉਪਰੋਂ ਪੰਥਕ ਬੁਲਾਰਿਆਂ ਅਤੇ ਰਾਜਨੀਤਕ ਲੀਡਰਾਂ ਨੇ ਵਿਸਾਖੀ ਦੀਆਂ ਵਧਾਈਆਂ ਦਿੱਤੀਆਂ। ਇਸ ਸਾਲ ਸੰਗਤਾਂ ਦੀ ਹਾਜ਼ਰੀ 13 ਤੋ 14 ਹਜ਼ਾਰ ਦੇ ਕਰੀਬ ਰਹੀ। ਨਾਲ ਲੱਗਦੇ ਸੂਬਿਆਂ ਮੈਨੀਟੋਬਾ ਅਤੇ ਅਲਬਰਟਾ ਤੋਂ ਵੀ ਸਿੱਖ ਸੰਗਤਾਂ ਉਚੇਚੇ ਤੌਰ ਤੇ ਪੁੱਜੀਆਂ ਹੋਈਆਂ ਸਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਖਾਲਸਾ ਸਾਜਨਾ ਦਿਵਸ ਮੌਕੇ ਸਨੇਹਾ ਲੈ ਕੇ ਪੁੱਜੇ ਕੈਲਗਰੀ ਸਕਾਈਵਿਊ ਦੇ ਮੈਂਬਰ ਪਾਰਲੀਮੈਂਟ ਜਾਰਜ ਚਾਹਲ ਨੇ ਸਿੱਖ ਸੰਗਤਾਂ ਨਾਲ ਸਾਂਝਾ ਕੀਤਾ। ਉਨ੍ਹਾਂ ਤੋਂ ਇਲਾਵਾ ਮੈਂਬਰ ਪਾਰਲੀਮੈਂਟ ਐਂਡ੍ਰਿਊ ਸ਼ੀਅਰ, ਅਤੇ ਹੋਰਨ ਮੈਂਬਰ ਪਾਰਲੀਮੈਂਟ ਵੱਡੀ ਗਿਣਤੀ ਵਿਚ ਪੁੱਜੇ ਹੋਏ ਸਨ। ਮੁਹੰਮਦ ਫੈਜ਼ ਐਮ ਐਲ ਏ ਅਤੇ ਸਿਟੀ ਕੌਂਸਿਲ ਦੇ ਮੈਂਬਰ ਵੀ ਹਾਜਿਰ ਰਹੇ।ਲਖਵਿੰਦਰਜੀਤ ਕੌਰ ਵੱਲੋਂ ਤਿਆਰ ਕੀਤੀ ਗਤਕਾ ਟੀਮ ਦੇ ਬੱਚਿਆਂ ਨੇ ਆਪਣੇ ਖਾਲਸਾਈ ਜੌਹਰ ਦਿਖਾਏ।ਸਿੱਖੀ ਪੁਸ਼ਾਕਾਂ ਪਾ ਕੇ ਘੋੜਿਆਂ ਤੇ ਤਿਆਰ ਹੋ ਕੇ ਕਨੇਡੀਅਨ ਗੋਰੀਆਂ ਬੀਬੀਆਂ ਵੱਲੋਂ ਹਾਜਰੀ ਸਭ ਦਾ ਧਿਆਨ ਕਿੱਚ ਰਹੀ ਸੀ। ਸਿੱਖ ਸੁਸਾਇਟੀ ਦੇ ਸਹਿਯੋਗ ਨਾਲ ਕਿਤਾਬਾਂ ਦਾ ਲੰਗਰ ਵੀ ਲਗਾਇਆ ਗਿਆ। ਤਕਰੀਬਨ ਵੱਖੋ ਵੱਖ ਖਾਨਿਆਂ ਦੀਆਂ 40 50 ਸਟਾਲਾਂ ਤੋਂ ਲੰਗਰ ਵਰਤਾਇਆ ਜਾ ਰਿਹਾ ਸੀ। ਗੁਰੂਘਰ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਸਰਦਾਰ ਮਨਮੀਤ ਸਿੰਘ ਵੱਲੋਂ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਿਭਾਈ ਗਈ।







